1/8

# ਸਹੁਰਾ ਘਰ

## ਤ੍ਰਲੋਕ ਸਿੰਘ ਵੈਦ

ਮੁਲ ੧।)॥


ਲਾਹੌਰ ਬੁੱਕ ਸ਼ਾਪ

ਲਾਹੌਰ

ਨਿਸਬਤ ਰੋਡ] [ਮੋਹਨ ਲਾਲ ਰੋਡ

ਅਤੇ

ਸ਼ਹੀਦ ਮਾਰਕੀਟ, ਅੰਮ੍ਰਿਤਸਰ

# ਸਹੁਰਾ ਘਰ

ਤ੍ਰਿਲੋਕ ਸਿੰਘ ਵੈਦ

ਲਾਹੌਰ ਬੁਕ ਸ਼ਾਪ,
ਨਿਸਬਤ ਰੋਡ, ਲਾਹੌਰ

ਬਰਾਂਚਾਂ :
ਅੰਮ੍ਰਿਤਸਰ : ਸ਼ਹੀਦ ਮਾਰਕੀਟ    ਲਾਹੌਰ : ਮੋਹਨ ਲਾਲ ਰੋਡ

ਪ੍ਰਕਾਸ਼ਕ : ਸ: ਜੀਵਨ ਸਿੰਘ ਐਮ. ਏ.
ਮਾਲਕ ਲਾਹੌਰ ਬੁਕ ਸ਼ਾਪ,
ਨਿਸਬਤ ਰੋਡ, ਲਾਹੌਰ.

ਪੰਜਵੀਂ ਵਾਰ
ਦਸੰਬਰ ੧੯੪੪

ਪ੍ਰਿੰਟਰ : ਪੰ: ਧਰਮ ਚੰਦ ਭਾਰਗੋ, ਬੀ. ਐਸ-ਸੀ.
ਅੰਮ੍ਰਿਤ ਇਲੈਕਟ੍ਰਿਕ ਪ੍ਰੈਸ,
ਰੇਲਵੇ ਰੋਡ, ਲਾਹੌਰ.

# ਮੁਖ-ਬੰਧ

"ਸਹੁਰਾ ਘਰ" ਮੈਨੂੰ ਪ੍ਰੋਫੈਸਰ ਕੇਸਰਲਿੰਗ ਦੀ ਵਿਆਹ ਸੰਬੰਧੀ ਇਕ ਦਿਲਚਸਪ ਪੁਸਤਕ ਦੀ ਯਾਦ ਕਰਉਂਦੀ ਹੈ। ਵਿਆਹਿਤ ਜੀਵਨ ਨੂੰ ਸੁਖੀ ਤੇ ਖੁਸ਼ਹਾਲ ਬਨਾਉਣ ਲਈ ਲੇਖਕ ਨੇ ਬਹੁਤ ਚੰਗਾ ਲਿਖਿਆ ਹੈ। ਜੋੜੀ ਦੇ ਇਕ ਹਿੱਸੇਦਾਰ ਨੂੰ ਆਪਾ-ਵਾਰਨ ਤੇ ਬਹੁਤ ਜ਼ੋਰ ਦਿਤਾ ਹੈ, ਜੋ ਕਿ ਇਕ ਬੜੀ ਜ਼ਰੂਰੀ ਲੋੜ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਆਜ਼ਾਦੀ ਲਹਿਰ ਅੰਤ ਨੂੰ ਇਸ ਗੱਲ ਨੂੰ ਮੰਨੇਗੀ—ਜਿਹਾ ਕਿ ਮਨੁੱਖੀ-ਜੀਵਨ-ਯੁਧ ਦੇ ਹੋਰ ਮੈਦਾਨਾਂ ਵਿਚ ਮੰਨਿਆ ਗਿਆ ਹੈ—ਕਿ ਆਜ਼ਾਦੀ ਲਈ ਸਭ ਤੋਂ ਵੱਧ ਬਚਾਉ ਦੇ ਸਾਧਨ ਅਸਥਾਪਨ ਹੋਏ ਰਸਮਾਂ-ਰਵਾਜਾਂ ਤੇ ਕਾਨੂੰਨਾਂ ਤੇ ਚਲਨਾ ਹੈ।

ਸੱਚੀ ਗੱਲ ਇਹ ਹੈ ਕਿ ਕੇਵਲ ਓਹੋ ਹੀ ਆਜ਼ਾਦੀ ਦੀ ਸਪਿਰਟ ਅਤੇ ਵਿਆਹ ਦੀਆਂ ਖੁਸ਼ੀਆਂ ਨੂੰ ਸਮਝ ਸਕਦੇ ਹਨ, ਜੋ ਕੁਰਬਾਨੀ ਦੀ ਸਪਿਰਟ ਨੂੰ ਜਾਣਦੇ ਹਨ। ਹਉਮੈ ਦੇ ਗੁਲਾਮ ਪਏ ਭੁੜਕਣ, ਪਰ ਉਨ੍ਹਾਂ ਦਾ ਭੁੜਕਣਾ ਉਨ੍ਹਾਂ ਦੇ ਗੁਲਾਮੀ ਦੇ ਸੰਗਲਾਂ ਨੂੰ ਹੋਰ ਪਕਿਆਂ ਕਰੇਗਾ।

(ਸਰ ਸ੍ਰਦਾਰ ਜੋਗਿੰਦਰਾ ਸਿੰਘ ਜੀ)

੧ ੴ ਵਾਹਿਗੁਰੂ ਜੀ ਕੀ ਫਤਹਿ ॥

# ਜਾਣ ਪਛਾਣ

ਹਿੰਦ ਵਿਚ ਕਦੇ ਇਸਤ੍ਰੀ ਜਾਤੀ ਖੁੱਲ ਰਖਦੀ ਸੀ। ਜਦੋਂ ਆਰਯ ਵਡਿਕੇ ਅਟਕੋਂ ਉਤਰ ਆਏ ਤਾਂ ਟੋਹਾਂ ਲਗਦੀਆਂ ਹਨ ਕਿ ਇਸਤ੍ਰੀ ਜਾਤੀ ਮਰਦ ਦੀ ਮੋਢੀਵਾਲ ਸੀ। ਜਦੋਂ ਐਸ਼ਵਰਦ ਤੇ ਵਿਦਿਆ ਵਧੀ ਤਦੋਂ ਭੀ ਚੋਟੀ ਦੀਆਂ ਵਿਦਵਾਨ ਤੇ ਸਭ੍ਯ ਇਸਤ੍ਰੀਆਂ ਦੇ ਹਾਲਾਤ ਸਾਹਿੱਤ੍ਯ ਵਿਚ ਮਿਲਦੇ ਹਨ, ਪ੍ਰੰਤੂ ਉਸ ਯਾ ਉਸ ਤੋਂ ਕੁਝ ਮਗਰਲੇ ਸਮੇਂ ਦੇ ਧਰਮ ਕਰਮ ਸ਼ਾਸਤ੍ਰਕਾਰ ਇਸਤ੍ਰੀ ਨੂੰ ਸ਼ੂਦ੍ਰ ਦਾ ਦਰਜਾ ਦੇਂਦੇ ਹਨ ਤੇ ਧਰਮ ਕਰਮ ਵਲੋਂ ਇਸਨੂੰ ਵੰਚਤਿ ਕਰਦੇ ਹਨ ਤੇ ਵੇਦ ਪੜ੍ਹਨ ਸੁਣਨ ਦੇ ਅਧਿਕਾਰ ਤੋਂ ਵਾਂਜਦੇ ਹਨ। ਫਿਰ ਬਦੇਸ਼ੀ ਹਮਲਾ-ਆਵਰਾਂ ਦੇ ਹਮਲਿਆਂ ਸਮੇਂ ਜੋ ਅਬਤਰੀ ਫੈਲੀ ਸੋ ਦੇਸ਼ ਨੂੰ ਸੁਤੰਤਰ ਖਿਆਲੀ, ਵਿਦਿਆ ਤੇ ਸਭ ਗੁਣਾਂ ਤੋਂ ਨੀਵਿਆਂ ਕਰ ਗਈ ਤੇ ਸਭ ਤੋਂ ਵ੍ਰਧ ਨਿਵਾਣ ਇਸਤ੍ਰੀ ਦੇ ਹਿੱਸੇ ਆਇਆ।

ਆਖਰ ਆਏ ਅਵਤਾਰ ਸ਼ਿਰੋਮਣਿ ਸ੍ਰੀ ਗੁਰੂ ਨਾਨਕ ਦੇਵ ਜੀ ਜਿਨ੍ਹਾਂ ਨੇ ਇਸਤ੍ਰੀ ਜਾਤੀ ਦੀ ਹੀਨ ਦਸ਼ਾ ਨੂੰ ਉੱਚਾ ਕੀਤਾ। ਇਸ ਨੂੰ ਵਿਦਿਆ ਪ੍ਰਾਪਤੀ ਦੀ ਤੇ ਧਰਮਗ੍ਰੰਥ ਸੁਣਨ ਪੜ੍ਹਨ ਦੀ ਸਤੰਰਤਤਾ ਦਿੱਤੀ ਤੇ ਸਤਿਸੰਗ ਵਿਚ ਟਿਕਾਣਾ ਦਿਤਾ। ਇਸਦਾ ਅਸਰ ਆਲੇ ਦੁਆਲੇ ਭੀ ਪਿਆ। ਸਿੱਖਾਂ ਵਿਚ ਤਾਂ ਇਸ ਦਾ ਅਸਰ ਜਾਰੀ ਰਿਹਾ, ਪਰ ਆਲੇ ਦੁਆਲੇ ਭੀ ਜੋ ਅਸਰ ਪਿਆ ਸੀ ਘਟਣ ਲਗ ਗਿਆ ਤੇ ਪੁਰਾਣੇ ਖਿਆਲ ਤੇ ਚੁਗਿਰਦੇ ਦੇ ਹਾਲਾਤ ਆਪਣਾ ਪ੍ਰਭਾਵ ਪਾਉਂਦੇ ਰਹੇ। ਫਿਰ ਪੱਛਮੀ ਵਿਦਿਆ ਦੇ ਆਉਣ ਤੋਂ ਇਸ ਪਾਸੇ ਵੱਲ ਧਿਆਨ ਪੈਣਾ ਅਰੰਭ ਹੋਇਆ, ਪਰ ਬਾਵਜੂਦ ਕਾਫ਼ੀ

ਸਮਾਂ ਲੰਘ ਜਾਣ ਦੇ ਕਾਫ਼ੀ ਸੁਧਾਰ ਨਹੀਂ ਹੋਇਆ। ਇਸਤ੍ਰੀ ਸੁਧਾਰ ਵਿਚ ਸਿੱਖਾਂ ਵਿਚ ਸਭ ਤੋਂ ਵੱਡਾ ਕੰਮ ਭਾਈ ਤਖ਼ਤ ਸਿੰਘ ਜੀ ਫ਼ੀਰੋਜ਼ਪੁਰੀ ਨੇ ਕੀਤਾ ਅਤੇ ਖਾਲਸਾ ਟ੍ਰੈਕਟ ਸੁਸਾਇਟੀ, ਸਿਖ ਅਖਬਾਰਾਂ ਤੇ ਸਿਖ ਐਜੂਕੇਸ਼ਨਲ ਕਾਨਫ੍ਰੰਕਸ ਤੇ ਜਗ੍ਹਾ ਜਗ੍ਹਾ ਤੇ ਖੁਲ ਗਏ ਗਰਲ ਸਕੂਲਾਂ ਨੇ ਕੀਤਾ। ਪਰ ਇਸ ਪਾਸੇ ਵਾਲ ਅਜੇ ਐਸੇ ਸਾਹਿਤਯ ਦੀ ਬੜੀ ਲੋੜ ਹੈ ਕਿ ਜਿਸ ਨਾਲ ਇਸਤ੍ਰੀਆਂ ਦੇ ਉਸ ਹਿੱਸੇ ਦਾ ਭੀ ਸੁਧਾਰ ਹੋਵੇ, ਜੋ ਸਕੂਲਾਂ ਤੋਂ ਲਾਭ ਨਹੀਂ ਲੈ ਸਕੀਆਂ। ਭਾਈ ਮੋਹਨ ਸਿੰਘ ਜੀ ਵੈਦ ਨੇ ਇਸ ਲੋੜ ਦੇ ਪੂਰਾ ਕਰਨ ਵਾਸਤੇ ਮੁਦਤ ਤੋਂ ਬਹੁਤ ਲਿਟਰੇਚਰ ਲਿਖੀ ਤੇ ਨੰਗੇ ਧੜ ਲੜ ਕੇ ਸ੍ਵੈ-ਖਰਚ ਨਾਲ ਪ੍ਰਚਾਰੀ ਹੈ। ਵਧਾਈ ਦੀ ਗਲ ਹੈ ਕਿ ਉਨ੍ਹਾਂ ਦੇ ਸਾਹਿਬਜ਼ਾਦੇ ਇਸ ਮੈਦਾਨ ਵਿਚ ਸੇਵਾ ਕਰਨ ਲਈ ਨਿੱਤਰੇ ਹਨ। ਪਿਤਾ ਦੇ ਨਕਸ਼ੇ-ਕਦਮ ਤੇ ਪੁੱਤਰ ਚਲੇ, ਇਹ ਇਕ ਸੁਭਾਗ ਹੈ, ਜਿਸਦੀ ਯਾਚਨਾ ਸ੍ਰੇਸ਼ਟ ਪੁਰਖ ਸਦਾ ਕਰਦੇ ਰਹੇ ਹਨ। ਜਿਥੇ ਏਹ ਪ੍ਰਾਪਤ ਹੋਵੇ, ਓਥੇ ਬੜੇ ਸੁਖ ਦਾ ਨਿਵਾਸ ਹੁੰਦਾ ਹੈ।

ਇਹ ਪੁਸਤਕ 'ਸਹੁਰਾ ਘਰ' ਜੋ ਆਪ ਦੇ ਹੱਥ ਵਿਚ ਹੈ ਬ੍ਰਖੁਰਦਾਰ ਤ੍ਰਿਲੋਕ ਸਿੰਘ ਸਪੁਤ੍ਰ ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ ਨੇ ਲਿਖੀ ਹੈ। ਇਸ ਵਿਚ ਆਪ ਨੇ ਇਹ ਯਤਨ ਕੀਤਾ ਹੈ ਕਿ ਬੀਬੀਆਂ ਕਿਵੇਂ ਇਸ ਪੁਸਤਕ ਮਾਤ੍ਰ ਦੇ ਪੜ੍ਹਨ ਤੋਂ ਇਸ ਲਾਇਕ ਹੋ ਜਾਣ ਕਿ ਘਰ ਵਿਚ ਭਾਈਚਾਰਕ ਤੇ ਸ੍ਰੇਸ਼ਟਾਚਾਰ ਦਾ ਸੁਧਾਰ ਆਪੇ ਕਰਕੇ ਸੁਖੀ ਹੋ ਜਾਣ ਤੇ ਨਾਲ ਹੀ ਆਪਣੀ ਤੇ ਆਪਣੇ ਪ੍ਰਵਾਰ ਦੀ ਅਰੋਗਤਾ ਨੂੰ ਭੀ ਕਾਇਮ ਰਖ ਸੱਕਣ। ਇਹ ਪੁਸਤਕ ਜੇ ਇਸਤ੍ਰੀਆਂ ਘਰਾਂ ਵਿਚ ਪੜ੍ਹਨ ਤਾਂ ਬੜੀ ਉਪਕਾਰੀ ਹੈ ਤੇ ਜੇ ਇਹ ਸਕੂਲਾਂ ਵਿਚ ਪੜ੍ਹਾਈ ਜਾ ਸਕੇ ਤਾਂ ਭੀ ਲਾਭਕਾਰੀ ਹੈ।

ਲੇਖਕ ਜੀ ਨੇ ਇਸਦੇ ਤ੍ਰੈ ਭਾਗ ਕੀਤੇ ਹਨ। ਪਹਿਲੇ ਵਿਚ ਵਿਆਹ ਕੀ ਵਸਤੂ ਹੈ ਇਸ ਦਾ ਆਦਰਸ਼ ਕੀ ਹੈ? ਸੁਖੈਨ ਤ੍ਰੀਕੇ

ਨਾਲ ਨਿਰੂਪਣ ਕੀਤਾ ਹੈ। ਇਸਤ੍ਰੀਆਂ ਤੇ ਪੁਰਸ਼ ਦੇ ਦਿਲ, ਦਿਲਾਂ ਦੇ ਮਿਲਣ ਦੇ ਭਾਵ ਤੇ ਸੁਖਦਾਈ ਦੰਪਤੀ ਜੀਵਨ ਪਰ ਚਾਨਣਾ ਪਾਇਆ ਹੈ। *ਦੂਜਾ ਭਾਗ ਸਹੁਰੇ ਘਰ ਵਿਚ ਬੀਬੀ ਦੇ ਮਾਤਾ ਹੋਣ ਤੇ ਮਾਤਾ ਹੋਕੇ ਸੁਖ ਪ੍ਰਾਪਤ ਕਰਨ ਦੇ ਢੰਗ ਤੇ ਸੁਖ ਦੇਣ ਦੀਆਂ ਵਿਉਂਤਾਂ ਦੇ ਵੇਰਵੇ ਦਿੱਤੇ ਹਨ। ਤੀਸਰੇ*ਵਿਚ ਆਪਣੇ ਘਰਾਂ ਵਿਚ ਆ ਪਏ ਰੋਗਾਂ ਦੀਆਂ ਸਹਿਲ ਤਦਬੀਰਾਂ ਦਸੀਆਂ ਹਨ ਤੇ ਐਸੇ ਇਲਾਜ ਦੱਸੇ ਹਨ ਜੋ ਸੁਖੈਨਤਾ ਨਾਲ ਬੀਬੀਆਂ ਆਪ ਕਰ ਸਕਣ। ਅਕਸਰ ਅਹੁਰਾਂ ਘਰਾਂ ਵਿਚ ਨਿੱਕੇ ੨ ਕਾਰਨਾਂ ਤੋਂ ਅਰੰਭ ਹੁੰਦੀਆਂ ਹਨ ਤੇ ਸ਼ੁਰੂ ਵਿਚ ਸਾਧਾਰਨ ਹੁੰਦੀਆਂ ਹਨ। ਜੇ ਇਸਤ੍ਰੀ ਆਪ ਉਨ੍ਹਾਂ ਦੀ ਸੋਝ ਰਖਦੀ ਹੋਵੇ ਤਾਂ ਵਕਤ ਸਿਰ ਦੇ ਪ੍ਰਬੰਧ ਨਾਲ ਉਨ੍ਹਾਂ ਦਾ ਵਧਣਾ ਤੇ ਭਿਆਨਕ ਹੋਣਾ ਰੁਕ ਜਾਂਦਾ ਹੈ। ਐਸੀ ਵਾਕਫੀ ਕਿ ਜਿਸ ਨਾਲ ਬੀਬੀਆਂ ਆਪ ਮੁੱਢਲਾ ਪ੍ਰਬੰਧ ਕਰ ਲੈਣ ਬੜੀ ਜ਼ਰੂਰੀ ਸ਼ੈ ਹੈ। ਇਸ ਤਰ੍ਹਾਂ ਦੀ ਵਾਕਫੀ ਡਾਕਟਰਾਂ ਹਕੀਮਾਂ ਦੇ ਇਲਾਜ ਵੇਲੇ ਉਨ੍ਹਾਂ ਦੀ ਆਗਿਆ ਪਾਲਨ ਵਿਚ ਭੀ ਬੀਬੀਆਂ ਨੂੰ ਵਧੇਰੇ ਸੁਖਦਾਈ ਹੁੰਦੀ ਹੈ। ਇਸ ਵਿਚ ਰੋਗਾਂ ਦਾ ਇਲਾਜ ਤੇ ਦਿੱਤਾ ਵੇਰਵਾ ਇਸ ਵਿਸ਼ੇ ਤੇ ਇਕ ਬੜੀ ਲੋੜੀਂਦੀ ਵਸਤੂ ਹੈ।

ਲਾਇਕ ਲੇਖਕ ਜੀ ਦੀ ਇਸ ਹਿੰਮਤ ਤੇ ਮਿਹਨਤ ਦੀ ਕਦਰ ਕਰਨੀ ਤੇ ਲਾਭ ਉਠਾਉਣਾ ਹੁਣ ਪਾਠਕਾਂ ਦਾ ਤੇ ਸਰਬ ਸਾਧਾਰਨ ਦਾ ਕੰਮ ਹੈ। ਜਿਸ ਨਾਲ ਉਨ੍ਹਾਂ ਨੂੰ ਲਾਭ ਪਹੁੰਚਦਾ ਤੇ ਲੇਖਕ ਜੀ ਦੀ ਮਿਹਨਤ ਸਫਲ ਹੁੰਦੀ ਹੈ। ਤੇ ਇਹ ਸਭ ਤੋਂ ਚੰਗੀ ਪਬਲਿਕ ਵਲੋਂ ਆਪ ਦੀ ਮਹਿਮਾ ਇਹ ਹੋਵੇਗੀ ਕਿ ਸਭ ਸੱਜਣ ਇਸ ਨੂੰ ਪੜ੍ਹਨ ਤੇ ਇਸਦਾ ਪ੍ਰਚਾਰ ਕਰਨ ਜੋ ਇਸਦੇ ਲਾਭ ਪੁਜਣ ਦਾ ਦਾਇਰਾ ਵਡੇਰਾ ਹੋਵੇ। [ਭਾਈ ਸਾਹਿਬ ਭਾਈ ਵੀਰ ਸਿੰਘ ਜੀ

* ਇਹ ਦੋਵੇਂ(ਦੂਜਾ ਤੇ ਤੀਸਰਾ)ਭਾਗ 'ਮਾਂ ਤੇ ਬੱਚਾ' ਨਾਮੀ ਪੁਸਤਕ ਵਿਚ ਅੱਡ ਪ੍ਰਕਾਸ਼ਤ ਕੀਤੇ ਗਏ ਹਨ।

# ਭੂਮਿਕਾ

ਅਜ ਕਲ ਉੱਨਤੀ ਤੇ ਸੁਧਾਰ ਦਾ ਸਮਾਂ ਹੈ। ਦੇਸ਼ ਵਿਚ ਹਰ ਪਾਸੇ ਉੱਨਤੀ ਵਾਸਤੇ ਹੀ ਯਤਨ ਹੋ ਰਹੇ ਸਨ। ਪਰ ਸੰਸਾਰ ਦੇ ਉੱਨਤ ਦੇਸ਼ਾਂ ਵਲ ਨਿਗ੍ਹਾ ਮਾਰੀਏ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਦੇਸ਼ਾਂ ਦੀ ਉੱਨਤੀ ਕੇਵਲ ਲਾਇਕ ਮਾਵਾਂ ਦੀ ਬਰਕਤ ਨਾਲ ਹੀ ਹੋਈ ਹੋਈ ਹੈ।

ਜਦ ਤਕ ਇਸਤ੍ਰੀ ਨੂੰ ਯੋਗ ਨ ਬਣਾਇਆ ਜਾਵੇ ਤਦ ਤਕ ਉੱਨਤੀ ਦੀ ਪੂਰੀ ਆਸ ਕਦੇ ਭੀ ਨਹੀਂ ਹੋ ਸਕਦੀ ਤੇ ਨਾ ਹੀ ਘਰੋਗਾ ਸੁਖ ਪੂਰੀ ਤਰ੍ਹਾਂ ਪ੍ਰਾਪਤ ਹੋ ਸਕਦਾ ਹੈ, ਜਿਸ ਨਾਲ ਕਿ ਹਰ ਤਰ੍ਹਾਂ ਦੀ ਉੱਨਤੀ ਦਾ ਪੂਰਾ ਪੂਰਾ ਯਤਨ ਕੀਤਾ ਜਾ ਸਕਦਾ ਹੈ। ਹਰ ਇਕ ਲੜਕੀ (ਜਿਸਨੇ ਕੁਝ ਸਮਾਂ ਪਾਕੇ ਮਾਂ ਹੀ ਬਣਨਾ ਹੈ) ਨੇ ਇਕ ਦਿਨ ਦੂਸਰੇ ਘਰ ਜਾਣਾ ਹੈ। ਇਸ ਲਈ ਹਰ ਇਕ ਲੜਕੀ ਲਈ ਜ਼ਰੂਰੀ ਹੈ ਕਿ ਉਹ ਮਾਪਿਆਂ ਦੇ ਘਰ ਹੀ ਆਪਣੇ ਆਪ ਨੂੰ ਸਹੁਰੇ ਘਰ ਦੇ ਯੋਗ ਬਣਾ ਲਵੇ।

ਜਿਹੜੇ ਮਾਪੇ ਲੜਕੀਆਂ ਨੂੰ ਅਯੋਗ ਲਾਡ ਪਿਆਰ ਵਿਕ ਰਖਕੇ ਅਲ੍ਹੜ ਬਣਾਈ ਰਖਦੇ ਹਨ, ਉਨ੍ਹਾਂ ਦੀਆਂ ਲੜਕੀਆਂ ਬਹੁਤ ਕਰਕੇ ਦੁਖੀ ਹੀ ਦੇਖਣ ਵਿਚ ਆਉਂਦੀਆਂ ਹਨ। ਸ਼ਹਿਰਾਂ ਵਿਚਾਂ ਜ਼ਰਾ ਭੀ ਅਲ੍ਹੜ ਪੁਣੇ ਕਾਰਨ ਖਟ-ਪਟੀ ਹੁੰਦੇ ਸਾਰ ਵਿਚਾਰੀਆਂ ਨੂੰ ਮਾਪਿਆਂ ਦੇ ਬੂਹੇ ਰੁਲਣਾ ਪੈਂਦਾ ਹੈ। ਇਸ ਲਈ ਲੜਕੀਆਂ ਨੂੰ ਸਹੁਰੇ ਘਰ ਭੇਜਣ ਤੋਂ ਪਹਿਲੇ ਮਾਪਿਆਂ ਦਾ ਫ਼ਰਜ਼ ਹੈ ਕਿ ਉਹ ਲੜਕੀਆਂ ਨੂੰ ਦੂਸਰੇ(ਸਹੁਰੇ)ਘਰ ਲਈ ਹਰ ਤਰ੍ਹਾਂ ਯੋਗ ਬਨਾਣ ਲਈ ਪੂਰਾ ੨ ਯਤਨ ਕਰਨ, ਜਿਸਤੋਂ ਮਾਪੇ ਸਹੁਰੇ ਤੇ ਇਸਤ੍ਰੀ ਭਰਤਾ ਸੁਖ ਸੁਖੀ ਰਹਿਣ। ਘਰੋਗੀ ਜੀਵਨ ਦੇ ਬਨਾਣ ਵਿਚ ਇਸਤ੍ਰੀ ਦਾ ਹਥ ਹੀ ਪ੍ਰਧਾਨ ਹੈ। ਜਿੰਨੇ ਵਡੇ ਆਦਮੀ ਸੰਸਾਰ ਵਿਚ ਹੋਏ ਹਨ ਸਾਰਿਆਂ

ਨੇ ਵਡਿਆਈ ਪ੍ਰਾਪਤ ਕਰਨ ਦੇ ਗੁਣ ਮਾਤਾ ਦੇ ਦੁਧ ਤੋਂ ਹੀ ਪ੍ਰਾਪਤ ਕੀਤੇ ਹਨ ।

ਸੰਸਾਰ ਵਿਚ ਅਜਿਹੇ ਦ੍ਰਿਸ਼ਟਾਂਤ ਬਹੁਤ ਸਾਰੇ ਦਿਸਣਗੇ ਜਿਥੇ ਪਿਤਾ ਦੇ ਅਯੋਗ ਹੋਣ ਪਰ ਭੀ ਮਾਤਾ ਦੀ ਯੋਗਤਾ ਨਾਲ ਸੰਤਾਨ ਉੱਤਮ ਹੋਈ ਹੈ। ਪਰ ਅਲ੍ਹੜ ਤੇ ਬੇ-ਸਮਝ ਮਾਵਾਂ ਦੀ ਸੰਤਾਨ ਲਾਇਕ ਪਿਤਾ ਦਵਾਰਾ ਉਤਮ ਹੋਣ ਦੇ ਦ੍ਰਿਸ਼ਟਾਂਤ ਬਹੁਤ ਘਟ ਮਿਲਣਗੇ ।

ਜਿਸ ਘਰ ਵਿਚ ਇਸਤ੍ਰੀ ਸੁਘੜ, ਸੁਚੱਜੀ ਪੜ੍ਹੀ ਲਿਖੀ ਸਦਾਚਾਰ ਤੇ ਮਿੱਠੇ ਸੁਭਾ ਵਾਲੀ ਹੋਵੇ ਉਹ ਗਰੀਬ ਘਰ ਭੀ ਸ੍ਵਰਗ ਦਾ ਨਮੂਨਾ ਹੈ। ਇਸ ਦੇ ਉਲਟ ਜਿਸ ਘਰ ਵਿਚ ਇਸਤ੍ਰੀ ਭੈੜੇ ਸੁਭਾਵ ਦੀ, ਬੇਸਮਝ, ਕੁਚੱਜੀ ਤੇ ਅਲ੍ਹੜ ਹੋਵੇ ਉਹ—ਭਾਵੇਂ ਲਖ-ਪਤੀ ਦਾ ਘਰ ਭੀ ਹੋਵੇ ਤਾਂ ਭੀ ਨਰਕ ਹੈ। ਇਸ ਲਈ ਸੁਖ ਸ਼ਾਂਤੀ ਲਈ ਘਰ ਨੂੰ ਨਰਕ ਸ੍ਵਰਗ ਬਨਾਉਣਾ ਇਸਤ੍ਰੀ ਦਾ ਹੀ ਕੰਮ ਹੈ।

ਪੁਤਰਾਂ ਦੀ ਯੋਗਤਾ, ਧੀਆਂ ਦੀ ਯੋਗਤਾ ਵਧਾਣ ਲਈ ਸਹਾਇਤਾ ਨਹੀਂ ਦੇ ਸਕਦੀ। ਜਿੰਨੀ ਕਿ ਧੀਆਂ ਦੀ ਯੋਗਤਾ, ਪੁਤਰਾਂ ਦੀ ਯੋਗਤਾ, ਵਧਾਣ ਲਈ ਦੇ ਸਕਦੀ ਹੈ। ਇਸ ਲਈ ਘਰੋਗੀ ਸਿਖਿਆ ਦਵਾਰਾ ਲੜਕੀਆਂ ਨੂੰ ਪੂਰੀ ਤਰ੍ਹਾਂ ਸਿਖਿਆ ਦੇਣੀ ਚਾਹੀਦੀ ਹੈ।

ਇਨ੍ਹਾਂ ਵਿਚਾਰਾਂ ਨੂੰ ਮੁਖ ਰਖਦਿਆਂ ਹੋਇਆਂ ਹੀ ਇਹ ਪੁਸਤਕ ਲਿਖੀ ਹੈ । ਇਸ ਪੁਸਤਕ ਵਿਚ ਇਹ ਦਸਣ ਦਾ ਯਤਨ ਕੀਤਾ ਗਿਆ ਹੈ ਕਿ ਲੜਕੀਆਂ ਸਹੁਰੇ ਘਰ ਜਾ ਕੇ—ਪਤੀ ਅਥਵਾ ਉਸ ਦੇ ਹੋਰ ਸੰਬੰਧੀਆਂ ਨੂੰ ਸੁਖੀ ਕਰਕੇ ਕਿਵੇਂ ਕੌਮ ਤੇ ਦੇਸ਼ ਉੱਨਤ ਕਰਨ ਲਈ ਸਾਧਨ ਕਰਦੀਆਂ ਹੋਇਆਂ ਆਪ ਭੀ ਹਰ ਤਰ੍ਹਾਂ ਸੁਖੀ ਹੋ ਸਕਦੀਆਂ ਹਨ ।

ਤ੍ਰਿਲੋਕ ਸਿੰਘ ਵੈਦ

"ਇਸਤ੍ਰੀ ਦਾ ਅਸਲੀ ਜੀਵਨ ਸਹੁਰੇ ਘਰ ਹੁੰਦਾ ਹੈ, ਜਿਸਨੂੰ ਅਮਲੀ ਤੌਰ ਤੇ ਸੁਖਦਾਈ ਬਨਾਉਣ ਲਈ ਏਹ ਹਰ ਤਰ੍ਹਾਂ ਮੁਕੰਮਲ ਤੇ ਪੂਰੀ ਹੈ........।"

(ਪ੍ਰਭਾਤ)

"...ਇਸ ਵਿਚ ਵਿਸਥਾਰ ਸਹਿਤ ਉਹ ਗਲਾਂ ਦਰਜ ਹਨ, ਜੋ ਹਰ ਇਕ ਬੀਬੀ ਨੂੰ ਸਹੁਰੇ ਘਰ ਜਾਣ ਤੋਂ ਪਹਿਲਾਂ ਸਿਖਣੀਆਂ ਜ਼ਰੂਰੀ ਹਨ.........।"

(ਅਕਾਲੀ ਪਤ੍ਰਿਕਾ)

ਪੇਈਅੜੈ ਸਹੁ ਸੇਵਿ ਤੂੰ
ਸਾਹੁਰੜੈ ਸੁਖਿ ਵਸੁ

"ਮੇਰਾ ਵੱਸ ਚੱਲੇ ਤਾਂ ਅਜ ਕੱਲ ਸਕੂਲਾਂ ਵਿਚ ਜੋ ਪੁਸਤਕਾਂ ਪੜ੍ਹਾਈਆਂ ਜਾਂਦੀਆਂ ਹਨ, ਉਨ੍ਹਾਂ ਵਿਚੋਂ ਬਹੁਤ ਸਾਰੀਆਂ ਨੂੰ ਮੈਂ ਬੰਦ ਕਰ ਦੇਵਾਂ ਅਤੇ ਅਜਿਹੀਆਂ ਪੁਸਤਕਾਂ ਲਿਖਾਵਾਂ ਜਿਨ੍ਹਾਂ ਦਾ ਘਰੋਗੇ ਜੀਵਨ ਨਾਲ ਨੇੜੇ ਦਾ ਸੰਬੰਧ ਹੈ।"

(ਮਹਾਤਮਾ ਗਾਂਧੀ)

# ਸਹੁਰਾ ਘਰ

ਸੰਸਾਰ ਦੀ ਹਰ ਕੌਮ ਵਿਚ (ਕੁਝ ਜੰਗਲੀ ਜਾਤੀਆਂ ਤੋਂ ਬਿਨਾਂ) ਵਿਆਹ ਤੋਂ ਪਿਛੋਂ ਲੜਕੀ ਨੂੰ ਆਪਣਾ ਪੇਕਾ ਘਰ ਛੱਡਕੇ ਪਤੀ ਦੇ ਘਰ ਜਾਕੇ ਰਹਿਣਾ ਪੈਂਦਾ ਹੈ। ਵਿਆਹ ਪਿਛੋਂ ਪਤੀ ਦਾ ਘਰ ਹੀ ਉਸਦਾ ਘਰ ਹੁੰਦਾ ਹੈ। ਪਤੀ ਦਾ ਸਭ ਕੁਝ ਉਸਦਾ ਆਪਣਾ ਹੁੰਦਾ ਹੈ। ਉੱਥੇ ਉਸਨੂੰ ਮਾਤਾ ਪਿਤਾ ਨਾਲੋਂ ਵੀ ਸੱਸ ਸਹੁਰੇ ਦਾ ਵਧੇਰੇ ਆਦਰ ਮਾਣ ਕਰਨਾ ਪੈਂਦਾ ਹੈ।

ਪੁਰਾਣੇ ਗ੍ਰੰਥਾਂ ਵਿਚ ਪਤੀ ਇਸਤ੍ਰੀ ਦਾ ਦੇਵਤਾ ਕਿਹਾ ਗਿਆ ਹੈ। ਇਸਦਾ ਮਤਲਬ ਇਹ ਨਹੀਂ ਕਿ ਪਤੀ ਦੇ ਸਾਹਮਣੇ ਪਤਨੀ ਦੇਵੀ ਹੈ। ਸਗੋਂ ਕਈਆਂ ਗੱਲਾਂ ਵਿਚ ਪਤਨੀ ਦੀ ਜ਼ਿਮੇਵਾਰੀ ਪਤੀ ਨਾਲੋਂ ਵੀ ਵੱਧ ਹੁੰਦੀ ਹੈ; ਕਿਉਂਕਿ ਮਰਦ ਹੈ ਤਾਂ ਇਸਤ੍ਰੀ ਦੀ ਸੰਤਾਨ ਹੀ।

ਪਤੀ ਨੂੰ ਦੇਵਤਾ ਮੰਨਣ ਤੋਂ ਭਾਵ ਇਹ ਹੈ ਕਿ ਜਿਸ ਤਰ੍ਹਾਂ ਇਕ ਦੇਵ-ਪੂਜਕ ਉਸ ਦੀ ਉਪਾਸ਼ਨਾ ਵਿਚ ਲੀਨ ਹੋ ਆਪਣੀ ਹੋਂਦ ਤੇ ਹਸਤੀ ਨੂੰ ਭੁਲ ਜਾਂਦਾ ਹੈ, ਓਸੇ ਤਰ੍ਹਾਂ ਹੀ ਪਤਨੀ ਨੂੰ ਪਤੀ ਦੀ ਲਿਵ ਵਿਚ ਲੀਨ ਹੋ ਜਾਣਾ ਚਾਹੀਦਾ ਹੈ। ਪਤੀ ਦੇ ਸੁਖ ਦੁਖ

ਨੂੰ ਆਪਣਾ ਸੁਖ ਦੁਖ ਸਮਝਣਾ ਤੇ ਉਸ ਦੀ ਰਖਿਆ, ਉਸ ਦੀ ਸੇਵਾ ਵਿਚ ਆਪਣੀ ਸਾਰੀ ਤਾਕਤ ਖਰਚ ਕਰ ਦੇਣੀ ਚਾਹੀਦੀ ਹੈ।

ਵਿਆਹ ਤੋਂ ਪਹਿਲਾਂ ਲੜਕੀ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਜਿਸ ਘਰ ਵਿਚ ਉਹ ਜਾਵੇਗੀ ਉਹ ਭਾਵੇਂ ਕਿਹਾ ਹੀ ਹੋਵੇ, ਨਾ ਸ੍ਵਰਗ ਹੋਵੇਗਾ ਤੇ ਨਾ ਬਿਲਕੁਲ ਨਰਕ ਹੀ। ਓਥੇ ਦੁਖ, ਈਰਖਾ, ਦ੍ਵੈਖ, ਤਾਨੇ, ਮੇਹਣੇ ਭੀ ਹੋਣਗੇ ਤੇ ਨਾਲ ਹੀ ਪਿਆਰ, ਭਰੋਸਾ, ਨਰਮੀ ਤੇ ਹਮਦਰਦੀ ਭੀ। ਇਨ੍ਹਾਂ ਸਭਨਾਂ ਵਿਚ ਘਾਟਾ ਵਾਧਾ ਹੋ ਸਕਦਾ ਹੈ, ਪਰ ਕਿਸੇ ਇਕ ਦਾ ਬਿਲਕੁਲ ਅਭਾਵ ਨਹੀਂ ਹੋ ਸਕਦਾ। ਉਸ ਵੇਲੇ ਆਪਣੀ ਸਹਿਨਸ਼ੀਲਤਾ, ਆਪਣੇ ਨਰਮ ਵਿਹਾਰ, ਆਪਣੀ ਸੇਵਾ ਅਤੇ ਆਪਣੀ ਮਿੱਠੀ ਬੋਲੀ ਨਾਲ ਕੁੜੱਤਣ ਦਾ ਭਾਵ ਦੂਰ ਕਰ ਕੇ, ਹਨੇਰੇ ਘਰ ਵਿਚ ਚਾਨਣਾ ਕਰਨਾ, ਅਸ਼ਾਂਤ ਤੇ ਨਾ ਸਹਾਰਨ ਵਾਲੇ ਜੀਵਾਂ ਨੂੰ ਭੀ ਪ੍ਰੇਮ ਤੇ ਸੇਵਾ ਨਾਲ ਜਿੱਤਣਾ ਉਸ ਦਾ ਕੰਮ ਹੈ। ਲੜਕੀ ਨੂੰ ਮਾਤਾ ਪਿਤਾ ਦੇ ਘਰ ਜਿੰਨੀ ਅਜ਼ਾਦੀ ਹੁੰਦੀ ਹੈ ਸਹੁਰੇ ਘਰ ਉੱਨਾ ਹੀ ਬੰਧਨ। ਉਥੇ ਬੜੇ ਸੀਲ, ਸੰਕੋਚ ਤੇ ਸੰਜਮ ਤੋਂ ਕੰਮ ਲੈਣਾ ਪੈਂਦਾ ਹੈ। ਉਥੇ ਉਸ ਦੀ ਜ਼ਿਮੇਵਾਰੀ ਵਧ ਜਾਂਦੀ ਹੈ, ਅਤੇ ਹਰ ਇਕ ਗੱਲ ਵਿਚ ਬੜੀ ਗੰਭੀਰਤਾ ਤੇ ਸੰਜਮ ਦੀ ਲੋੜ ਪੈਂਦੀ ਹੈ।

ਇਸ ਲਈ ਸਭ ਤੋਂ ਪਹਿਲੀ ਗੱਲ ਜਾਣਨ ਵਾਲੀ ਇਹ ਹੈ ਕਿ ਕੁਝ ਦਿਨਾਂ ਪਿਛੋਂ ਉਸ ਨੂੰ ਇਕ ਅਜਿਹਾ ਘਰ ਸੰਭਾਲਣਾ ਪਵੇਗਾ, ਜਿਸ ਨੂੰ ਉਸ ਨੇ ਪਹਿਲਾਂ ਕਦੇ ਨਹੀਂ ਵੇਖਿਆ; ਜਿਥੋਂ ਦੇ ਆਦਮੀ ਉਸ ਲਈ ਬਿਲਕੁਲ ਓਪਰੇ ਹੋਣਗੇ। ਪਰ ਸੁਖ ਉਨ੍ਹਾਂ ਓਪਰਿਆਂ ਨੂੰ ਆਪਣਾ ਬਨਾਉਣ ਵਿਚ ਹੀ ਹੈ। ਉਸ ਨੂੰ ਸਾਰਾ ਪ੍ਰਵਾਰ ਆਪਣਾ ਸਮਝਣਾ ਪਵੇਗਾ; ਉਹ ਜਾਣੇਗੀ ਕਿ ਪਤੀ ਮੇਰਾ ਸਭ ਕੁਝ ਹੈ, ਸਸ ਮੇਰੀ ਮਾਤਾ ਹੈ, ਸਹੁਰਾ ਪਿਤਾ ਹੈ, ਨਿਨਾਣ, ਦਿਉਰ,

ਜੇਠ ਆਦਿ ਮੇਰੇ ਭੈਣ ਭਰਾ ਹਨ। ਇਸ ਵਰਤੋਂ ਨਾਲ ਹੀ ਉਹ ਇਨ੍ਹਾਂ ਦਾ ਪਿਆਰ ਤੇ ਸਤਿਕਾਰ ਪ੍ਰਾਪਤ ਕਰ ਸਕੇਗੀ।

ਕਈ ਵਿਆਹ ਨੂੰ ਸੁਖਾਂ ਦਾ ਘਰ ਸਮਝਦੇ ਹਨ। ਇਹ ਇਕ ਭੁੱਲ ਹੁੰਦੀ ਹੈ। ਵਿਆਹ ਕੋਈ ਖੇਡ ਨਹੀਂ। ਵਿਆਹ ਹੋ ਜਾਣ ਪਰ ਆਜ਼ਾਦੀ ਘਟਦੀ ਤੇ ਜ਼ਿਮੇਵਾਰੀਆਂ ਤੇ ਫ਼ਿਕਰ ਵਧਦੇ ਹਨ। ਇਸ ਲਈ ਲੜਕੀ ਨੂੰ ਆਪਣੇ ਮਨ ਵਿਚ ਕਦੇ ਵੀ ਵੱਡੀਆਂ ਵੱਡੀਆਂ ਆਸਾਂ ਨਹੀਂ ਰਖਣੀਆਂ ਚਾਹੀਦੀਆਂ, ਸਗੋਂ ਸਦਾ ਇਹ ਯਾਦ ਰਖਣਾ ਚਾਹੀਦਾ ਹੈ ਕਿ ਆਉਣ ਵਾਲੇ ਜੀਵਨ ਵਿਚ ਸੁਖ ਨਾਲੋਂ ਦੁਖ ਵਧੇਰੇ ਹਨ ਤੇ ਸੁਖ ਦੀ ਥਾਂ ਤਿਆਗ ਤੇ ਸੇਵਾ ਕਰਨ ਦੀ ਲੋੜ ਪਵੇਗੀ।

## ਵਿਆਹ

"ਦੋ ਦਿਲਾਂ ਦੇ ਸੱਚੇ ਮੇਲ ਦਾ ਨਾਮ ਵਿਆਹ ਹੈ, ਜਿਸ ਤੋਂ ਇਕ ਦੂਜੇ ਲਈ ਤਿਆਗ ਕਰਨ ਦੀ ਸਿਖਯਾ ਮਿਲਦੀ ਹੈ।"

ਸਭ ਤੋਂ ਪਹਿਲਾ ਸਵਾਲ ਤਾਂ ਇਹ ਹੈ ਕਿ ਵਿਆਹ ਦੀ ਲੋੜ ਕੀ ਹੈ? ਇਹ ਸੱਚ ਹੈ ਕਿ ਸੰਸਾਰ ਵਿਚ ਆਪਣੇ ਸਰੀਰ ਤੇ ਮਨ ਨੂੰ ਸਭ ਤਰ੍ਹਾਂ ਨਾਲ ਪਵਿਤ੍ਰ ਤੇ ਸ਼ੁਧ ਰਖ ਕੇ ਆਪਣੇ ਜੀਵਨ ਨੂੰ ਸੱਚੀ ਵਿਦਿਆ ਦੀ ਪ੍ਰਾਪਤੀ ਵਿਚ ਲਾ ਦੇਣਾ ਅਤੇ ਉਸ ਦੀ ਸਹਾਇਤਾ

ਨਾਲ ਕੌਮ ਦੀ ਤੇ ਮਨੁੱਖ ਜਾਤੀ ਦੀ ਸੇਵਾ ਕਰਨੀ ਇਕ ਆਦਰਸ਼ਕ ਕੰਮ ਹੈ। ਪਰ ਕੌਮ-ਕੁਟੰਬ ਨੂੰ ਚੰਗੀ ਤਰ੍ਹਾਂ ਤੋਰਨ ਲਈ ਹਰ ਇਕ ਇਸਤ੍ਰੀ ਪੁਰਸ਼ ਨੂੰ ਆਸਰੇ ਤੇ ਸਹਾਇਤਾ ਦੀ ਲੋੜ ਹੈ। ਸੰਸਾਰ ਵਿਚ ਅਸੀਂ ਇਕੱਲੇ ਨਹੀਂ ਰਹਿ ਸਕਦੇ। ਅਸੀਂ ਜੋ ਕੁਝ ਕਰਨਾ ਚਾਹੁੰਦੇ ਹਾਂ, ਉਸ ਦੇ ਲਈ ਸਾਨੂੰ ਸਦਾ ਕਿਸੇ ਸਾਥੀ ਸਹਾਇਕ ਦੀ ਲੋੜ ਹੈ। ਜੇਕਰ ਉਹ ਸਹਾਇਕ ਜਾਂ ਸਾਥੀ ਐਸਾ ਹੋਵੇ ਜਿਸ ਦਾ ਸਾਰੀ ਉਮਰ ਤਕ ਸਾਥ ਬਣਿਆ ਰਹੇ, ਦੋਹਾਂ ਦੇ ਮਨ ਮਿਲ ਜਾਣ, ਦੋਹਾਂ ਦੇ ਸੁਖ ਦੁਖ ਇਕ ਹੋ ਜਾਣ ਤਾਂ ਦੋਹਾਂ ਨੂੰ ਉਤਸ਼ਾਹ ਤੇ ਸੰਤੋਖ ਪ੍ਰਾਪਤ ਹੋਵੇਗਾ। ਜੀਵਨ ਵਿਚ ਵਿਆਹ ਦੀ ਲੋੜ ਇਸ ਵਾਸਤੇ ਨਹੀਂ ਕਿ ਮਰਦ ਨੂੰ ਇਕ ਰੋਟੀ ਪਕਾਣ ਵਾਲੀ ਅਤੇ ਸੇਵਾ ਕਰਨ ਵਾਲੀ ਦੀ ਲੋੜ ਪੈਂਦੀ ਹੈ ਅਤੇ ਇਸਤ੍ਰੀ ਨੂੰ ਵਿਆਹ ਕੀਤੇ ਬਿਨਾਂ ਸ੍ਵਰਗ ਨਹੀਂ ਮਿਲ ਸਕਦਾ; ਸਗੋਂ ਵਿਆਹ ਦੀ ਲੋੜ ਇਸ ਲਈ ਹੈ ਕਿ ਇਸ ਦੇ ਨਾਲ ਇਸਤ੍ਰੀ ਪੁਰਸ਼ ਸੱਚੇ ਸਾਥੀ ਬਣ ਜਾਂਦੇ ਹਨ।

ਵਿਆਹ ਨਾਲ ਦੋਹਾਂ ਦੇ ਸੁਖ ਦੁਖ ਤੇ ਦਿਲ ਮਿਲ ਕੇ ਇਕ ਹੋ ਜਾਣ ਦੀ ਆਸ ਹੁੰਦੀ ਹੈ, ਇਸ ਤਰ੍ਹਾਂ ਜੀਵਨ ਵਿਚ ਇਕ ਅਜੇਹਾ ਸਾਥੀ ਮਿਲ ਜਾਂਦਾ ਹੈ, ਜੋ ਦੂਜੇ ਦੇ ਪਿਆਰ ਨੂੰ ਤੇ ਉਸਦੇ ਦੁਖ ਸੁਖ ਨੂੰ ਦਿਲੋਂ ਸਮਝਦਾ ਤੇ ਅਨੁਭਵ ਕਰਦਾ ਹੈ। ਇਸ ਇਕੋ ਪਿਆਰ ਵਿਚ ਮਿੱਤ੍ਰ, ਭੈਣ, ਭਰਾ ਤੇ ਬਜ਼ੁਰਗਾਂ ਦਾ ਸੱਚਾ ਪਿਆਰ ਭੀ ਆ ਜਾਂਦਾ ਹੈ। ਇਸੇ ਪਿਆਰ ਦਾ ਸਦਕਾ ਦੋਹਾਂ ਦਿਲਾਂ ਉਤੇ ਉਹ ਹਾਲਤ ਆਉਂਦੀ ਹੈ ਕਿ ਹਰ ਇਕ ਦੂਜੇ ਦੇ ਦੁਖ ਵਿਚ ਆਪ ਦੁਖੀ ਹੋਣ ਤੇ ਦੂਜੇ ਦੇ ਸੁਖ ਲਈ ਅਪਾਣਾ ਸੁਖ ਵਾਰਨ ਵਿਚ ਹੀ ਖੁਸ਼ੀ ਸਮਝਦਾ ਹੈ।

ਸੋ ਸੁਖੀ ਜੀਵਨ ਬਤੀਤ ਕਰਨ ਲਈ ਤੇ ਜੀਵਨ-ਸਾਥੀ ਦੀ ਚੜ੍ਹਾਈ ਵਿਚ ਜੀਵਨ-ਸਾਥੀ ਪ੍ਰਾਪਤ ਕਰਨ ਲਈ ਵਿਆਹ ਤੋਂ ਚੰਗਾ ਢੰਗ ਅਜੇ ਦੁਨੀਆਂ ਨੂੰ ਨਹੀਂ ਸੁਝਾ। ਵਿਆਹ ਦੇ ਹੋਰ ਭੀ ਕਈ

ਕਾਰਨ ਹਨ, ਪਰ ਸਭ ਤੋਂ ਵੱਡੀ ਗੱਲ ਇਹੋ ਹੀ ਹੈ। ਇਹ ਭੀ ਮੰਨਣਾ ਪਏਗਾ ਕਿ ਕੌਮ ਦੀ ਰਚਨਾ ਤੇ ਖਿੜਾਉ ਲਈ ਸੰਤਾਨ ਦੀ ਬਹੁਤ ਲੋੜ ਹੈ। ਸੰਤਾਨ ਬਿਨਾਂ ਭੀ ਜੀਵਨ ਰੁੱਖਾ ਤੇ ਅਧੂਰਾ ਰਹਿੰਦਾ ਹੈ।

ਵਿਆਹ ਦਾ ਆਦਰਸ਼ ਦੋ ਦਿਲਾਂ ਦਾ ਸੱਚਾ ਮੇਲ ਹੈ। ਇਸ ਇਸਤ੍ਰੀ ਪੁਰਸ਼ ਨੂੰ ਇਕ ਦੂਜੇ ਲਈ ਤਿਆਗ ਤੇ ਕੁਰਬਾਨੀ ਕਰਨ ਦੀ ਸਿਖਿਆ ਮਿਲਦੀ ਹੈ। ਹਰ ਇਕ ਸਿਆਣੀ ਇਸਤ੍ਰੀ ਦਾ ਫਰਜ਼ ਹੈ ਕਿ ਉਹ ਆਪਣੇ ਪਤੀ ਸਸ ਸਹੁਰੇ ਤੇ ਆਪਣੇ ਪ੍ਰਵਾਰ ਦੇ ਸੁਖ ਦੁਖ ਦਾ ਬਹੁਤਾ ਖਿਆਲ ਰਖੇ। ਉਹ ਆਪਣੇ ਸੁਖ ਨੂੰ ਆਪਣੇ ਪਤੀ ਤੇ ਪ੍ਰਵਾਰ ਤੋਂ ਕੁਰਬਾਨ ਕਰਦੀ ਹੈ ਅਤੇ ਉਨ੍ਹਾਂ ਦੇ ਹੀ ਸੁਖ ਤੋਂ ਸੁਖੀ ਹੋਣਾ ਸਿਖਦੀ ਹੈ। ਵਿਆਹ ਆਪਣੇ ਨਾਲੋਂ ਦੂਜਿਆਂ ਦੇ ਸੁਖ ਦਾ ਬਹੁਤਾ ਖ਼ਿਆਲ ਰੱਖਣ ਦੀ ਜਾਚ ਸਿਖਾਉਂਦਾ ਹੈ। ਪਤੀ ਭੀ ਪਤਨੀ ਦੀ ਸਹਾਇਤਾ ਨਾਲ ਮਾਤਾ ਪਿਤਾ ਤੇ ਪ੍ਰਵਾਰ ਦੀ ਸੇਵਾ ਅਤੇ ਉਨ੍ਹਾਂ ਦੇ ਪਾਲਣ ਵਿਚ ਆਪਣੀ ਸ਼ਕਤੀ, ਸਮਾਂ ਤੇ ਅਕਲ ਲਾਉਂਦਾ ਹੈ। ਵਿਆਹਿਤ ਜੀਵਨ, ਮੌਜਾਂ ਤੇ ਸਵਾਰਥਾਂ ਦੀ ਥਾਂ ਤਿਆਗ, ਕਸ਼ਟ ਸੇਵਾ ਤੇ ਉਪਕਾਰ ਵਾਲਾ ਜੀਵਨ ਹੈ।

ਪਰ ਵਿਵਾਹਿਤ ਜੀਵਨ ਨੂੰ ਸੁਖੀ ਬਣਾਉਣ ਲਈ ਇਸ ਗੱਲ ਦੀ ਲੋੜ ਹੈ ਕਿ ਕੋਈ ਲੜਕੀ ਸੁਖ ਦੇ ਵਡੇ ਵਡੇ ਸੁਪਨੇ ਲੈ ਕੇ ਸਹੁਰੇ ਘਰ ਨਾ ਜਾਵੇ। ਉਹ ਇਹ ਕਦੇ ਨਾ ਸੋਚੇ ਕਿ ਉਥੇ ਰੁਪਏ ਪੈਸੇ ਤੇ ਖਾਣ ਪੀਣ ਦਾ ਸੁਖ ਮਿਲੇਗਾ, ਉਥੇ ਆਰਾਮ ਨਾਲ ਰਹਾਂਗੀ, ਸੁਖ ਅਤੇ ਭੋਗ-ਵਿਲਾਸ ਵਾਲਾ ਜੀਵਨ ਬਿਤਾਵਾਂਗੀ, ਮੈਨੂੰ ਚੰਗੀ ਸੱਸ ਮਿਲੇਗੀ, ਜੋ ਛੇਤੀ ਛੇਤੀ ਮੈਨੂੰ ਕੋਈ ਕੰਮ ਨਹੀਂ ਦਸੇਗੀ, ਨੌਕਰ ਚਾਕਰ ਮਿਲਣਗੇ, ਪਤੀ ਪਿਆਰ ਕਰੇਗਾ। ਇਹ ਸਾਰੇ ਸੁਫ਼ਨੇ, ਇਹ ਸਾਰੀਆਂ ਕਲਪਨਾਵਾਂ ਵੇਖਣ ਵਿਚ ਤਾਂ ਸੋਹਣੀਆਂ ਹਨ, ਪਰ ਇਹ ਮ੍ਰਿਗ-ਤ੍ਰਿਸ਼ਨਾ ਵਾਂਙ ਧੋਖਾ ਦੇ ਕੇ ਨਿਰਾਸ ਤੇ ਦੁਖੀ ਕਰ ਦੇਣ ਵਾਲੀਆਂ ਹਨ। ਜੋ ਇਨ੍ਹਾਂ ਵਡੇ ਵਡੇ ਸੁਫ਼ਨਿਆਂ ਨੂੰ ਲੈ ਕੇ ਸਹੁਰੇ

ਘਰ ਜਾਂਦੀ ਹੈ, ਉਹ ਜ਼ਰੂਰ ਧੋਖਾ ਖਾਂਦੀ ਹੈ। ਉਸ ਨੂੰ ਬਹੁਤ ਕਰ ਕੇ ਨਿਰਾਸ ਹੀ ਹੋਣਾ ਪੈਂਦਾ ਹੈ ਅਤੇ ਉਸ ਦੀ ਆਪਣੀ ਬੇਸਮਝੀ ਨਾਲ ਉਸ ਦਾ ਜੀਵਨ ਦੁਖੀ ਹੋ ਜਾਂਦਾ ਹੈ।

ਸਚੀ ਗੱਲ ਇਹ ਹੈ ਕਿ ਵਿਆਹ ਤੋਂ ਪਿਛੋਂ ਲੜਕੀਆਂ ਦਾ ਉਹ ਅਲ੍ਹੜ, ਸਰਲ, ਆਜ਼ਾਦ ਤੇ ਮੌਜੀ ਜੀਵਨ ਖੁੱਸ ਜਾਂਦਾ ਹੈ। ਉਨ੍ਹਾਂ ਦੀਆਂ ਜ਼ਿਮੇਂਵਾਰੀਆਂ ਵੱਧ ਜਾਂਦੀਆਂ ਹਨ। ਉਨ੍ਹਾਂ ਨੂੰ ਹਰ ਘੜੀ ਆਪਣੇ ਸੁਖ ਨਾਲੋਂ, ਸਹੁਰੇ ਘਰ ਦੇ ਪ੍ਰਵਾਰ ਦੇ ਸੁਖ ਦਾ ਹੀ ਧਿਆਨ ਰਖਣਾ ਪੈਂਦਾ ਹੈ। ਵਿਆਹ ਦੇ ਪਿਛੋਂ ਮਰਨ ਤਕ ਉਸ ਦੀ ਸਾਰੀ ਉਮਰ ਕਸ਼ਟ ਸਹਿਣ, ਤਿਆਗ ਤੇ ਸੇਵਾ ਵਿਚ ਹੀ ਬੀਤਦੀ ਹੈ। ਵਿਆਹੀ ਕੁੜੀ ਫੁੱਲ ਦੀ ਉਸ ਕਲੀ ਵਾਂਙ ਹੈ, ਜਿਹੜੀ ਕਿ ਇਕ ਮੰਦਰ ਦੀ ਭੇਟ ਹੋ ਅਪਣੀ ਸਾਰੀ ਸੁਗੰਧਤਾ ਉਸ ਮੰਦਰ ਵਿਚ ਭੇਟ ਕਰਦੀ ਹੋਈ ਆਪਣਾ ਆਪ ਗਵਾ ਦਿੰਦੀ ਹੈ। ਇਸ ਲਈ ਹਰ ਲੜਕੀ ਨੂੰ ਸਾਈਂ ਸ਼ੇਖ ਫ਼ਰੀਦ ਜੀ ਦਾ ਸਲੋਕ:–

ਜਾਂ ਕੁਆਰੀ ਤਾਂ ਚਾਉ, ਵੀਵਾਹੀ ਤਾਂ ਮਾਮਲੇ।
ਫਰੀਦਾ ! ਏਹੋ ਪਛੋਤਾਉ, ਵੱਤ ਕੁਆਰੀ ਨਾ ਥੀਐ ॥

ਯਾਦ ਰਖਣਾ ਚਾਹੀਦਾ ਹੈ। ਵਿਅਹ ਪਿਛੋਂ ਲੜਕੀ ਦਾ ਸੁਖ ਇਸੇ ਵਿਚ ਹੀ ਹੈ ਕਿ ਉਹ ਇਸ ਗੱਲ ਨੂੰ ਸੋਚੇ ਕਿ ਮੇਂ ਅਪਣੀ ਸੱਸ, ਸਹੁਰੇ ਤੇ ਪਤੀ ਨੂੰ ਇਸ ਤਰ੍ਹਾਂ ਸੁਖੀ ਰਖ ਸਕਦੀ ਹਾਂ। ਕਿਹੜਾ ਕੰਮ ਇਸ ਢੰਗ ਨਾਲ ਕੀਤਾ ਜਾਵੇ; ਕਿਹੜੀ ਗੱਲ ਕਿਸ ਤਰ੍ਹਾਂ ਦੱਸੀ ਜਾਵੇ, ਕਿ ਘਰ ਦੇ ਸਾਰੇ ਖੁਸ਼ੀ ਤੇ ਸੁਖੀ ਰਹਿਣ। ਉਸਨੂੰ ਆਪਣੇ ਸੁਖ ਕੁਰਬਾਨ ਕਰਨ ਤੇ ਸੱਚੇ ਦਿਲੋਂ ਅਨੁਭਵ ਕਰਨ ਦੀ ਲੋੜ ਹੈ ਕਿ ਜੇਕਰ ਮੇਰੇ ਘਰ ਦੇ ਸੁਖੀ ਹਨ ਤਾਂ ਮੈਂ ਵੀ ਸੁਖ ਹਾਂ। ਜੇਕਰ ਉਨ੍ਹਾਂ ਵਿਚੋਂ ਕੋਈ ਦੁਖੀ ਹੈ ਤਾਂ ਮੇਰਾ ਇਸ ਘਰ ਵਿਚ ਰਹਿਣਾ ਕਿਸ ਕੰਮ !

ਦੰਪਤੀ ਜੀਵਨ ਨੂੰ ਪ੍ਰੇਮ ਭਰਿਆ ਦਨਾਣ ਲਈ ਇਹ ਜ਼ਰੂਰੀ ਹੈ ਕਿ ਪਤੀ ਪਤਨੀ ਦੋਵੇਂ ਇਕ ਦੂਜੇ ਦੇ ਦਿਲ ਨੂੰ ਸਮਝਣ ਤੇ ਸਦਾ ਇਕ ਦੂਜੇ ਉਤੇ ਭਰੋਸਾ ਕਰਕੇ ਰਲ ਮਿਲ ਚਲਣ। ਬਹੁਤ ਕਰਕੇ ਮਰਦ ਕਾਹਲੇ, ਬੇ-ਸਮਝ ਅਤੇ ਬੇ-ਪ੍ਰਵਾਹ ਹੁੰਦੇ ਹਨ। ਦੁਨੀਆਂ ਦਾ ਹਰ ਮਨੁੱਖ ਚਾਹੁੰਦਾ ਹੈ ਕਿ ਉਸਦੀ ਇਸਤ੍ਰੀ ਬਿਲਕੁਲ ਪਵਿਤ੍ਰ ਹੋਵੇ, ਉਹ ਇਹ ਵੀ ਚਾਹੁੰਦਾ ਹੈ ਕਿ ਉਹ ਭਾਵੇਂ ਕਿਹਾ ਹੀ ਹੋਵੇ, ਪਰ ਉਸਦੀ ਇਸਤ੍ਰੀ ਉਸਨੂੰ ਦੇਵਤਾ ਸਮਝੇ, ਉਸ ਉਤੇ ਸ਼ਰਧਾ ਰਖੇ ਤੇ ਸਦਾ ਉਸਦੀ ਨਕਲ ਕਰੇ। ਉਹ ਸਮਝ ਬੈਠਦਾ ਹੈ ਕਿ ਉਸਨੂੰ ਪਤਨੀ ਦਾ ਪ੍ਰੇਮ ਪ੍ਰਾਪਤ ਕਰਨ ਲਈ ਕਿਸੇ ਯਤਨ ਦੀ ਲੋੜ ਹੀ ਨਹੀਂ। ਉਹ ਉਸ ਉਤੇ ਆਪਣਾ ਜਮਾਂਦਰੂ ਹੱਕ ਸਮਝਦਾ ਹੈ। ਉਹ ਚਾਹੁੰਦਾ ਹੈ ਕਿ ਇਸਤ੍ਰੀ ਉਸਦੀ ਗੱਲ ਮੰਨੇ, ਉਸਦੀ ਖੁਸ਼ਾਮਦ ਕਰੇ। ਉਹ ਭੁੱਲ ਜਾਂਦਾ ਹੈ ਕਿ ਉਸਦੇ ਅੰਦਰ ਭੀ ਉਸ ਜਿਹਾ ਸਗੋਂ ਉਸ ਤੋਂ ਭੀ ਕੋਮਲ ਦਿਲ ਹੈ, ਜੋ ਮਿੱਠੇ ਬੋਲ ਸੁਣਨ ਤੇ ਹਮਦਰਦੀ ਪ੍ਰਾਪਤ ਕਰਨ ਲਈ ਵਿਆਕੁਲ ਹੈ।

ਅਫਸੋਸ! ਮਰਦ ਨੇ ਸਦਾ ਲੈਣਾ, ਹੱਕ ਜਤਾਉਣਾ ਅਤੇ ਹਕੂਮਤ ਕਰਨੀ ਹੀ ਸਿਖੀ ਹੈ। ਦੇਣਾ, ਦੂਜੇ ਦੇ ਹੱਕ ਦੀ ਰਾਖੀ ਕਰਨੀ ਤੇ ਝੁਕਣਾ ਆਦਿ ਇਸ ਨਹੀਂ ਸਿਖਿਆ। ਇਸੇ ਕਰਕੇ ਜਿਥੇ ਮਰਦ ਕਠੋਰ, ਸਾਹਸੀ, ਹਠੀ, ਉਜੱਡ ਅਤੇ ਕ੍ਰਿਤ੍ਰ ਹੋ ਗਿਆ ਹੈ, ਉਥੇ ਇਸਤ੍ਰੀ ਅਜੇ ਭੀ ਕੋਮਲ, ਦਇਆਵਾਨ, ਪ੍ਰੇਮੀ ਤੇ ਸੰਤੋਖੀ ਹੈ। ਇਹ ਸੱਚ ਹੈ ਕਿ ਅੱਜ ਕੱਲ ਵੀ ਇਸਤ੍ਰੀਆਂ ਮਰਦਾਂ ਨਾਲੋਂ ਵਧ ਵਫ਼ਾਦਾਰ ਹਨ। ਉਨ੍ਹਾਂ ਵਿਚ ਤਿਆਗ, ਕੁਰਬਾਨੀ ਅਤੇ ਆਪਾ ਵਾਰਨ ਦੀ ਭਾਵਨਾਂ ਹੁਣ ਵੀ ਹੈ। ਸੰਸਾਰਕ ਮੈਦਾਨ ਵਿਚ ਮਰਦ ਜਿਥੇ ਜੱਸ ਤੇ ਹਕੂਮਤ ਦੇ ਲੋਭ ਵਿਚ ਪੈ ਗਿਆ ਹੈ, ਈਰਖਾ ਤੇ ਦ੍ਵੈਖ ਵਿਚ ਪੈ ਕੇ ਉਸ ਨੇ ਆਪਣੇ ਸਦਾਚਾਰ ਨੂੰ ਨਸਟ ਕਰ ਲਿਆ ਤੇ ਘਰੋਗੀ ਮਾਮ-ਲਿਆਂ ਵਿਚ ਉਹ ਬਹੁਤ ਨਿਘਰ ਗਿਆ ਹੈ, ਓਥੇ ਇਸਤ੍ਰੀਆਂ ਨੇ ਸ਼ਰਧਾ, ਸਦਾਚਾਰ ਤੇ ਸੰਤੋਖ ਨੂੰ ਕਾਇਮ ਰਖਿਆ ਹੈ। ਜੇਕਰ ਨਿਰ-

ਪੱਖ ਹੋ ਕੇ ਇਸਤ੍ਰੀ ਤੇ ਮਰਦ ਦੇ ਕੰਮਾਂ ਨੂੰ ਤੋਲੀਏ ਤਾਂ ਅੱਜ ਵੀ ਇਕ ਸਾਧਾਰਨ ਇਸਤ੍ਰੀ ਦੀ ਪਵਿਤ੍ਰਤਾ ਤੇ ਆਚਾਰ ਦਾਇਕ ਸਾਧਾਰਨ ਮਰਦ ਬਰਾਬਰੀ ਨਹੀਂ ਕਰ ਸਕਦਾ।

ਇਸ ਲਈ ਪਤੀ ਨਾਲੋਂ ਪਤਨੀ ਨੂੰ ਹੀ ਸਦਾ ਵਧਕੇ ਤਿਆਗ ਕਰਨ ਲਈ ਤਿਆਰ ਰਹਿਣਾ ਪੈਂਦਾ ਹੈ। ਇਸਤ੍ਰੀ ਨੂੰ ਮਰਦ ਤੋਂ ਕਦੇ ਵੀ ਲੰਮੀ ਚੌੜੀ ਆਸ ਨਹੀਂ ਰਖਣੀ ਚਾਹੀਦੀ।

ਵਿਆਹ ਦੇ ਪਿੱਛੋਂ ਹਰ ਇਕ ਲੜਕੀ ਨੂੰ ਸਮਝਣਾ ਚਾਹੀਦਾ ਹੈ ਕਿ ਉਹ ਬਾਲਪਨ ਦੀ ਸੁਨਿਹਰੀ ਤੇ ਸੁਖਦਾਈ ਸੁਤੰਤ੍ਰਤਾ ਨੂੰ ਛੱਡ ਕਠੋਰ ਰਾਜ ਵਿਚ ਪਹੁੰਚ ਗਈ ਹੈ। ਪਹਿਲੇ ਜਿਥੇ ਉਸਦਾ ਜੀਵਨ ਆਪਣੇ ਤਕ ਹੀ ਸੀ, ਉਥੇ ਹੁਣ ਉਸਦਾ ਦੁਖ ਸੁਖ ਦੂਜਿਆਂ ਦੇ ਨਾਲ ਮਿਲ ਗਿਆ ਹੈ। ਹੁਣ ਉਸਦੀ ਆਪਣੀ ਸੁਤੰਤ੍ਰ ਹਸਤੀ ਕੋਈ ਨਹੀਂ, ਉਸ ਦਾ ਜੀਵਨ ਤੇ ਸੁਖ ਦੁਖ ਹੁਣ ਦੂਜਿਆਂ ਦੇ ਜੀਵਨ ਤੇ ਸੁਖ ਦੁਖ ਉਤੇ ਨਿਰਭਰ ਹੈ।

ਇਸ ਲਈ ਲੜਕੀਆਂ ਆਪਣੇ ਨਾਲ ਆਪਣੇ ਸੁਖ ਦੇ ਸੁਫਨੇ ਜਿੰਨੇ ਘੱਟ ਲੈ ਕੇ ਸਹੁਰੇ ਘਰ ਜਾਣਗੀਆਂ, ਆਪਣੇ ਸੁਖ ਦੇ ਬਾਬਤ ਜਿੰਨਾਂ ਹੀ ਘਟ ਸੋਚਣਗੀਆਂ, ਸਗੋਂ ਸਹੁਰੇ ਘਰ ਦੇ ਸੁਖ ਦੁਖ ਤੇ ਆਰਾਮ ਦਾ ਖਿਆਲ ਰਖ ਕੇ ਨਿਸ਼ਕਪਟ ਤੇ ਉਦਾਰ ਦਿਲ ਨਾਲ ਉਨ੍ਹਾਂ ਦੀ ਸੇਵਾ ਲਈ ਜਿੰਨਾ ਯਤਨ ਕਰਨਗੀਆਂ ਉਤਨਾ ਹੀ ਉਹ ਸੁਖੀ ਰਹਿਣਗੀਆਂ।

# ਪਤੀ

"ਪਤੀ ਅਸਲ ਵਿਚ ਇਕ ਭਿਖਾਰੀ ਹੈ ਜੋ ਸਦਾ ਆਪਣੀ ਇਸਤ੍ਰੀ ਪਾਸੋਂ ਸੁਖ ਤੇ ਖੁਸ਼ੀ ਦੀ ਭਿਖਿਆ ਚਾਹੁੰਦਾ ਹੈ।"

"ਪਤੀ ਦੇ ਸੁਭਾ ਤੋਂ ਜਾਣੂ ਹੋਣਾ ਪਤਨੀ ਦਾ ਮੁਖ ਕਰ-ਤੱਵਜ ਹੈ।"

"ਜੋ ਇਸਤ੍ਰੀ ਸੱਚ ਮੁਚ ਘਰ ਦੀ ਰਾਣੀ ਬਣਨਾ ਚਾਹੁੰਦੀ ਹੈ, ਉਸ ਨੂੰ ਚਾਹੀਦਾ ਹੈ ਕਿ ਪਤੀ ਦਾ ਸਵਾਲ ਸਦਾ ਪ੍ਰੇਮ ਨਾਲ ਪੂਰਾ ਕਰੇ।"

"ਪੁਰਸ਼, ਪਿਆਰ ਦਾ ਭੁੱਖਾ ਤੇ ਖੋਜੀ ਹੁੰਦਾ ਹੈ, ਜਿਸ ਵੇਲੇ ਉਸ ਨੂੰ ਇਹ ਪਤਾ ਲਗ ਜਾਵੇ ਕਿ ਮੈਨੂੰ ਸਭ ਤੋਂ ਵੱਧ ਪਿਆਰ ਕਰਨ ਵਾਲੀ ਮੇਰੀ ਇਸਤ੍ਰੀ ਹੀ ਹੈ ਤਾਂ ਉਹ ਆਪਣੀ ਇਸਤ੍ਰੀ ਦਾ ਗੋੱਲਾ ਬਣ ਜਾਏਗਾ।"

"ਇਸਤ੍ਰੀ ਪਤੀ ਦੀ ਜਿੰਨੀ ਸੇਵਾ ਕਰੇਗੀ ਤੇ ਉਸ ਦੇ ਹੁਕਮ ਵਿਚ ਰਹੇਗੀ ਉਹ ਉਤਨੀ ਹੀ ਸੋਭਾ ਪ੍ਰਾਪਤ ਕਰੇਗੀ।"

ਹਰ ਇਕ ਵਿਆਹੀ ਲੜਕੀ ਲਈ ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਉਹ ਪਤੀ ਨੂੰ ਚੰਗੀ ਤਰ੍ਹਾਂ ਸਮਝ ਲਵੇ। ਪਤੀ ਦੇ ਕੀ ਖ਼ਿਆਲ ਹਨ, ਉਹ ਕੀ ਚਾਹੁੰਦਾ ਹੈ, ਕਿਨ੍ਹਾਂ ਗੱਲਾਂ ਨਾਲ ਉਹ ਸੁਖੀ ਹੋ ਸਕਦਾ ਹੈ, ਕਿਨ੍ਹਾਂ ਵਿਚ ਉਹ ਬਹੁਤ ਪ੍ਰੇਮ ਰਖਦਾ ਹੈ; ਇਨ੍ਹਾਂ ਸਭਨਾਂ ਗੱਲਾਂ ਨੂੰ ਚੰਗੀ ਤਰ੍ਹਾਂ ਸਮਝਣਾ ਜ਼ਰੂਰੀ ਹੈ। ਉਨ੍ਹਾਂ ਵਿਚੋਂ ਜੇਹੜੀਆਂ ਗੱਲਾਂ ਚੰਗੀਆਂ ਹੋਣ, ਉਨ੍ਹਾਂ ਨੂੰ ਹਰ ਵੇਲੇ ਧਾਰਣ ਕਰ

ਲੈਣਾ ਚਾਹੀਦਾ ਹੈ। ਪਤੀ ਦੇ ਹਰ ਇਕ ਭਲੇ ਕੰਮ ਵਿਚ ਉਸ ਦੀ ਸਹਾਇਤਾ ਕਰਨੀ ਚਾਹੀਦੀ ਹੈ। ਜੇਕਰ ਪਤੀ ਵਿਚ ਕੋਈ ਔਗੁਣ ਭੀ ਹੋਵੇ ਤਾਂ ਉਸ ਤੋਂ ਨਿਰਾਸ, ਤੇ ਗੁੱਸੇ ਨਾ ਹੋਵੋ। ਸਗੋਂ ਆਪਣੀ ਸੇਵਾ, ਆਪਣੇ ਪ੍ਰੇਮ ਅਤੇ ਚੰਗੇ ਖ਼ਿਆਲਾਂ ਦੇ ਬਲ ਨਾਲ ਉਸ ਦੇ ਉਸ ਔਗਣ ਨੂੰ ਹੌਲੀ ਹੌਲੀ ਦੂਰ ਕਰੋ।

ਜੋ ਇਸਤ੍ਰੀ ਪਤੀ ਨੂੰ ਕੋਈ ਗ਼ਲਤੀ ਕਰਦਿਆਂ ਵੇਖ ਕੇ ਗੁੱਸੇ ਹੋ ਕੇ ਚੁਪ ਚਾਪ ਬੈਠ ਜਾਂਦੀ ਯਾ ਝਗੜਾ ਕਰਦੀ ਹੈ, ਉਹ ਜਾਣੋਂ ਆਪਣੇ ਪੈਰਾਂ ਉਤੇ ਆਪ ਕੁਹਾੜਾ ਮਾਰਦੀ ਹੈ। ਇਸ ਤੋਂ ਨਾ ਤਾਂ ਉਸ ਦਾ ਕੰਮ ਬਣਦਾ ਹੈ ਤੇ ਨਾ ਪਤੀ ਦੀ ਬੁਰਾਈ ਦੂਰ ਹੁੰਦੀ ਹੈ। ਦਿਲ ਰੁਪਏ ਪੈਸੇ ਜਾਂ ਲਾਲਚ ਨਾਲ ਨਹੀਂ ਖ਼ਰੀਦਿਆ ਜਾ ਸਕਦਾ ਅਤੇ ਨਾ ਉਹ ਅਜਿਹੀ ਸਸਤੀ ਚੀਜ਼ ਹੈ ਕਿ ਬਿਨਾਂ ਤਿਆਗ, ਕੁਰਬਾਨੀ ਅਤੇ ਪ੍ਰੇਮ ਦੇ ਮਿਲ ਜਾਵੇ। ਦਿਲ ਇਕ ਵੱਡੇ ਗੁਝੇ ਭੇਦ ਵਾਲੀ ਚੀਜ਼ ਹੈ। ਖ਼ਾਸ ਕਰ ਕੇ ਮਰਦ ਦਾ ਦਿਲ ਚੰਚਲ, ਅਤੇ ਬਿਨਾਂ ਕੀਮਤ ਭਰੇ ਦੇ ਸੁਖ ਪ੍ਰਾਪਤ ਕਰਨ ਦੀ ਇਛਾ ਵਾਲਾ ਹੈ। ਇਸ ਦੇ ਉਲਟ ਇਸਤ੍ਰੀ ਦਾ ਦਿਲ, ਸ਼ਾਂਤ, ਕੋਮਲ ਤੇ ਸ਼ਰਮੀਲਾ ਹੈ। ਇਸਤ੍ਰੀ ਪਹਿਲਾਂ ਤਾ ਡਰਦੀ ਡਰਦੀ ਅਪਣੇ ਮਨ ਦਾ ਭੇਦ ਦਸਦੀ ਹੈ. ਦਿਲ ਦੇਣ ਵਿਚ ਉਹ ਮਰਦ ਵਾਂਙ ਕਾਹਲੀ ਨਹੀਂ ਹੁੰਦੀ। ਪਰ ਇਕ ਵਾਰੀ ਪਿਆਰ ਕਰ ਕੇ—ਆਪਣਾ ਦਿਲ ਦੇ ਕੇ—ਉਹ ਦੇਂਦੀ ਹੀ ਜਾਂਦੀ ਹੈ ਤੇ ਸਭ ਕੁਝ ਭੇਟ ਚੜ੍ਹਾ ਦੇਂਦੀ ਹੈ। ਇਸਤ੍ਰੀ ਲਈ ਸਨੇਹ ਤੇ ਪ੍ਰੇਮ ਸਾਰੀ ਉਮਰ ਦੀ ਗੱਲ ਹੈ, ਪਰ ਮਰਦ ਲਈ ਇਕ ਖੇਲ ਤੇ ਮਨ-ਪਰਚਾਵਾ। ਇਸ ਲਈ ਪਤਨੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਪਤੀ ਦੇ ਦੋਸ਼ਾਂ ਨੂੰ ਦੂਰ ਕਰਨ ਵਿਚ ਬਹੁਤ ਸਿਆਣਪ ਤੋਂ ਕੰਮ ਲਵੇ।

### ਬੇਇਤਬਾਰੀ ਦਾ ਨਤੀਜਾ

ਅਜ ਕਲ ਸਾਡੇ ਦਿਲ ਬਹੁਤ ਕਾਲੇ ਹੋ ਗਏ ਹਨ ਤੇ ਸਾਡਾ

ਜੀਵਨ ਇੰਨਾ ਸਵਾਰਥੀ ਬਣ ਗਿਆ ਹੈ ਕਿ ਨਿਰੇ ਵਹਿਮਾਂ ਦੇ ਕਾਰਣ ਕਿੰਨੇ ਹੀ ਘਰ ਬਰਬਾਦ ਹੋ ਰਹੇ ਹਨ। ਇਕ ਪੜ੍ਹੇ ਲਿਖੇ ਪਤੀ ਨੇ ਅਪਣੀ ਪਤਨੀ ਦਾ ਖ਼ੂਨ ਇਸ ਲਈ ਕਰ ਦਿਤਾ ਸੀ ਕਿ ਉਸ ਨੇ ਪਤਨੀ ਨੂੰ ਉਸ ਦੇ ਇਕ ਮਿੱਤ੍ਰ ਦੇ ਮੋਢੇ ਉਤੇ ਹੱਥ ਰਖਦੇ ਵੇਖ ਲਿਆ ਸੀ। ਸੱਚੀ ਗੱਲ ਇਹ ਸੀ ਕਿ ਉਸਦਾ ਪਤੀ ਸ਼ਰਾਬੀ ਤੇ ਵਿਸ਼ਈ ਸੀ। ਇਸ ਮਿੱਤ੍ਰ ਦਾ ਉਸਦੇ ਘਰ ਆਉਣ ਜਾਣ ਸੀ। ਸੋ ਪਤੀ ਦੇ ਮਿੱਤ੍ਰ ਅਗੇ ਉਹ ਰੋਂਦੀ ਤੇ ਪਤ ਨੂੰ ਸਧਾਰਨ ਤੇ ਸਮਝਾਣ ਲਈ ਸਹਾਇਤਾ ਮੰਗਦੀ ਸੀ। ਉਹ ਇਸਦੇ ਪਤੀ ਨਾਲੋਂ ਉਮਰ ਵਿਚ ਛੋਟਾ ਸੀ ਤੇ ਅਪਣੇ ਮਿੱਤ੍ਰ ਦੀ ਇਸਤ੍ਰੀ ਨੂੰ ਮਾਤਾ ਕਰਕੇ ਜਾਣਦਾ ਸੀ। ਇਕ ਦਿਨ ਉਹ ਕੋਈਚੰਗਾ ਉਪਾ ਅਪਣੇ ਮਿੱਤ੍ਰ ਨੂੰ ਸੁਧਾਰਨ ਦਾ ਸੋਚਕੇ ਅਪਣ ਮਿੱਤ੍ਰ ਦੇ ਘਰੋਂ ਵਿਦਾ ਹੋਣ ਲਗਾ ਸੀ ਕਿ ਇਨੇ ਨੂੰ ਉਹ ਵੀ ਕਿਧਰੋਂ ਆਇਆ ਪਰ ਆਪਣੀ ਇਸਤ੍ਰੀ ਨੂੰ ਮਿੱਤ੍ਰ ਦੇ ਮੋਢੇ ਉਤੇ ਹੱਥ ਧਰਿਆ ਵੇਖਕੇ ਦੂਰੋਂ ਹੀ ਚੁਪ ਚੁਪਾਤਾ ਮੁੜ ਗਿਆ। ਉਨ੍ਹਾਂ ਦੋਹਾਂ ਵਿਚਾਰਿਆਂ ਨੂੰ ਕੋਈ ਪਤਾ ਨਾ ਲਗਾ। ਉਹ ਇਸਤ੍ਰੀ ਪਵਿਤ੍ਰ ਅਤੇ ਸਦਾ ਪਤੀ ਦੀ ਭਲਾਈ ਚਾਹੁੰਣ ਵਾਲੀ ਸੀ। ਉਸਦੇ ਪਤੀ ਨੇ ਬਿਨਾਂ ਪੁਛ ਪੜਤਾਲ ਰਾਤ ਨੂੰ ਸੁਤੀ ਪਈ ਨੂੰ ਵੱਢ ਸੁਟਿਆ, ਪਿਛੋਂ ਉਸਦੇ ਬਿਸਤਰੇ ਦੇ ਹੇਠੋਂ ਉਸਦੇ ਮਿੱਤ੍ਰ ਦੀ ਇਕ ਚਿਠੀ ਮਿਲੀ ਜਿਸਦਾ ਮਜ਼ਮੂਨ ਇਸ ਤਰ੍ਹਾਂ ਸ਼ੁਰੂ ਹੁੰਦਾ ਸੀ :-

"ਪੂਜਨੀਯ ਮਾਤਾ ਜੀ...!" ਇਹ ਵੇਖਦਿਆਂ ਹੀ ਉਸਦੀਆਂ ਅਖਾਂ ਭਰ ਆਈਆਂ ਤੇ ਫੁੱਟ ਫੁੱਟ ਕੇ ਰੋਣ ਲਗ ਪਿਆ. ਪਰ ਹੁਣ ਕੀ ਹੋ ਸਕਦਾ ਸੀ ? ਛੇਕੜ ਉਸਨੂੰ ਵੀ ਫਾਂਸੀ ਮਿਲ ਗਈ।

ਇਸ ਤਰ੍ਹਾਂ ਦੀਆਂ ਅਨੇਕਾਂ ਦੁਖਦਾਈ ਘਟਨਾਵਾਂ ਬੇ-ਇਤਬਾਰੀ ਅਤੇ ਦਿਲ ਦੀ ਕਮਜ਼ੋਰੀ ਦੇ ਕਾਰਣ ਹੁੰਦੀਆਂ ਰਹਿੰਦੀਆਂ ਹਨ। ਕਾਰਣ ਇਸਦਾ ਇਹ ਹੈ ਕਿ ਅਸਾਂ ਇਸਤ੍ਰੀਆਂ ਨੂੰ

ਕੇਵਲ ਦਿਲ ਪਰਚਾਵੇ ਤੇ ਸੁਖ ਦਾ ਸਾਧਨ ਹੀ ਸਮਝਿਆ ਹੋਇਆ ਹੈ। ਜਿਸ ਤੋਂ ਸਾਡਾ ਦਿਲ ਇੰਨਾ ਵਹਿਮੀ ਹੋ ਗਿਆ ਹੈ ਕਿ ਅਸੀਂ ਕਿਸੇ ਮਰਦ ਤੀਵੀਂ ਨੂੰ ਕਿਸੇ ਜਗ੍ਹਾ ਕੋਈ ਗਲ ਬਾਤ ਪੁਛਦੇ ਵੇਖਕੇ ਹੀ ਅਪਣੇ ਦਿਲ ਵਿਚ ਝਟ ਬੁਰੇ ਖਿਆਲ ਪੈਦਾ ਕਰ ਲੈਂਦੇ ਹਾਂ। ਭਾਵੇਂ ਉਹ ਗੱਲਾਂ ਕਰਨ ਭਾਵੇਂ ਭੈਣ ਭਰਾ ਹੀ ਹੋਣ ਯਾ ਹੋਰ ਕਿਸੇ ਰਿਸ਼ਤੇ ਵਾਲੇ ਹੋਣ। ਸਗੋਂ ਇਥੋਂ ਤਕ ਹਾਲਤ ਖਰਾਬ ਹੋ ਗਈ ਹੈ ਕਿ ਜੇ ਕਦੀ ਕੋਈ ਭਰਾ ਆਪਣੀ ਮੁਟਿਆਰ ਭੈਣ ਨਾਲ ਕਿਧਰੇ ਤੁਰਿਆ ਜਾਂਦਾ ਹੋਵੇ ਤਾਂ ਬਹੁਤ ਸਾਰੇ ਲੋਕੀਂ ਇਹ ਸੋਚਦੇ ਹਨ ਕਿ ਪਤਾ ਨਹੀਂ ਇਨ੍ਹਾਂ ਦੋਹਾਂ ਦਾ ਕੀ ਸੰਬੰਧ ਹੈ ?

ਇਸ ਜ਼ਹਿਰੀਲੀ ਹਵਾ ਦਾ ਅਸਰ ਇਥੋਂ ਤਕ ਹੋ ਗਿਆ ਹੈ ਕਿ ਇਸਤ੍ਰੀ ਦੇ ਪ੍ਰੇਮ ਉਤੇ ਭਰੋਸਾ ਰੱਖਣ ਵਾਲੇ ਕਈ ਪਤੀ ਭੀ ਆਪਣੀ ਇਸਤ੍ਰੀ ਦੇ ਕਿਸੇ ਦੂਜੇ ਆਦਮੀ ਨਾਲ ਗਲ ਬਾਤ ਕਰਦੇ ਵੇਖਕੇ ਹੀ ਉਸਨੂੰ ਸ਼ਕ ਦੀ ਨਜ਼ਰ ਨਾਲ ਵੇਖਣ ਲਗ ਪੈਂਦੇ ਹਨ। ਇਸੇ ਤਰ੍ਹਾਂ ਅਨੇਕਾਂ ਇਸਤ੍ਰੀਆਂ ਵੀ ਅਪਣੇ ਪਤੀ ਨੂੰ ਕਿਸੇ ਹੋਰ ਨਾਲ ਗੱਲ ਬਾਤ ਕਰਦਿਆਂ ਜਾਂ ਪ੍ਰੇਮ ਭਰੇ ਵਰਤਾਉ ਕਰਦਿਆਂ ਵੇਖਕੇ ਸੜ ਜਾਂਦੀਆਂ ਹਨ। ਜਾਣੇ ਭੋਗ ਵਿਲਾਸ ਤੇ ਰੰਗ ਤਮਾਸ਼ੇ ਕਰਨ ਦੇ ਸਿਵਾ ਇਸਤ੍ਰੀ ਮਰਦ ਦਾ ਜਾਂ ਵਿਆਹ ਦਾ ਹੋਰ ਕੋਈ ਆਦਰਸ਼ ਹੀ ਨਹੀਂ !

ਇਸ ਤਰ੍ਹਾਂ ਦੇ ਭੈੜੇ ਖਿਆਲਾਂ ਦੇ ਕਾਰਨ ਪਤੀ ਪਤਨੀ ਦੇ ਅੰਦਰ ਗਲਤ ਫ਼ਹਿਮੀਆਂ ਵਧ ਜਾਂਦੀਆਂ ਹਨ, ਜਿਨ੍ਹਾਂ ਦਾ ਨਤੀਜਾ ਚੰਗਾ ਨਹੀਂ ਨਿਕਲਦਾ। ਸੋ ਹਰ ਹਾਲਤ ਵਿਚ ਪਤੀ ਪਤਨੀ ਨੂੰ ਇਕ ਦੂਜੇ ਉਤੇ ਭਰੋਸਾ ਰਖਣਾ ਚਾਹੀਦਾ ਹੈ। ਇਸ ਭਰੋਸੇ ਦਾ ਫਲ ਸਦਾ ਮਿਠਾ ਨਿਕਲੇਗਾ। ਜੀਵਨ ਵਿਚ ਕਿੰਨੀਆਂ ਹੀ ਘਟਨਾਵਾਂ ਅਜਿਹੀਆਂ ਹੁੰਦੀਆਂ ਹਨ, ਜੋ ਉਪਰੋਂ ਵੇਖਨ ਵਿਚ ਕੁਝ ਹੋਰ ਲਗਦੀਆਂ ਹਨ ਤੇ ਅੰਦਰ ਉਨ੍ਹਾਂ ਦੇ ਕੋਈ ਹੋਰ ਗੱਲ ਲੁਕੀ

ਹੋਈ ਹੁੰਦੀ ਹੈ। ਇਸ ਲਈ ਕਿਸੇ ਗੱਲ ਨੂੰ ਕੇਵਲ ਵੇਖਕੇ ਹੀ ਉਸਦੇ ਬੁਰੇ ਹੋਣ ਦਾ ਖਿਆਲ ਨਹੀਂ ਕਰ ਲੈਣਾ ਚਾਹੀਦਾ। ਪਤੀ ਪਤਨੀ ਜੇਕਰ ਇਕ ਦੂਜੇ ਉਤੇ ਭਰੋਸਾ ਰਖਣ ਅਤੇ ਇਕ ਦੂਜੇ ਨੂੰ ਸਮਝਣ ਸਮਝਾਉਣ ਦਾ ਯਤਨ ਕਰਦੇ ਰਹਿਣ ਤਾਂ ਉਹ ਬਹੁਤ ਸਾਰੀਆਂ ਗਲਤ ਫਹਿਮੀਆਂ ਤੇ ਉਨ੍ਹਾਂ ਤੋਂ ਪੈਦਾ ਹੋਣ ਵਾਲੇ ਦੁੱਖਾਂ ਤੇ ਔਕੜਾਂ ਤੋਂ ਬਚ ਜਾਣਗੇ।

ਇਸਤ੍ਰੀ ਲਈ ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹ ਮਨ ਤੇ ਸਰੀਰ ਦੋਹਾਂ ਕਰਕੇ ਪਤਿ ਬ੍ਰਤਾ ਹੋਵੇ। ਪਤਿਬ੍ਰਤਾ ਦਾ ਅਰਥ ਇਹ ਹੈ ਕਿ ਸਦਾ ਆਪਣੇ ਪਤੀ ਦੀ ਭਲਾਈ ਤੇ ਖੁਸ਼ੀ ਚਾਹੁੰਣ ਵਾਲੀ ਹੋਵੇ ਅਤੇ ਪਤੀ ਦੇ ਸਿਵਾ ਹੋਰ ਸਭ ਨੂੰ ਪਿਤਾ, ਵੀਰ ਜਾਂ ਪੁਤ੍ਰ ਵਤ ਸਮਝੇ! ਪਤਿਬ੍ਰਤਾ ਹੋਣ ਦਾ ਇਹ ਭਾਵ ਨਹੀਂ ਕਿ ਇਸਤ੍ਰੀ ਦੇ ਦਿਲ ਵਿਚ ਪਤੀ ਦੇ ਸਿਵਾ ਹੋਰ ਕਿਸੇ ਲਈ ਜਗ੍ਹਾ ਹੀ ਨਹੀਂ, ਅਤੇ ਨਾ ਹੀ ਇਸਦਾ ਭਾਵ ਇਹ ਹੈ ਕਿ ਵਿਆਹਿਤਾ ਇਸਤ੍ਰੀ ਅਪਣੇ ਭਰਾ ਨੂੰ, ਆਪਣੇ ਦਿਉਰਾਂ ਜਾਂ ਹੋਰ ਕਿਸੇ ਪੁਰਖ ਨੂੰ ਪਵਿੱਤਰ ਅਤ ਸਨੇਹ ਦੇ ਬੰਧਨ ਵਿਚ ਬੰਨ੍ਹ ਹੀ ਨਹੀਂ ਸਕਦੀ। ਇਕ ਇਸਤ੍ਰੀ ਪੂਰਣ ਪਤੀ ਬ੍ਰਤਾ ਹੁੰਦੀ ਹੋਈ ਵੀ ਦੂਜਿਆਂ ਨੂੰ ਆਪਣੇ ਕੋਮਲ ਹਿਰਦੇ ਦੇ ਮਿੱਠੇ ਸਨੇਹ ਨਾਲ ਸਿੰਜ ਸਕਦੀ ਹੈ, ਪਰ ਕਿਤਨੀ ਹੱਦ ਤਕ ਅਜੇਹਾ ਸਨੇਹ ਕਰ ਸਕਦੀ ਹੈ, ਇਹ ਸਾਰਾ ਪਤੀ ਪਤਨੀ ਦੀ ਉਚਤਾਈ ਅਤੇ ਦੋਹਾਂ ਦੇ ਅਪਣੇ ਵਿਸ਼ਵਾਸ ਉਤੇ ਨਿਰਭਰ ਹੈ।

ਸਤ ਯਾ ਸਤੀਤ੍ਵ ਇਸਤ੍ਰੀ ਦਾ ਪ੍ਰਾਣ ਹੈ, ਜੋ ਇਸਤ੍ਰੀ ਇਸਦੇ ਮੱਹਤ੍ਵ ਨੂੰ ਨਹੀਂ ਜਾਣਦੀ, ਉਹ ਇਸਤ੍ਰੀ ਪੁਣੇ ਦੇ ਆਦਰਸ਼ ਅਤੇ ਗੁਝੇ ਭੇਦ ਨੂੰ ਨਹੀਂ ਜਾਣ ਸਕਦੀ। ਪ੍ਰਾਚੀਨ ਗ੍ਰੰਥ ਸਤੀ ਇਸਤ੍ਰੀਆਂ ਦੇ ਉੱਚੇ ਤਿਆਗ ਦੀਆਂ ਕਹਾਣੀਆਂ ਨਾਲ ਭਰੇ ਪਏ ਹਨ। ਸਤੀਤ੍ਵ ਦਾ ਅਰਥ ਸਿਰਫ ਸਰੀਰ ਦੀ ਪਵਿੱਤ੍ਰਤਾ ਹੀ ਨਹੀਂ, ਸਗੋਂ ਮਨ, ਵਚਨ ਤੇ ਸਰੀਰ ਕਰਕੇ ਸਭ ਤਰ੍ਹਾਂ ਨਾਲ ਪਵਿਤ੍ਰ ਪਤਿਬ੍ਰਤਾ

ਹੋਣ ਦਾ ਨਾਮ ਹੈ ਉਹ ਇਸਤ੍ਰੀ ਸਤੀ ਯਾ ਪਵਿੱਤ੍ਰ ਨਹੀਂ ਹੋ ਸਕਦੀ, ਜਿਸ ਦਾ ਮਨ ਤਾਂ ਪਵਿੱਤ੍ਰ ਨਹੀਂ, ਪਰ ਲੋਕਾਂ ਤੋਂ ਸ਼ਰਮ ਤੇ ਡਰ ਕਰਕੇ ਪਵਿੱਤ੍ਰਤਾ ਦਿਖਾਉਂਦੀ ਹੈ।

ਪਹਿਲੇ ਸਮੇਂ ਨਾਲੋਂ ਅਜ ਕਲ ਸਾਡਾ ਜੀਵਨ ਬਹੁਤ ਬਣਾਵਟੀ ਹੋ ਗਿਆ ਹੈ। ਸ਼ਾਨ ਸ਼ੌਕਤ, ਰੰਗ ਰੂਪ ਚਨਕ ਦਮਕ ਵਧਦੀ ਜਾਂਦੀ ਹੈ। ਸ਼ਹਿਰਾਂ ਦਾ ਜੀਵਨ ਤਾਂ ਬਹੁਤ ਹੀ ਭੈੜਾ ਹੋ ਗਿਆ ਹੈ, ਪਰ ਪਿੰਡਾਂ ਵਿਚ ਵੀ ਛਲ ਕਪਟ ਨੇ ਘਰ ਬਣਾ ਲਿਆ ਹੈ। ਜਿਥੇ ਪਿੰਡਾਂ ਵਿਚ ਹਰ ਲੜਕੀ ਨੂੰ ਸਾਰੇ ਪਿੰਡ ਵਾਲੇ ਅਪਣੀ ਧੀ ਭੈਣ ਸਮਝਦੇ ਸਨ, ਉਥੇ ਹੁਣ ਸਮਾਂ ਅਜਿਹਾ ਆ ਗਿਆ ਹੈ ਕਿ ਇਕ ਘਰ ਵਿਚ ਭੀ ਪਵਿੱਤ੍ਰ ਸੰਬੰਧ ਰਖਣਾ ਕਠਨ ਹੋ ਗਿਆ ਹੈ। ਸੋ ਇਸਤ੍ਰੀਆਂ ਲਈ ਆਪਣੀ ਰਖਿਆ ਕਰਨੀ ਹੋਰ ਭੀ ਕਠਨ ਹੋ ਗਈ ਹੈ। ਹਰ ਇਕ ਆਦਮੀ ਆਪਣੀ ਇਸਤ੍ਰੀ ਨੂੰ ਪਤਿਬ੍ਰਤਾ ਵੇਖਣਾ ਚਾਹੁੰਦਾ ਹੈ, ਪਰ ਜੇਕਰ ਉਸ ਨੂੰ ਇਸਤ੍ਰੀ ਬ੍ਰਤ ਧਾਰਨ ਲਈ ਕਿਹਾ ਜਾਏ ਤਾਂ ਉਹ ਖਿੱਝ ਪੈਂਦਾ ਹੈ। ਜਾਣੋਂ ਮਰਦਾਂ ਲਈ ਕੋਈ ਅਜਿਹਾ ਬੰਧਨ ਹੀ ਨਹੀਂ।

ਜਦ ਕਿਸੇ ਦੀ ਇਸਤ੍ਰੀ ਚਲਾਣਾ ਕਰ ਜਾਂਦੀ ਹੈ, ਤਦ ਉਸ ਦਾ ਸਸਕਾਰ ਕਰ ਕੇ ਘਰ ਆਉਂਦ ਸਾਰ ਹੀ ਦੂਜੇ ਵਿਆਹ ਦੀਆਂ ਗੱਲਾਂ ਚਲ ਪੈਂਦੀਆਂ ਹਨ। ਫੇਰ ਏਸ ਤਰ੍ਹਾਂ ਮੋਈ ਹੋਈ ਇਸਤ੍ਰੀ ਦੀ ਯਾਦ ਮਨਾਈ ਜਾਂਦੀ ਹੈ ਕਿ ਹੈਰਾਨੀ ਤੇ ਦੁਖ ਹੁੰਦਾ ਹੈ। ਕਿਤਨੇ ਹੀ ਸਾਊ ਤੇ ਸਦਾਚਾਰੀ ਮਰਦ ਭੀ ਅਨੇਕਾਂ ਘਰੋਗੀ ਕਠਨਾਈਆਂ ਦੇ ਬਹਾਨੇ ਝੱਟ ਦੂਜਾ ਵਿਆਹ ਕਰ ਲੈਂਦੇ ਹਨ। ਪਰ ਜਦ ਕਿਸੇ ਵਿਧਵਾ ਇਸਤ੍ਰੀ ਦਾ ਦੂਜਾ ਵਿਆਹ ਕਰਨ ਦੀ ਗੱਲ ਅਗੇ ਆਉਂਦੀ ਹੈ ਤਾਂ ਪੁਰਾਤਨਤਾ ਦੀ ਗੱਡੀ ਲਿਆ ਕੇ ਸਾਹਮਣੇ ਖੜੀ ਕਰ ਦਿਤੀ ਜਾਂਦੀ ਹੈ। ਪਤੀ ਦੇ ਮਰ ਜਾਣ ਪਰ ਪਤਨੀ ਨੂੰ ਜਿਤਨੀ ਕਠਿਨਾਈ ਪੈਂਦੀ ਹੈ, ਉਤਨੀਆਂ ਕਠਨਾ-

ਈਆਂ ਪਤਨੀ ਦੇ ਮਰ ਜਾਣ ਕਰ ਕੇ ਪਤੀ ਨੂੰ ਨਹੀਂ ਪੈਂਦੀਆਂ। ਸੁ ਜਦ ਅਸੀਂ ਅਧੀਨ ਗ਼ਰੀਬ ਤੇ ਅਨਾਥ ਵਿਧਵਾ ਇਸਤ੍ਰੀਆਂ* ਪਾਸੋਂ ਸਤੀਆਂ ਬਣਨ ਤੇ ਸਾਰੀ ਉਮਰ ਰੰਡੇਪਾ ਕੱਟਣ ਦੀ ਆਸ ਕਰਦੇ ਹਾਂ ਤਾਂ ਤਾਕਤਵਰ ਤੇ ਸਮਰਥ ਮਰਦਾਂ ਨੂੰ ਤਕਲੀਫ਼ਾਂ ਦੀਆਂ ਦੁਹਾਈਆਂ ਦੇਂਦੇ ਵੇਖ ਕੇ ਉਨ੍ਹਾਂ ਉਤੇ ਅਫ਼ਸੋਸ ਹੁੰਦਾ ਹੈ।

ਇਸਤ੍ਰੀ ਕੌਮ ਨੂੰ ਬਣਾਉਣ ਵਾਲੀ ਹੈ, ਉਹ ਮਨੁਖ ਦੀ ਮਾਤਾ ਹੈ। ਇਸੇ ਕਰ ਕੇ ਭਾਈਚਾਰਕ ਦਸ਼ਾ ਤੇ ਸੰਤਾਨ ਉਤੇ ਮਰਦ ਦੇ ਸੁਭਾ ਦਾ ਉਨਾ ਅਸਰ ਨਹੀਂ ਪੈਂਦਾ, ਜਿੰਨਾ ਕਿ ਇਸਤ੍ਰੀ ਦੀ ਉੱਚਤਾ ਜਾਂ ਗਿਰਾਵਟ ਦਾ ਅਸਰ ਪੈਂਦਾ ਹੈ। ਅੱਜ ਭਾਵੇਂ ਮਰਦਾਂ ਨੇ ਆਪਣਾ ਤੇਜ ਤੇ ਗੌਰਵ ਗਵਾ ਦਿਤਾ ਹੈ, ਤਾਂ ਵੀ ਮਾਵਾਂ, ਭੈਣਾਂ, ਨੂੰਹਾਂ, ਧੀਆਂ ਦਾ ਫ਼ਰਜ਼ ਹੈ ਕਿ ਉਹ ਆਪਣੇ ਜੀਵਨ ਦੀ ਪਵਿਤ੍ਰਤਾ ਨੂੰ ਕਾਇਮ ਰਖਦੀਆਂ ਹੋਈਆਂ, ਆਪਣੇ ਤਿਆਗ, ਕੁਰਬਾਨੀ, ਸੇਵਾ ਅਤੇ ਕਸ਼ਟ ਸਹਿਣ ਨਾਲ ਸੱਚੀਆਂ ਇਸਤ੍ਰੀਆਂ ਅਥਵਾ ਮਾਵਾਂ ਬਣ ਕੇ ਸੱਚਾ ਰਾਹ ਵਿਖਾਉਣ। ਮਰਦਾਂ ਨੂੰ ਵੀ ਉੱਪਰ ਉਠਾਉਣ। ਜਿਥੇ ਮਰਦਾਂ ਨੇ ਆਪਣੀ ਸ਼ਰਮ ਤੇ ਵਡਿਆਈ ਨੂੰ ਛਡ ਦਿਤਾ ਹੈ, ਉਥੇ ਸਾਡੀਆਂ ਅਨੇਕਾਂ ਹੀ ਭੈਣਾਂ ਆਪਣੀਆਂ ਅਖਾਂ ਦੇ ਹੰਝੂ ਕੇਰਦੀਆਂ, ਆਪਣੀ ਪਵਿਤ੍ਰਤਾ ਦੇ ਅੰਮ੍ਰਤ ਨਾਲ ਉਨ੍ਹਾਂ ਦੇ ਪਾਪਾਂ ਨੂੰ ਧੋ ਕੇ ਰੋੜ੍ਹਦੀਆਂ ਅਤੇ ਉਨ੍ਹਾਂ ਦੇ ਜੀਵਨ ਨੂੰ ਲਿਸ਼ਕਾਉਂਦੀਆਂ ਰਹਿੰਦੀਆਂ ਹਨ। ਇਹ ਕੋਈ ਘੱਟ ਵਡਿਆਈ ਦੀ ਗੱਲ ਨਹੀਂ।

'ਸੇਵਾ' ਇਸਤ੍ਰੀ ਜੀਵਨ ਨੂੰ ਸੁਖੀ ਬਨਾਉਣ ਦੀ ਕੁੰਜੀ ਹੈ। ਪਤਿਬ੍ਰਤਾ ਬਣਨ ਦੇ ਨਾਲ ਹੀ ਜੀਵਨ ਨੂੰ ਮਿੱਠਾ ਤੇ ਸੁਖੀ

---

* ਵਿਧਵਾ ਇਸਤ੍ਰੀਆਂ ਦੀ ਦਸ਼ਾ ਜਾਣਨ ਲਈ ਦੇਖੋ ਪੁਸਤਕ "ਸੁਸ਼ੀਲਾ ਵਿਧਵਾ"।

ਬਨਾਉਣ ਲਈ ਅਣਥੱਕ ਮਿਹਨਤ ਅਤੇ ਸੇਵਾ ਦੀ ਲੋੜ ਹੈ। ਸਹੁਰੇ ਘਰ ਪਤੀ ਦਾ ਪ੍ਰੇਮ ਪ੍ਰਾਪਤ ਕਰਨ ਦੇ ਪਿਛੋਂ ਭੀ ਬਹੁਤ ਸਾਰੇ ਜ਼ਰੂਰੀ ਫ਼ਰਜ਼ ਬਾਕੀ ਰਹਿ ਜਾਂਦੇ ਹਨ। ਕਿਤਨੀਆਂ ਹੀ ਇਸਤ੍ਰੀਆਂ ਪਤੀ ਦਾ ਪ੍ਰੇਮ ਵੇਖ ਕੇ ਉਸ ਨੂੰ ਸੱਚਾ ਸਮਝ ਲੈਂਦੀਆਂ ਹਨ ਅਰ ਕਹਿੰ-ਦੀਆਂ ਹਨ ਕਿ ਬਸ ਹੁਣ ਕੀ ਹੈ, ਮੇਰਾ ਪਤੀ ਤਾਂ ਮੈਨੂੰ ਆਪਣੇ ਨਾਲੋਂ ਵੀ ਵੱਧ ਪਿਆਰ ਕਰਦਾ ਹੈ। ਪਰ ਉਹ ਸ੍ਵਾਰਥੀ ਮੋਹ ਜਦ ਰੂਪ ਤੇ ਜੋਬਨ ਨੂੰ ਘਟਦਾ ਵੇਖ ਕੇ ਢਿੱਲਾ ਪੈ ਜਾਂਦਾ ਯਾ ਨਸ਼ਟ ਹੋਣ ਲਗਦਾ ਹੈ, ਤਦ ਉਸ ਵਿਚਾਰੀ ਦੀਆਂ ਅੱਖਾਂ ਖੁਲ੍ਹਦੀਆਂ ਹਨ।

ਦੁਨੀਆਂ ਵਿਚ ਬਹੁਤ ਥੋੜੇ ਬੰਦੇ ਸੱਚਾ ਪ੍ਰੇਮ ਕਰਦੇ ਵੇਖੇ ਜਾਂਦੇ ਹਨ ਅਤੇ ਉਨ੍ਹਾਂ ਵਿਚੋਂ ਵੀ ਘਟ ਲੋਕਾਂ ਵਿਚ ਪ੍ਰੇਮ ਨੂੰ ਪਛਾਨਣ ਦੀ ਸ਼ਕਤੀ ਹੁੰਦੀ ਹੈ। ਇਸ ਗਲ ਨੂੰ ਚੇਤੇ ਰਖਣਾ ਚਾਹੀਦਾ ਹੈ ਕਿ ਜਿਥੇ ਇੱਛਾਂ ਵਧਦੀਆਂ ਜਾਂਦੀਆਂ ਹੋਣ, ਜਿਥੇ ਪ੍ਰੇਮ ਵਿਚ ਸਥਿਰਤਾ ਨਾ ਹੋਵੇ, ਜਿਥੇ ਬਹੁਤ ਛੇਤੀ ਇਕ ਦੂਜੇ ਵਿਚ ਪ੍ਰਾਣਾਂ ਨਾਲੋਂ ਵੀ ਵੱਧ ਪ੍ਰੇਮ ਕਰਨ ਦੀਆਂ ਗੱਲਾਂ ਹੋਣ ਲਗਣ, ਉਥੇ ਪ੍ਰੇਮ ਨਹੀਂ ਹੁੰਦਾ, ਮੋਹ ਹੁੰਦਾ ਹੈ। ਪ੍ਰੇਮ ਤਾਂ ਦਿਲ ਦੇ ਇਕ ਹੋ ਜਾਣ ਨਾਲ ਹੁੰਦਾ ਹੈ। ਇਸੇ ਕਰ ਕੇ ਪ੍ਰੇਮ ਜਿਉਂ ਜਿਉਂ ਸ਼ੁੱਧ ਤੇ ਸੱਚਾ ਹੁੰਦਾ ਜਾਂਦਾ ਹੈ, ਤਿਉਂ ਤਿਉਂ ਸਰੀਰ ਦਾ ਵਿਚਾਰ ਉਸ ਵਿਚ ਘਟ ਹੋਣ ਲਗਦਾ ਹੈ।

ਜਿਥੇ ਭੋਗ ਵਾਸ਼ਨਾਂ ਅਤੇ ਸਰੀਰਕ ਮੇਲ ਦਾ ਖ਼ਿਆਲ ਬਲਵਾਨ ਹੋਵੇ ਉਥੇ ਸੱਚਾ ਤੇ ਕਦੇ ਨਾ ਮਿਲਣ ਵਾਲਾ ਪ੍ਰੇਮ ਮੌਲ ਹੀ ਨਹੀਂ ਸਕਦਾ। ਇਸਤ੍ਰੀ ਪੁਰਸ਼ ਦੋਹਾਂ ਨੂੰ ਇਸ ਗੱਲ ਦੀ ਗੰਢ ਬੰਨ੍ਹ ਲੈਣੀ ਚਾਹੀਦੀ ਹੈ ਕਿ ਪ੍ਰੇਮ ਦਾ ਭੋਜਨ ਸਰੀਰ ਦਾ ਸੁਖ ਤੇ ਦਿਲ ਦਾ ਅਨੁਭਵ ਹੈ। ਅਜ ਕਲ ਸਰੀਰਕ ਖਿਚ ਤੇ ਮੋਹ ਨੂੰ ਹੀ ਪ੍ਰੇਮ ਦਾ ਨਾਂ ਦਿੱਤਾ ਜਾਂਦਾ ਹੈ। ਵਿਆਹ ਹੋ ਜਾਣ ਪਰ ਪਤੀ ਪਤਨੀ ਵਿਚ ਇਸ ਤਰ੍ਹਾਂ ਦਾ ਝੂਠਾ ਪ੍ਰੇਮ (ਜੋ ਅਸਲ ਵਿਚ ਵਿਸ਼ੇ ਭੋਗ

ਦਾ ਇਕ ਪ੍ਰਵਾਹ ਮਾਤ੍ਰ ਹੁੰਦਾ ਹੈ) ਬਹੁਤ ਵੇਖਿਆ ਜਾਂਦਾ ਹੈ। ਇਸ ਲਈ ਜਿਹੜੇ ਪਤੀ ਪਤਨੀ ਸਾਰੀ ਉਮਰ ਪ੍ਰੇਮ ਬਣਾਈ ਰਖਣਾ ਚਾਹੁਣ, ਉਨ੍ਹਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਹਨੂੰ ਕਿਸੇ ਹੱਦ ਤਕ ਪਵਿਤ੍ਰ ਬਣਾ ਸਰੀਰਕ ਮੋਹ ਨੂੰ ਪ੍ਰੇਮ ਵਿਚ ਬਦਲ ਸਕਦੇ ਹਨ।

## ਸੇਵਾ ਦਾ ਮੇਵਾ

ਜਿਥੇ ਪਤੀ ਪਤਨੀ ਆਪਣੇ ਫ਼ਰਜ਼ਾਂ ਨੂੰ ਠੀਕ ਸਮਝਦੇ ਹਨ, ਜਿਥੇ ਉਨ੍ਹਾ ਦੇ ਜੀਵਨ ਦਾ ਉਦੇਸ਼ ਸਿਰਫ ਚੁੱਲੇ, ਚੌਂਕੇ, ਭੋਗ ਵਿਲਾਸ ਤੇ ਸੰਤਾਨ ਦੀ ਉਤਪਤੀ ਹੀ ਨਹੀਂ, ਅਤੇ ਉਹ ਇਕ ਦੂਜੇ ਦੀ ਸਹਾਇਤਾ ਨਾਲ ਉਚਾ ਉਠਣ ਤੇ ਕਿਸੇ ਖਾਸ ਆਦਰਸ਼ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ, ਉਥੇ ਉਨ੍ਹਾਂ ਨੂੰ ਵੱਧ ਤੋਂ ਵਧ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ।

ਇਸ ਸੰਜਮ ਲਈ ਇਸਤ੍ਰੀ ਵਿਚ ਸੇਵਾ ਦੀ ਤੇ ਮਰਦ ਵਿਚ ਪ੍ਰਉਪਕਾਰ ਅਤੇ ਤਿਆਗ ਦੀ ਲਗਨ ਹੋਣੀ ਚਾਹੀਦੀ ਹੈ। ਅਜ ਕਲ ਕਿੰਨੇ ਹੀ ਮਰਦ, ਆਪਣੀ ਪਤਨੀ ਦੇ ਸਰੀਰਕ ਮੋਹ ਵਿਚ ਫਸ ਕੇ ਆਪਣੇ ਕੌਮੀ ਤੇ ਘਰੋਗੀ ਫ਼ਰਜ਼ ਭੁੱਲ ਜਾਂਦੇ ਹਨ। ਉਹ ਮਾਤਾ ਪਿਤਾ ਦੀ ਨਿਰਾਦਰੀ ਕਰਦੇ ਹਨ। ਜੇਕਰ ਮਾਂ ਯਾ ਘਰ ਦੀ ਕੋਈ ਹੋਰ ਤੀਵੀਂ ਉਨ੍ਹਾਂ ਦੀ ਪਤਨੀ ਨੂੰ ਕੋਈ ਕੰਮ ਕਰਨ ਲਈ ਅਖੇ, ਤਾਂ ਉਹ ਖਿੱਝ ਜਾਂਦੇ ਹਨ। ਅਜਿਹੇ ਮਰਦ ਆਪਣੀਆਂ ਇਸਤ੍ਰੀਆਂ ਨੂੰ ਵਾਸ਼ਨਾਂ ਤੇ ਮੋਹ ਦੇ ਕਾਰਨ ਕੇਵਲ ਭੋਗ ਵਿਲਾਸ ਜਾਂ ਸਾਧਨ ਅਤੇ ਸ਼ਿੰਗਾਰ ਦੀ ਮੂਰਤੀ ਹੀ ਵੇਖਣਾ ਚਾਹੁੰਦੇ ਹਨ।

ਇਸੇ ਤਰ੍ਹਾਂ ਹੀ ਕਈ ਇਸਤ੍ਰੀਆਂ ਇੰਨੀਆਂ ਸਵਾਰਥ ਣਾਂ ਤੇ ਈਰਖਾ ਵਾਲੀਆਂ ਹੁੰਦੀਆਂ ਹਨ ਕਿ ਜੇਕਰ ਉਨ੍ਹਾਂ ਦਾ ਪਤੀ ਇਕੱਲਾ ਕਮਾਈ ਕਰਦਾ ਹੈ, ਛੱਟ ਕਮਾਕੇ ਲਿਆਉਂਦਾ ਹੈ–ਤਾਂ

ਉਹ ਸੱਸ ਸਹੁਰੇ, ਨਿਨਾਣ, ਦੇਵਯ ਤੁ ਭੈਣ, ਭਰਜਾਈ ਨੂੰ ਮੇਹਣੇ ਤਾਨੇ ਮਾਰਦੀਆਂ ਹਨ ਜਿਸਦਾ ਨਤੀਜਾ ਕਦੇ ਜ਼ਹਿਰੀਲਾ ਤੇ ਬਹੁਤ ਦੁਖਦਾਈ ਹੋ ਜਾਂਦਾ ਹੈ।

ਪਤੀ ਨੂੰ ਪਤਨੀ ਉਤੇ ਅਰ ਪਤਨੀ ਨੂੰ ਪਤੀ ਉਤੇ ਆਪਣਾ ਹੱਕ ਤਾਂ ਜ਼ਰੂਰ ਸਮਝਣਾ ਚਾਹੀਦਾ ਹੈ, ਪਰ ਇਸ ਹੱਕ ਦੀ ਵਰਤੋਂ ਚੰਗੀਆਂ ਗੱਲਾਂ ਵਿਚ ਹੋਣੀ ਚਾਹੀਦੀ ਹੈ। ਪਤਨੀ ਨੂੰ ਇਸ ਗੱਲ ਦਾ ਸਦਾ ਧਿਆਨ ਰਖਣਾ ਚਾਹੀਦਾ ਹੈ ਕਿ ਉਸ ਦੀ ਸੱਸ ਨੇ ਉਸ ਦੇ ਪਤੀ ਨੂੰ ਜਨਮ ਦਿਤਾ ਹੈ। ਉਸ ਨੇ ਉਸ ਦੇ ਲਈ ਅਨੇਕਾਂ ਕਸ਼ਟ ਸਹੇ ਹਨ। ਉਸ ਦਾ ਪਤੀ ਜੋ ਕੁਝ ਹੈ ਉਸ ਵਿਚ ਉਸ ਦੀ ਸੱਸ ਦਾ ਬਹੁਤਾ ਹਿੱਸਾ ਹੈ, ਇਸ ਲਈ ਉਸ ਦੇ ਪਤੀ ਉਤੇ ਉਸ ਦੀ ਸੱਸ ਦਾ ਕੋਈ ਘਟ ਹੱਕ ਨਹੀਂ। ਜੇਕਰ ਪਤੀ ਚੰਗਾ ਹੈ ਤਾਂ ਇਸਦਾ ਮਾਣ ਉਸਦੀ ਸੱਸ ਨੂੰ ਹੈ। ਇਸ ਲਈ ਹਰ ਇਕ ਵਿਆਹੀ ਲੜਕੀ ਨੂੰ ਚਾਹੀਦਾ ਹੈ ਕਿ ਉਹ ਪਤੀ ਦੇ ਨਾਲ ਹੀ ਸੱਸ, ਸਹੁਰੇ ਅਤੇ ਘਰ ਦੇ ਹੋਰਨਾਂ ਦੇ ਸੁਖ ਅਰਾਮ ਦਾ ਭੀ ਧਿਆਨ ਰਖੇ।

ਨਿਸ਼ਕਾਮ ਸੇਵਾ ਅਤੇ ਪ੍ਰੇਮ ਪੂਰਤ ਦਿਲ ਨਾਲੋਂ ਵਧ ਮਨੁੱਖ ਨੂੰ ਉੱਚਾ ਉਠਾਉਣ ਵਾਲੀ ਹੋਰ ਕੋਈ ਚੀਜ਼ ਦੁਨੀਆਂ ਵਿਚ ਨਹੀਂ। ਜਿਹੜੀ ਇਸਤ੍ਰੀ ਜੀਵਨ ਦਾ ਸੱਚਾ ਸੁਖ ਲੈਣਾ ਚਾਹੁੰਦੀ ਹੈ; ਉਸ ਨੂੰ ਕਦੇ ਆਲਸ ਨਹੀਂ ਕਰਨਾ ਚਾਹੀਦਾ। ਜਿਥੋਂ ਤਕ ਹੋ ਸਕੇ ਸਦਾ ਘਰ ਨੂੰ ਸਾਫ਼ ਰਖਣ, ਤੇ ਛੋਟੇ ਵਡੇ ਦੀ ਸੇਵਾ ਕਰਨ ਵਿਚ ਲਗੇ ਰਹਿਣਾ ਚਾਹੀਦਾ ਹੈ। ਕਈ ਲੜਕੀਆਂ ਸੇਵਾ ਕਰਨ ਨੂੰ ਗ਼ੁਲਾਮੀ ਸਮਝਦੀਆਂ ਹਨ। ਉਹ ਇਹ ਨਹੀਂ ਜਾਣਦੀਆਂ ਕਿ ਸੇਵਾ ਵੀ ਕਈ ਤਰ੍ਹਾਂ ਦੀ ਹੁੰਦੀ ਹੈ। ਇਕ ਕੁਲੀ ਵੀ ਸੇਵਕ ਹੈ ਅਤੇ ਮਹਾਤਮਾ ਗਾਂਧੀ ਜੀ ਭੀ ਸੇਵਾ ਕਰਦੇ ਹਨ, ਪਰ ਫ਼ਰਕ ਇੰਨਾ ਹੈ ਕਿ ਕੁਲੀ ਦੇ ਕੰਮ ਨੂੰ ਤਾਂ ਲੋਕ ਪਸੰਦ ਨਹੀਂ ਕਰਦੇ, ਪਰ ਮਹਾਤਮਾ ਗਾਂਧੀ ਜੇਹੀ ਸੇਵਾ ਕਰਨ ਨੂੰ ਵਡੇ ਵਡੇ ਤਰਸਦੇ

ਹਨ। ਇਸ ਤੋਂ ਇਹ ਸੁਖੈਨ ਹੀ ਸਮਝ ਸਕੀਦਾ ਹੈ ਕਿ ਸੇਵਾ ਕੋਈ ਬੁਰੀ ਚੀਜ਼ ਨਹੀਂ: ਹਾਂ ਉਸ ਦੇ ਕਰਨ ਦਾ ਢੰਗ ਚੰਗਾ ਜਾਂ ਬੁਰਾ ਹੋ ਸਕਦਾ ਹੈ, ਸੇਵਾ ਵਿਚ ਆਪਣੇ ਲਾਭ ਤੇ ਸਵਾਰਥ ਦਾ ਭਾਵ ਜਿੰਨਾ ਘਟ ਹੋਵੇ ਓਨੀ ਹੀ ਉਹ ਸੇਵਾ ਉੱਚੀ ਹੈ। ਸੇਵਾ ਨਾਲ ਅਸੀਂ ਦੂਜਿਆਂ ਦੀ ਸਹਾਇਤਾ ਕਰਦੇ ਤੇ ਆਪਣੇ ਮਨ ਨੂੰ ਨਿਰਮਲ ਬਣਾਉਂਦੇ ਹਾਂ। ਝੂਠਾ ਅਹੰਕਾਰ ਤੇ ਆਲਸ ਸਾਡੇ ਪਾਸ ਨਹੀਂ ਆਉਂਦੇ। ਸਰੀਰ ਚੰਗੇ ਕੰਮ ਵਿਚ ਲੱਗਾ ਰਹਿੰਦਾ ਤੇ ਮਜ਼ਬੂਤ ਹੁੰਦਾ ਹੈ। ਇਸ ਤੋਂ ਬਿਨਾ ਸੱਚੀ ਅਤੇ ਪ੍ਰੇਮ ਦੀ ਸੇਵਾ ਨਾਲ ਅਸੀਂ ਵਿਰੋਧੀ ਦਾ ਦਿਲ ਭੀ ਜਿੱਤ ਸਕਦੇ ਹਾਂ। ਉਸ ਦੇ ਦਿਲ ਦੀ ਈਰਖਾ, ਦ੍ਵੈਖ ਤੇ ਜਲਨ ਦੂਰ ਕਰ ਕੇ ਉਸ ਨੂੰ ਵੀ ਆਪਣੇ ਨਾਲ ਉੱਚਾ ਉਠਾ ਸਕਦੇ ਹਾਂ।

ਇਸਤ੍ਰੀਆਂ ਨੂੰ ਸੇਵਾ ਕਰਨ ਦਾ ਉਪਦੇਸ਼ ਦੇਣਾ ਬਿਰਥਾ ਹੈ, ਕਿਉਂਕਿ ਉਨ੍ਹਾਂ ਦਾ ਤਾਂ ਸਾਰਾ ਜੀਵਨ ਹੀ ਸੇਵਾ ਅਰ ਤਿਆਗ ਦਾ ਹੁੰਦਾ ਹੈ। ਪਰ ਏਨੀ ਗੱਲ ਲਿਖਣ ਦੀ ਲੋੜ ਇਸ ਲਈ ਪਈ ਕਿ ਸੇਵਾ ਕਰਦੀਆਂ ਹੋਈਆਂ ਕਈ ਇਸਤ੍ਰੀਆਂ ਆਪਣੇ ਦਿਲ ਵਿਚ ਕੁੜ੍ਹਦੀਆਂ ਅਤੇ ਕੰਮ ਕਰਦਿਆਂ ਆਪਣੇ ਆਪ ਨੂੰ ਗ਼ੁਲਾਮ ਸਮਝ-ਦੀਆਂ ਹਨ। ਇਸ ਤੋਂ ਉਨ੍ਹਾਂ ਦੀ ਸੇਵਾ ਨੂੰ ਜੋ ਮਿੱਠਾ ਫਲ ਲਗਣਾ ਚਾਹੀਦਾ ਸੀ ਉਹ ਨਹੀਂ ਲਗਦਾ। ਮਨ ਵਿਚ ਖਿੱਝ ਕੇ ਸੇਵਾ ਕਰਨ ਨਾਲ ਉਲਟਾ ਨੁਕਸਾਨ ਹੁੰਦਾ ਹੈ। ਇਸ ਲਈ ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਸੇਵਾ ਕੋਈ ਅਯੋਗ ਚੀਜ਼ ਨਹੀਂ। ਇਸ ਤੋਂ ਦੂਜੇ ਭਾਵੇਂ ਖ਼ੁਸ਼ ਨਾ ਭੀ ਹੋਣ ਆਪਣਾ ਮਨ ਬਹੁਤ ਨਿਰਮਲ ਤੇ ਸ਼ਾਂਤ ਹੋ ਜਾਂਦਾ ਹੈ।

# ਪੁਰਸ਼ ਦਾ ਦਿਲ

ਪੁਰਸ਼ ਸਦਾ ਹਕੂਮਤ ਕਰਨੀ ਚਾਹੁੰਦਾ ਹੈ। ਹਕੂਮਤ ਕਰਨੀ ਉਸਦੀ ਆਦਤ ਹੋ ਗਈ ਹੈ। ਉਹ ਹਰ ਇਕ ਦਸ਼ਾ ਵਿਚ ਹਕੂਮਤ ਕਰ ਕੇ ਆਪਣੇ ਹੰਕਾਰ ਦੀ ਭੁਖ ਮਿਟਾਉਣੀ ਚਾਹੁੰਦਾ ਹੈ। ਭਾਵੇਂ ਉਹ ਕਿੰਨੇ ਹੀ ਸੁਧਰੇ ਹੋਏ ਖਿਆਲਾਂ ਵਾਲਾ ਅਤੇ ਉਦਾਰ ਹੋਵੇ, ਉਹ ਸਦਾ ਇਹੋ ਚਾਹੁੰਦਾ ਹੈ ਕਿ ਇਸਤ੍ਰੀ ਉਸਦਾ ਹੁਕਮ ਮੰਨੇ ਤੇ ਉਸਦੇ ਪਿਛੇ ਪਿਛੇ ਤੁਰੇ। ਬਹੁਤ ਸਾਰੇ ਪੁਰਸ਼ ਇਸ ਗੱਲ ਤੋਂ ਇਨਕਾਰ ਕਰਨਗੇ ਅਤੇ ਆਪਣੀਆਂ ਇਸਤ੍ਰੀ ਨੂੰ ਆਖਣਗੇ–'ਮੇਰੀ ਤਾਂ ਇਹੋ ਮਰਜ਼ੀ ਹੈ ਪਰ ਜੇ ਤੂੰ ਠੀਕ ਨ ਸਮਝੇਂ ਤਾਂ ਜਾਣ ਦੇਹ।' ਪਰ ਇਸ ਤਰ੍ਹਾਂ ਆਖਣ ਵਾਲਾ ਪੁਰਸ਼ ਮਨ ਵਿਚ ਇਹੋ ਚਾਹੁੰਦਾ ਹੈ ਕਿ ਇਸਤ੍ਰੀ ਉਸਨੂੰ ਆਖੇ:–'ਤੁਸੀਂ ਜੀ, ਮੇਰੀ ਮਰਜ਼ੀ ਕੀ ਹੈ? ਜੋ ਤੁਹਾਡੀ ਮਰਜ਼ੀ ਸੋ ਮੇਰੀ ਮਰਜ਼ੀ!' ਜੇਕਰ ਕੋਈ ਇਸਤ੍ਰੀ ਆਪਣਾ ਮਤ-ਭੇਦ ਦੱਸ ਕੇ ਇਹ ਆਖੇ:– 'ਜੀ ਮੇਰੀ ਤਾਂ ਇਹ ਮਰਜ਼ੀ ਹੈ ਪਰ ਤੁਸਾਡੀ ਗਲ ਮੰਨਣੀ ਹੀ ਮੇਰਾ ਫਰਜ਼।' ਫੇਰ ਪੁਰਸ਼ ਦੇ ਅਹੰਕਾਰ ਦੀ ਭੁੱਖ ਮਿਟ ਜਾਂਦੀ ਹੈ। ਉਹ ਸਮਝਦਾ ਹੈ ਕਿ ਮੇਰੀ ਇਸਤ੍ਰੀ ਸੋਲਾਂ ਆਨੇ ਮੇਰੀ ਹਕੂਮਤ ਨੂੰ ਮੰਨਦੀ ਹੈ। ਜੇਕਰ ਕੋਈ ਇਸਤ੍ਰੀ ਜਿਸ ਗੱਲ ਨੂੰ ਠੀਕ ਜਾਣਦੀ ਹੈ ਉਸੇ ਨੂੰ ਕਰਦੀ ਜਾਵੇ ਤਾਂ ਜੇਹੜੇ ਪੁਰਸ਼ ਇਸਤ੍ਰੀਆਂ ਦੀ ਵਡਿਆਈ ਅਤੇ ਬਰਾਬੀ ਦੇ ਹੱਕਾਂ ਨੂੰ ਮੰਨਦੇ ਹਨ ਉਹ ਵੀ ਆਪਣੇ ਮਨ ਵਿਚ ਕੁਝ ਅਸ਼ਾਂਤ ਹੋ ਜਾਣਗੇ।

ਜਿਥੇ ਪੁਰਸ਼ ਸਦਾ ਹੀ ਇਸਤ੍ਰੀ ਤੋਂ ਆਪਣੇ ਪਿਛੇ ਤੁਰਨ ਦੀ

ਆਸ ਰਖਦਾ ਹੈ, ਉਥੇ ਉਹ ਆਪਣਾ ਮਤ ਭੇਦ ਹੋਣ ਪਰ ਇਸਤ੍ਰੀਆਂ ਦੀ ਗੱਲ ਮੰਨਕੇ ਵੀ ਉਸ ਪੁਰ ਤੁਰਨ ਲਈ ਤਿਆਰ ਨਹੀਂ ਹੁੰਦਾ। ਉਹ ਹਰ ਸਮੇਂ ਇਹੋ ਚਾਹੁੰਦਾ ਹੈ ਕਿ ਉਸੇ ਦੀ ਗੱਲ ਮੰਨੀ ਜਾਵੇ, ਅਨੇਕਾਂ ਇਸਤ੍ਰੀਆਂ ਨੇ ਆਪਣੀ ਹੋਂਦ ਨੂੰ ਆਪਣੇ ਖ਼ਿਆਲਾਂ ਨੂੰ ਆਪਣੀ ਇਛਾਂ ਨੂੰ, ਪਤੀ ਦੀਆਂ ਇਛਾਂ ਉਤੇ ਕੁਰਬਾਨ ਕਰ ਦਿਤਾ ਹੈ। ਪਰ ਅਜੇਹਾ ਪੁਰਸ਼ ਘਟ ਵੇਖਣ ਵਿਚ ਆਉਂਦਾ ਹੈ ਜਿਸ ਨੇ ਮਤ ਭੇਦ ਹੋਣ ਪਰ ਵੀ ਜੀਵਨ ਦੀਆਂ ਆਪਣੀਆਂ ਖ਼ਾਸ ਇੱਛਾਂ ਨੂੰ ਆਪਣੀ ਪਤਨੀ ਦੀ ਇੱਛਾ ਤੇ ਸਲਾਹ ਉਤੇ ਕੁਰਬਾਨ ਕਰ ਦਿਤਾ ਹੋਵੇ। ਪੁਰਸ਼ ਸਦਾ ਇਹੋ ਚਾਹੁੰਦਾ ਹੈ ਕਿ ਉਸ ਦੀ ਹਕੂਮਤ ਮੰਨੀ ਜਾਵੇ, ਪਰ ਉਹ ਆਪ ਆਪਣੇ ਉਤੇ ਕਿਸੇ ਦੀ ਹਕੂਮਤ ਨਹੀਂ ਚਾਹੁੰਦਾ। ਉਹ ਦੂਜਿਆਂ ਨੂੰ ਬੰਧਨ ਵਿਚ ਰਖਣਾ ਜਾਣਦਾ ਹੈ, ਪਰ ਆਪ ਬੰਧਨ ਵਿਚ ਰਹਿਣਾ ਉਸ ਨੇ ਨਹੀਂ ਸਿਖਿਆ।

ਪੁਰਸ਼ ਪ੍ਰੇਮ ਕਰਨ ਲਗਦਾ ਹੈ, ਤਾਂ ਬਹੁਤ ਛੇਤੀ ਪਾਗ਼ਲ ਹੋ ਜਾਂਦਾ ਹੈ। ਦੇਰ ਉਸ ਨੂੰ ਅਸਹਿ ਹੋ ਜਾਂਦੀ ਹੈ, ਉਹ ਪ੍ਰੇਮ ਦੇ ਪਿਛੇ ਪ੍ਰਾਣ ਦੇ ਸਕਦਾ ਹੈ, ਪਰ ਇਸਤ੍ਰੀਆਂ ਵਾਂਗ ਸਾਰੀ ਉਮਰ ਹੌਲੀ ਹੌਲੀ ਤਿਲ ਤਿਲ ਕਰ ਕੇ ਸੜਨਾ ਉਸ ਦੇ ਸੁਭਾਵ ਦੇ ਉਲਟ ਹੈ। ਉਹ ਇਕ ਵਾਰੀ ਸਭ ਕੁਝ ਦੇ ਸਕਦਾ ਹੈ। ਪਰ ਹੌਲੀ ਹੌਲੀ ਸਾਰੀ ਉਮਰ-ਦਾਨ ਕਰਦੇ ਰਹਿਣਾ ਤੇ ਅੰਤ ਤਕ ਪੂਰੀ ਤਰ੍ਹਾਂ ਅਤੇ ਪਹਿਲੇ ਦੀ ਤਰ੍ਹਾਂ ਵਫ਼ਾਦਾਰ ਬਣੇ ਰਹਿਣਾ ਉਸ ਲਈ ਔਖਾ ਹੈ। ਉਹ ਸਦਾ ਝਮੇਲਿਆਂ ਤੋਂ ਬਚਣਾ ਚਾਹੁੰਦਾ ਹੈ। ਉਹ ਕਈ ਵਾਰੀ ਅਜੇਹੇ ਬਹਾਨੇ ਢੂੰਡਦਾ ਹੈ ਕਿ ਭੋਲੀ ਇਸਤ੍ਰੀ ਨੂੰ ਉਸ ਦੇ ਪਿੱਛੇ ਤੁਰਨਾ ਹੀ ਪੈਂਦਾ ਹੈ। ਸੰਤਾਨ ਸੰਬੰਧੀ ਮਾਤਾ ਪਿਤਾ ਦੋਹਾਂ ਦੀ ਜ਼ਿਮੇਵਾਰੀ ਇਕੋ ਜਹੀ ਹੈ, ਪਰ ਦੇਖਣ ਵਿਚ ਆਉਂਦਾ ਹੈ ਕਿ ਪੁਰਸ਼ ਇਸ ਝਗੜੇ ਨੂੰ ਇਸਤ੍ਰੀ ਉਪਰ ਛੱਡ ਦੇਂਦਾ ਹੈ। ਆਪਣੇ ਬਾਲ ਬੱਚੇ ਨੂੰ ਵੇਖ ਕੇ ਉਹ ਖ਼ੁਸ਼ ਤਾਂ ਹੁੰਦਾ ਹੈ, ਉਹ ਚਾਹੁੰਦਾ ਹੈ ਕਿ ਮੇਰੇ ਘਰ

ਆਉਂਦਿਆਂ ਹੀ ਬੱਚਾ ਦੌੜ ਕੇ ਮੇਰੀ ਗੋਦ ਵਿਚ ਆ ਜਾਵੇ, ਪਰ ਜੇ ਉਸ ਦੀ ਮਾਂ ਇਹ ਚਾਹੇ ਕਿ ਚਾਰ ਛੇ ਮਹੀਨੇ ਉਸ ਦਾ ਪਿਤਾ ਉਸ ਬੱਚੇ ਨੂੰ ਸੰਭਾਲੇ ਤਾਂ ਉਹ ਪਤੀ ਇਸ ਦੇ ਲਈ ਕਦੇ ਵੀ ਖੁਸ਼ੀ ਖੁਸ਼ੀ ਤਿਆਰ ਨਹੀਂ ਹੋਵੇਗਾ। ਪਤੀ ਦਾਈਆਂ ਤੇ ਨੌਕਰਾਣੀਆਂ ਰਖ ਕੇ ਦੇ ਸਕਦਾ ਹੈ, ਪਰ ਆਪ ਇਸ ਝਮੇਲੇ ਵਿਚ ਨਹੀਂ ਫਸੇਗਾ। ਪੁਰਸ਼ ਸਦਾ ਘਰੋਗੇ ਜੀਵਨ ਦੀਆਂ ਜ਼ਿਮੇਵਾਰੀਆਂ ਤੇ ਬੰਧਨਾਂ ਤੋਂ ਉਦਾਸ ਰਹਿੰਦਾ ਹੈ। ਪਰ ਉਹ ਇਹ ਵੀ ਚਾਹੁੰਦਾ ਹੈ ਕਿ ਉਸ ਦੀ ਇਸਤ੍ਰੀ ਉਨ੍ਹਾਂ ਹੀ ਬੰਧਨਾਂ ਵਿਚ ਸੁਖੀ ਦਿੱਸੇ।

ਪੁਰਸ਼ ਆਪਣੇ ਆਪ ਨੂੰ ਫੈਲਾਣਾ ਚਾਹੁੰਦਾ ਹੈ। ਉਹ ਬਾਹਰੀ ਜੀਵਨ ਦਾ ਤੇ ਬਾਹਰੀ ਸੰਸਾਰ ਦਾ ਪ੍ਰੇਮੀ ਹੈ। ਇਕ ਨਾਲ ਪ੍ਰੇਮ ਕਰ ਕੇ ਉਸ ਦੀ ਖ਼ਾਤਰ ਆਪਣੇ ਜੀਵਨ ਨੂੰ ਕੁਰਬਾਨ ਕਰ ਦੇਣਾ ਤੇ ਸੰਸਾਰ ਦੀਆਂ ਹੋਰਨਾਂ ਗੱਲਾਂ ਦਾ ਖ਼ਿਆਲ ਨਾ ਕਰਨਾ ਇਹ ਪੁਰਸ਼ ਕੋਲੋਂ ਨਹੀਂ ਹੋ ਸਕਦਾ। ਪੁਰਸ਼ ਕੇਵਲ ਇਹੋ ਹੀ ਨਹੀਂ ਚਾਹੁੰਦਾ ਕਿ ਉਸ ਦੀ ਇਸਤ੍ਰੀ ਉਸ ਨੂੰ ਪਿਆਰ ਕਰਦੀ ਰਹੇ, ਸਗੋਂ ਉਹ ਇਹ ਭੀ ਚਾਹੁੰਦਾ ਹੈ ਕਿ ਉਸ ਦੀ ਇਸਤ੍ਰੀ ਆਪਣੇ ਪ੍ਰੇਮ ਨੂੰ ਬਰਾਬਰ ਪ੍ਰਗਟ ਭੀ ਕਰੇ। ਉਹ ਪਤਨੀ ਦੇ ਚੁਪ ਚਾਪ, ਸ਼ਾਂਤ, ਸਨੇਹ ਤੇ ਮਿੱਠੇ ਸੁਭਾਵ ਤੋਂ ਹੀ ਖ਼ੁਸ਼ ਨਹੀਂ ਹੁੰਦਾ, ਸਗੋਂ ਇਹ ਚਾਹੁੰਦਾ ਹੈ ਕਿ ਪਤਨੀ ਉਸ ਨੂੰ ਆਖੇ—"ਪਿਆਰੇ ਜੀ! ਤੁਹਾਡੇ ਪ੍ਰੇਮ ਵਿਚ ਮੇਰੀ ਬੁਰੀ ਦਸ਼ਾ ਹੈ। ਮੈਨੂੰ ਤੁਹਾਡੇ ਇਥੇ ਨਾ ਰਹਿਣ ਵੇਲੇ ਖਾਣਾ ਪੀਣਾ ਭੀ ਚੰਗਾ ਨਹੀਂ ਲੱਗਦਾ।" ਇਸ ਤਰ੍ਹਾਂ ਪੁਰਸ਼ ਪ੍ਰੇਮ ਭੀ ਚਾਹੁੰਦਾ ਹੈ ਤੇ ਉਸ ਪ੍ਰੇਮ ਦਾ ਦਿਖਾਵਾ ਭੀ। ਉਹ ਚੁਪ-ਚਾਪ ਪ੍ਰੇਮ ਰੂਪੀ ਅੰਮ੍ਰਿਤ ਨੂੰ ਪੀ ਕੇ ਤ੍ਰਿਪਤ ਹੋਣ ਵਾਲਾ ਨਹੀਂ। ਅਜੇਹੀ ਤਾਂ ਇਸਤ੍ਰੀ ਹੀ ਹੈ ਜੋ ਆਪਣੇ ਅਨਬੋਲਦੇ ਨੂੰ ਭੀ ਪ੍ਰਾਪਤ ਕਰ ਕੇ ਤ੍ਰਿਪਤ ਹੋ ਜਾਂਦੀ ਹੈ ਤੇ ਆਪਣੇ ਆਪ ਨੂੰ ਧੰਨ ਸਮਝਦੀ ਹੈ।

* * * *

ਪੁਰਸ਼ ਭਾਵੇਂ ਆਪਣੇ ਆਪ ਨੂੰ ਇਸਤ੍ਰੀ ਦਾ ਰਾਖਾ ਅਤੇ ਮਾਲਕ ਸਮਝਦਾ ਹੈ ਫੇਰ ਭੀ ਉਹ ਏਹੋ ਚਾਹੁੰਦਾ ਹੈ ਕਿ ਮੇਰੀ ਇਸਤ੍ਰੀ ਮੇਰੀ ਸੇਵਾ ਤੇ ਦੇਖ ਭਾਲ ਇਸ ਤਰ੍ਹਾਂ ਕਰੇ ਤੇ ਮੇਰਾ ਇਸ ਤਰ੍ਹਾਂ ਧਿਆਨ ਰਖੇ, ਜਿਸ ਤਰ੍ਹਾਂ ਉਹ ਆਪਣੇ ਬੱਚੇ ਦਾ ਰਖਦੀ ਹੈ ਯਾ ਰਖ ਸਕਦੀ ਹੈ। ਇਹ ਗੱਲ ਉਹ ਸਿਰਫ਼ ਆਪਣੀ ਇਸਤ੍ਰੀ ਪਾਸੋਂ ਹੀ ਨਹੀਂ ਚਾਹੁੰਦਾ ਸਗੋਂ ਉਹ ਜਿਸ ਵੀ ਇਸਤ੍ਰੀ ਨੂੰ ਪਿਆਰ ਕਰਦਾ ਹੈ ਭਾਵੇਂ ਉਹ ਭੈਣ ਹੋਵੇ, ਯਾ ਧੀ ਹੋਵੇ, ਉਹ ਸਦਾ ਉਸ ਤੋਂ ਅਜੇਹੀ ਹੀ ਆਸ ਰਖਦਾ ਹੈ। ਉਹ ਚਾਹੁੰਦਾ ਹੈ ਕਿ ਜਿਸ ਤਰ੍ਹਾਂ ਇਕ ਮਾਂ, ਬੱਚੇ ਨੂੰ ਬੀਮਾਰੀ ਦੀ ਹਾਲਤ ਵਿਚ ਇਕ ਪਲ ਭਰ ਨਹੀਂ ਛੱਡਦੀ ਅਤੇ ਉਸ ਦੇ ਲਈ ਤੜਫ਼ਦੀ ਹੈ, ਉਸੇ ਤਰ੍ਹਾਂ ਹੀ ਮੈਂ ਜਿਸ ਇਸਤ੍ਰੀ ਨੂੰ ਪਿਆਰ ਕਰਦਾ ਹਾਂ ਜਿਸ ਦੇ ਨਾਲ ਨਾਲ ਅਪਣੱਤ ਪ੍ਰਤੀਤ ਕਰਦਾ ਹਾਂ, ਉਹ ਵੀ ਮੇਰੇ ਦੁਖ ਦਰਦ ਵਿਚ ਉਸ ਬੱਚੇ ਦੀ ਮਾਂ ਵਾਂਗ ਮੇਰੀ ਸੇਵਾ ਕਰੇ, ਮੈਨੂੰ ਆਪਣੇ ਆਸਰੇ ਜਾਂ ਛਾਂ ਤੋਂ ਅੱਡ ਨਾ ਕਰੇ, ਮੇਰੀਆਂ ਲੋੜਾਂ ਤੇ ਮੇਰੀਆਂ ਸਹੂਲਤਾਂ ਦਾ ਵੀ ਓਸੇ ਤਰ੍ਹਾਂ ਧਿਆਨ ਰਖੇ ਜਿਸ ਤਰ੍ਹਾਂ ਮਾਂ ਬੱਚੇ ਦਾ ਰਖਦੀ ਹੈ। ਚਾਹੇ ਉਸ ਪੁਰਸ਼ ਦਾ ਕਿਹਾ ਹੀ ਸੰਬੰਧ ਹੋਵੇ, ਪਰ ਉਹ ਉਸ ਦੇ ਉਪਰ ਆਪਣੀਆਂ ਸਹੂਲਤਾਂ ਦੀ ਜ਼ਿਮੇਵਾਰੀ ਪਾਉਣੀ ਹੀ ਚਾਹੁੰਦਾ ਹੈ। ਉਹ ਇਹ ਨਹੀਂ ਚਾਹੁੰਦਾ ਕਿ ਮੈਨੂੰ ਆਪਣੇ ਕਪੜੇ ਲੀੜੇ ਦੀ ਖਬਰ ਆਪ ਰਖਣੀ ਪਵੇ. ਉਹ ਇਹ ਵੀ ਨਹੀਂ ਚਾਹੁੰਦਾ ਕਿ ਆਪਣੇ ਖਾਣ ਪੀਣ ਲਈ ਉਸ ਨੂੰ ਦੱਸਣਾ ਪਵੇ।

ਉਹ ਤਾਂ ਇਹ ਚਾਹੁੰਦਾ ਹੈ ਕਿ ਉਸ ਦੀ ਇਸਤ੍ਰੀ ਉਸ ਨੂੰ ਖਲਾਵੇ ਪਿਲਾਵੇ, ਹੱਸੇ, ਬੋਲੇ, ਦੁਖ ਦੇ ਵੇਲੇ ਧੀਰਜ ਦੇਵੇ ਤੇ ਆਖੇ: 'ਤੁਸੀਂ ਘਾਬਰੋ ਨਾ, ਰੱਬ ਚੰਗੀ ਕਰੇਗਾ, ਤੁਸੀਂ ਦਿਲ ਨੂੰ ਨਾ ਡੁਲਾਓ।' ਆਦਿ। ਹਰ ਇਕ ਪੁਰਸ਼ ਇਹੋ ਚਾਹੁੰਦਾ ਹੈ ਕਿ ਉਹ ਜਦ ਬੀਮਾਰ ਪੈ ਜਾਵੇ, ਤਾਂ ਓਸ ਦੀ ਇਸਤ੍ਰੀ ਓਸ ਦੇ ਕੋਲ ਬੈਠੀ

ਰਹੇ, ਆਖਣ ਪਰ ਵੀ ਨਾ ਉੱਠੇ, ਆਪਣੇ ਤਨ ਬਦਨ ਦੀ ਸੁਧ ਭੁਲਾ ਕੇ ਸੇਵਾ ਕਰੇ। ਬੀਮਾਰ ਪਿਆ ਪੁਰਸ਼ ਇਸਤ੍ਰੀ ਨੂੰ ਕਹਿੰਦਾ ਹੈ-'ਜਾਹ ਰੋਟੀ ਖਾ, ਦੇਰ ਹੋ ਗਈ ਹੈ, ਕਿਧਰੇ ਤੂੰ ਆਪ ਭੀ ਬੀਮਾਰ ਨਾ ਹੋ ਜਾਵੀਂ, ਮੈਨੂੰ ਫੇਰ ਬਹੁਤੀ ਤਕਲੀਫ਼ ਹੋਵੇਗੀ ਤੇ ਤਬੀਅਤ ਖ਼ਰਾਬ ਹੋ ਜਾਵੇਗੀ।' ਜੇਕਰ ਇਸਤ੍ਰੀ ਝਟ ਉਸ ਦੀ ਗਲ ਮੰਨ ਕੇ ਚਲੀ ਜਾਵੇ ਤਾਂ ਉਸ ਪੁਰਸ਼ ਨੂੰ ਇੰਨਾ ਸੰਤੋਖ ਤੇ ਸੁਖ ਨਹੀਂ ਮਾਲੂਮ ਹੋਵੇਗਾ ਜਿੰਨਾ ਕਿ ਇਸ ਦਸ਼ਾ ਵਿਚ ਹੋਵੇਗਾ-"ਹਾਂ ਜਾਂਦੀ ਹਾਂ ਜੀ, ਤੁਹਾਨੂੰ ਰਤਾ ਨੀਂਦ ਆ ਜਾਵੇ ਮੈਂ ਚਲੀ ਜਾਵਾਂਗੀ।" ਅਥਵਾ :- "ਕੀ ਕਰਾਂ ? ਮੈਨੂੰ ਰੋਟੀ ਦੀ ਭੁੱਖ ਨਹੀਂ। ਮੇਰਾ ਮਨ ਰੋਟੀ ਨੂੰ ਨਹੀਂ ਕਰਦਾ।" ਅਜੇਹੀਆਂ ਗੱਲਾਂ ਸੁਣ ਕੇ ਪੁਰਸ਼ ਦਾ ਦਿਲ ਖਿੜ ਜਾਂਦਾ ਹੈ ਤੇ ਉਹ ਸੰਤੋਖ ਦਾ ਸਾਹ ਲੈਂਦਾ ਹੈ।

ਥੋੜੀ ਜੇਹੀ ਭੀ ਬੀਮਾਰੀ ਜਾਂ ਕਸ਼ਟ ਵਿਚ ਪੁਰਸ਼ ਘਾਬਰ ਜਾਂਦਾ ਹੈ। ਉਹ ਉਸ ਪ੍ਰੇਮ ਲਈ ਵਿਆਕੁਲ ਹੋ ਜਾਂਦਾ ਹੈ, ਜੋ ਇਕ ਮਾਂ ਦਾ ਬੱਚੇ ਲਈ ਹੁੰਦਾ ਹੈ। ਤੁਸਾਂ ਵੇਖਿਆ ਹੋਵੇਗਾ ਕਿ ਕਈ ਆਦਮੀ ਜਦ ਬੀਮਾਰ ਪੈਂਦੇ ਹਨ ਤਾਂ ਉਨ੍ਹਾਂ ਦੇ ਮੂੰਹੋਂ ਅਚਾਨਕ 'ਹਾਇ ਮਾਂ !' ਦੀ ਅਵਾਜ਼ ਹੀ ਨਿਕਲਦੀ ਹੈ। ਕਈ ਵਾਰੀ ਉਹ ਉਸ ਦੀ ਅਣਹੋਂਦ ਵਿਚ ਉਸ ਨੂੰ ਯਾਦ ਕਰਦੇ ਹਨ। ਇਸ ਦਾ ਕਾਰਨ ਪੁਰਸ਼ ਦੇ ਅੰਦਰ ਬਣੀ ਹੋਈ ਬਚਪਨ ਦੀ ਯਾਦ ਹੈ। ਇਸਤ੍ਰੀਆਂ ਨੂੰ ਇਸ ਅਭਾਵ ਦਾ ਬਹੁਤਾ ਅਨੁਭਵ ਨਹੀਂ ਹੁੰਦਾ, ਕਿਉਂਕਿ ਉਹ ਤਾਂ ਆਪ ਮਾਵਾਂ ਹਨ। ਪਰ ਪੁਰਸ਼ ਭਾਵੇਂ ਓਹ ਪਤੀ ਹੋਵੇ, ਪੁੱਤਰ ਹੋਵੇ, ਪਿਤਾ ਹੋਵੇ, ਭਰਾ ਹੋਵੇ-ਹਰ ਹਾਲਤ ਵਿਚ ਉਹ ਇਕ ਇਸਤ੍ਰੀ ਦੇ ਪੇਟ ਤੋਂ ਪੈਦਾ ਹੋਇਆ ਹੈ, ਇਸ ਲਈ ਸੁਭਾਵ ਤੋਂ ਹੀ ਮਾਤਾ-ਹੀਨ ਬਾਲਕ ਦੀ ਤਰ੍ਹਾਂ ਉਹ ਤੜਫਣ ਲਗ ਜਾਂਦਾ ਹੈ।

ਜਦ ਬਚਪਨ ਵਿਚ ਬੱਚੇ ਨੂੰ ਥੋੜੀ ਜਹੀ ਸਟ ਲਗ ਜਾਂਦੀ ਹੈ-ਜਦ ਉਹ ਰਤਾ ਕੁ ਜਿੰਨੀ ਗੱਲ ਪਿਛੇ ਰੋਣ ਲਗਦਾ ਹੈ, ਤਾਂ

ਮਾਤਾ ਨੂੰ ਉਸ ਦੀ ਉਹ ਥੋੜੀ ਜੇਹੀ ਉਦਾਸੀ ਭੀ ਅਸਹਿ ਹੋ ਜਾਂਦੀ ਹੈ। ਉਹ ਬਾਲ ਨੂੰ ਛਾਤੀ ਨਾਲ ਲਾ ਲੈਂਦੀ ਹੈ। ਉਸ ਨੂੰ ਚੁੰਮਦੀ ਤੇ ਦਿਲਾਸਾ ਦੇਂਦੀ ਹੈ। ਜਦ ਉਹ ਬੱਚਾ ਵੱਡਾ ਹੋ ਕੇ ਪੁਰਸ਼ ਬਣਦਾ ਤੇ ਵਿਆਹਿਆ ਜਾਂਦਾ ਹੈ, ਤਾਂ ਮਾਤਾ ਨਾਲੋਂ ਉਹ ਆਪਣੀ ਪਤਨੀ ਉਤੇ ਬਹੁਤਾ ਭਰੋਸਾ ਕਰਦਾ ਹੈ। ਇਸ ਲਈ ਬਚਪਨ ਵਿਚ ਜੋ ਆਸ ਉਸ ਨੂੰ ਮਾਂ ਤੋਂ ਹੁੰਦੀ ਹੈ, ਵਿਆਹੇ ਜਾਣ ਪੁਰ ਥੋੜੇ ਬਦਲੇ ਹੋਏ ਰੂਪ ਵਿਚ ਪਤਨੀ ਤੋਂ ਹੁੰਦੀ ਹੈ। ਪੁਰਸ਼ ਇਸਤ੍ਰੀ ਨੂੰ ਪ੍ਰੇਮ ਪ੍ਰਗਟ ਕਰਦਾ ਵੇਖਣ ਲਈ ਇੰਨਾ ਉਤਾਵਲਾ ਹੁੰਦਾ ਹੈ ਕਿ ਥੋੜਾ ਜੇਹਾ ਸਿਰ ਦਰਦ ਹੋਣ ਪਰ ਜੇਕਰ ਉਹ ਆਪਣੀ ਪਤਨੀ ਨੂੰ ਵਿਆਕੁਲ ਤੇ ਘਬ-ਰਾਈ ਹੋਈ ਨਾ ਵੇਖੇ, ਤਾਂ ਉਹ ਇਹ ਸਮਝੇਗਾ ਕਿ ਮੇਰੀ ਇਸਤ੍ਰੀ ਪੱਥਰ-ਦਿਲ ਹੈ। ਇਥੋਂ ਤਕ ਕਿ ਕਦੇ ਕਦੇ ਉਹ ਉਸ ਦੇ ਪ੍ਰੇਮ ਵਿਚ ਸ਼ੱਕ ਵੀ ਕਰਨ ਲਗ ਜਾਂਦਾ ਹੈ।

ਇਹ ਗੱਲ ਵਿਆਹੇ ਹੋਏ ਪੁਰਸ਼ ਦੀ ਹੀ ਨਹੀਂ, ਸਗੋਂ ਜੇਕਰ ਉਹ ਕੁਆਰਾ ਹੋਵੇ, ਤਾਂ ਉਹ ਜਿਸ ਇਸਤ੍ਰੀ ਨੂੰ ਆਦਰ, ਪ੍ਰੇਮ ਜਾਂ ਸ਼ਰਧਾ ਕਰਦਾ ਹੋਵੇਗਾ, ਜਦ ਕੋਈ ਸ਼ਰੀਰਕ ਜਾਂ ਮਾਨਸਕ ਦੁੱਖ ਆਣ ਬਣਦਾ ਹੈ ਤਾਂ ਉਸਤੋਂ ਉਹ ਇਹੋ ਆਸ ਰਖਦਾਂ ਹੈ ਕਿ ਉਹ ਮਾਵਾਂ ਵਾਂਙ ਮੇਰੀ ਸੇਵਾ ਕਰੇਗੀ। ਮੈਨੂੰ ਧੀਰਜ ਦੇਵੇਗੀ ਅਤੇ ਮੇਰੇ ਦੁਖ ਵਿਚ ਮੇਰੀ ਹਮਦਰਦੀ ਕਰੇਗੀ।

ਇਹ ਇਕ ਆਮ ਗੱਲ ਹੈ ਕਿ ਜਿਸਨੂੰ ਅਸੀਂ ਪਿਆਰ ਕਰਦੇ ਹਾਂ ਯਾ ਜਿਸਨੂੰ ਆਪਣਾ ਸਮਝਦੇ ਹਾਂ, ਦੁਖ ਜਾਂ ਕਸ਼ਟ ਵਿਚ ਉਸਦੀ ਯਾਦ ਪਹਿਲਾਂ ਆਉਂਦੀ ਹੈ। ਸੋ ਸਦਾ ਚੇਤੇ ਰਖੋ ਕਿ ਸੇਵਾ ਕਰਨ ਵੇਲੇ ਪਤੀ ਦਾ ਭੀ ਬਚੇ ਵਾਂਙ ਧਿਆਨ ਰਖਣਾ ਚਾਹੀਦਾ ਹੈ ਅਤੇ ਚੰਗਾ ਕੰਮ ਕਰਨ ਵੇਲੇ ਉਸਦੀ ਉਪਮਾਂ ਕਰਨੀ ਚਾਹੀਦੀ ਹੈ, ਕਸ਼ਟ ਤੇ ਦੁਖ ਵਿਚ ਉਸਨੂੰ ਧੀਰਜ ਦੇਣੀ ਚਾਹੀਦੀ ਹੈ।

ਸਾਡੇ ਵਿਚ ਕੁਝ ਅਜੇਹੇ ਸੰਸਕਾਰ ਪਏ ਹੋਏ ਹਨ ਅਤੇ ਉਨ੍ਹਾਂ

ਦਾ ਅਸਰ ਸਾਡੇ ਦਿਲਾਂ ਉਤੇ ਅਹੇਹਾ ਘਰ ਕਰ ਗਿਆ ਹੈ ਕਿ ਹਰ ਇਕ ਪਤੀ ਚਾਹੁੰਦਾ ਹੈ. ਕਿ ਉਸਦੀ ਇਸਤ੍ਰੀ ਉਸ ਉਤੇ ਸ਼ਰਧਾ ਰਖੇ।

ਭਾਵੇਂ ਬਹੁਤ ਸਾਰੇ ਪੁਰਸ਼ ਇਸ ਗੱਲ ਨੂੰ ਨਹੀਂ ਮੰਨਣਗੇ ਅਤੇ ਕਿਤਨੇ ਅਪੀ ਇਸਤ੍ਰੀ ਦੀ ਲਾਇਕੀ ਤੇ ਸੀਲ ਸੁਭਾਵ ਦੀ ਉਪਮਾ ਕਰਦੇ ਆਖ ਭੀ ਦੇਂਦੇ ਹਨ:-''ਹੇ ਭਾਗਵਾਨ ! ਮੇਰੇ ਜੀਵਨ ਵਿਚ ਇੰਨਾ ਸੁਖ ਤੇ ਸ਼ਾਂਤੀ ਤੇਰੀ ਹੀ ਬਰਕਤ ਹੈ !'' ਪਰ ਸੱਚੀ ਗੱਲ ਇਹ ਹੈ ਕਿ ਹਰ ਇਕ ਪੁਰਸ਼ ਅਪਣੇ ਮਨ ਵਿਚ ਇਹੋ ਸਾਮਝਦਾ ਹੈ ਕਿ ਉਸਨੇ ਆਪਣੀ ਇਸਤ੍ਰੀ ਉਤੇ ਬੜੀ ਕ੍ਰਿਪਾ ਕੀਤੀ ਹੈ, ਜੋ ਉਸ ਨਾਲ ਵਿਆਹ ਕਰਕੇ ਉਸਨੂੰ ਅਪਣੇ ਘਰ ਦੀ ਮਾਲਕ ਬਣਾਇਆ ਹੈ। ਉਹ ਚਾਹੁੰਦਾ ਹੈ ਕਿ ਉਸਦੀ ਇਸਤ੍ਰੀਇਸ ਗੱਲ ਦਾ ਅਨੁਭਵ ਕਰੇ ਸਗੋਂ ਕਦੇ ਕਦੇ ਇਹ ਆਖੇ ਵੀ-''ਵਾਹਿਗੁਰੂ ਦਾ ਲਖ ਲਖ ਸ਼ੁਕਰ ਹੈ ਕਿ ਉਸਨੇ ਮੇਰੇ ਜੇਹੀ ਦਾਸੀ ਨੂੰ ਤੁਹਾਡੇ ਲੜ ਲਾ ਦਿੱਤਾ, ਤੁਹਾਡੇ ਲੜ ਲਗ ਕੇ ਮੈਂ ਧੰਨ ਭਾਗੀ ਹਾਂ ।'' ਪੁਰਸ਼ ਜਾਣਦਾ ਹੈ ਕਿ ਮੈਂ ਵਿਆਹ ਕਰਕੇ ਆਪਣੇ ਸਿਰ ਉਤੇ ਭਾਰਾ ਬੋਝ ਚੁਕ ਲਿਆ ਹੈ ਅਤੇ ਇਹ ਸਾਰਾ ਇਸਤ੍ਰੀ ਦੇ ਲਈ ਹੀ ਕੀਤਾ ਹੈ। ਇਸ ਲਈ ਇਸ ਉਪਕਾਰ ਤੋਂ ਇਸਤ੍ਰੀ ਕਦੇ ਛੁਟ ਨਹੀਂ ਸਕਦੀ।

ਇਸ ਖ਼ਿਆਲ ਦੇ ਕਾਰਣ ਹੀ ਪੁਰਸ਼ ਚਾਹੁੰਦਾ ਹੈ ਕੀ ਇਸਤ੍ਰੀ ਮੈਨੂੰ ਦੇਵਤਾ ਸਮਝੇ। ਉਸਦੇ ਰੋਮ ਰੋਮ ਤੋਂ ਮੇਰੀ ਉਪਮਾ ਹੀ ਨਿਕਲੇ। ਉਹ ਮੈਨੂੰ ਇਸ ਗੱਲ ਦਾ ਭਰੋਸਾ ਦੇਂਦੀ ਰਹੇ ਕਿ ਉਸਦੀ ਨਜ਼ਰ ਵਿਚ ਮੈਂ ਇਕ ਮਹਾਨ ਪੁਰਸ਼ ਹਾਂ। ਮੈਨੂੰ ਪ੍ਰਾਪਤ ਕਰਕੇ ਉਹ ਬਹੁਤ ਬਹੁਤ ਸੁਖੀ ਹੈ। ਮੈਥੋਂ ਵੱਡੀ ਯੋਗਤਾ ਤੇ ਸਮਰਥਾ ਵਾਲੇਪੁਰਸ਼ਾਂ ਨੂੰ ਦੇਖਕੇ ਉਹ ਕਦੇ ਇਹ ਨਹੀਂ ਸੋਚਦੀ ਕਿ ਮੇਰਾ ਵਿਆਹ ਇਸਤੋਂ ਚੰਗੇ ਪੁਰਸ਼ ਨਾਲ ਕਿਉਂ ਨਾ ਹੋਇਆ। ਇਹ ਖ਼ਿਆਲ ਵੀ ਉਸ ਹੰਕਾਰ ਨਤੀਜਾ ਹੈ ਜੋ ਇਸਤ੍ਰੀ ਉਤੇ ਆਪਣਾ ਅਧਿਕਾਰ ਰੱਖਣ ਦੇ ਕਾਰਣ ਹਰ ਇਕ ਪੁਰਸ਼ ਦੇ ਅੰਦਰ ਹੁੰਦਾ ਹੈ। ਹਰ ਇਕ ਪਤੀ, ਅਪਣੀ ਇਸਤ੍ਰੀ

ਦੇ ਮੂੰਹੋਂ ਬਹੁਤ ਵਧਾ ਕੇ ਕੀਤੀ ਹੋਈ ਉਪਮਾਂ ਤੋਂ ਪ੍ਰਸੰਨਤਾ ਅਤੇ ਸੰਤੋਖ ਅਨੁਭਵ ਕਰਦਾ ਹੈ। ਹਰ ਇਕ ਪੁਰਸ਼ ਇਹ ਚਾਹੁੰਦਾ ਹੈ ਕਿ ਉਸਦੀ ਇਸਤ੍ਰੀ ਵੀ ਉਨ੍ਹਾਂ ਗੱਲਾਂ ਨੂੰ ਹੀ ਪਸੰਦ ਕਰੇ, ਜੋ ਉਸਨੂੰ ਚੰਗੀਆਂ ਹਨ। ਜੇਹੜੇ ਮਿੱਤ੍ਰ ਉਸ ਨੂੰ ਪਿਆਰੇ ਹਨ ਉਹ ਉਸ ਦੀ ਪਤਨੀ ਨੂੰ ਵੀ ਚੰਗੇ ਲਗਣ। ਪੁਰਸ਼ ਚਾਹੁੰਦਾ ਹੈ ਕਿ ਇਸਤ੍ਰੀ ਉਸ ਨੂੰ ਘਰੋਗੀ ਔਕੜਾਂ ਤੋਂ ਦੂਰ ਰਖੇ। ਘਰ ਬਾਰ ਸੰਭਾਲਦੀ ਹੋਈ ਉਸ ਦੇ ਦੁਖਾਂ ਤੇ ਉਸ ਦੀਆਂ ਤਕਲੀਫ਼ਾਂ ਵਿਚ ਵੀ ਹਿੱਸਾ ਲਵੇ। ਉਸ ਦੇ ਬਾਹਰਲੇ ਕੰਮਾਂ ਵਿਚ ਵੀ ਖ਼ੁਸ਼ੀ ਦਸਦੀ ਰਹੇ। ਜਿਸ ਤਰ੍ਹਾਂ ਕਿਸੇ ਦਾ ਪਤੀ ਦੇਸ਼ ਸੇਵਕ ਹੈ, ਉਹ ਚਾਹੁੰਦਾ ਹੈ ਕਿ ਉਸ ਦੀ ਇਸਤ੍ਰੀ ਭਾਵੇਂ ਉਸ ਲਹਿਰ ਵਿਚ ਹਿਸਾ ਨਾ ਲਵੇ ਪਰ ਉਸ ਦੇ ਕੰਮਾਂ ਵਲ ਨਜ਼ਰ ਰਖੇ ਤੇ ਉਸ ਦੇ ਸਾਥੀਆਂ ਦਾ ਆਦਰ ਸਤਿਕਾਰ ਕਰੇ। ਸੋ ਆਪ ਦੁਖ ਉਠਾ ਕੇ ਵੀ ਵਿਸਤ੍ਰੀ ਨੂੰ ਚਾਹੀਦਾ ਹੈ ਕਿ ਉਹ ਪਤੀ ਦੇ ਚੰਗੇ ਕੰਮਾਂ ਦੀ ਕਦਰ ਕਰੇ ਤੇ ਉਨ੍ਹਾਂ ਪੂਰਨਿਆਂ ਉਤੇ ਤੁਰਨ ਦਾ ਯਤਨ ਕਰੇ।

*　　*　　*　　*

ਪੁਰਸ਼ ਵਿਆਹ ਕਰ ਕੇ ਆਪਣੀ ਪਤਨੀ ਨੂੰ ਅਰਧੰਗੀ ਮੰਨਦਾ ਹੈ, ਸੋ ਅੱਧੇ ਅੰਗ ਦਾ ਕੰਮ ਪੂਰਾ ਕਰਨਾ ਇਸਤ੍ਰੀ ਦਾ ਜ਼ਰੂਰੀ ਫ਼ਰਜ਼ ਹੈ। ਇਸਤ੍ਰੀ ਦੇ ਜ਼ਿੰਮੇ ਜਿਹੜੇ ਕੰਮ ਹਨ, ਉਨ੍ਹਾਂ ਵਿਚੋਂ ਘਰ ਦੀ ਸੰਭਾਲ ਸਭ ਤੋਂ ਜ਼ਰੂਰੀ ਹੈ। ਪਤੀ ਵਾਸਤੇ ਸੁਖ ਸ਼ਾਂਤੀ ਵਾਲਾ ਘਰ ਬਨਾਉਣਾ ਉਸ ਦਾ ਫ਼ਰਜ਼ ਹੈ। ਕਿਉਂਕਿ ਉਸ ਦਾ ਬਹੁਤ ਸਾਰਾ ਸੁਖ ਦੁਖ ਉਸੇ ਉਤੇ ਨਿਰਭਰ ਹੈ।

ਅਨੇਕਾਂ ਇਸਤ੍ਰੀਆਂ ਅਪਣੇ ਜੀਵਨ ਵਿਚ ਘਰ ਦੀ ਵਡਿਆਈ ਨਹੀਂ ਸਮਝਦੀਆਂ ਸੋ ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਪਤੀ ਦੇ ਦਿਲ ਦੀ ਸੁਖ ਸ਼ਾਂਤੀ ਬਹੁਤ ਕਰ ਕੇ ਘਰ ਉਤੇ ਨਿਰਭਰ ਹੈ, ਕਿਉਂਕਿ ਪੁਰਸ਼ ਦਾ ਦਿਲ ਚੰਚਲ ਤੇ ਘਰੋਗੇ ਝਮੇਲਿਆਂ ਅਤੇ

ਅਸ਼ਾਂਤੀ ਦੇ ਕਾਰਣ ਡਾਵਾਂ-ਡੋਲ ਰਹਿੰਦਾ ਹੈ। ਉਹ ਉਦਾਸ ਹੋ ਜਾਂਦਾ ਹੈ, ਤਾਂ ਕਦੇ ਕਦੇ ਉਹ ਵੱਡੇ ਵੱਡੇ ਭਿਆਨਕ ਕੰਮ ਕਰ ਸੁਟਦਾ ਯਾ ਘਰ ਤੇ ਆਪਣੀ ਇਸਤ੍ਰੀ ਤੋਂ ਅੰਦਰੇ ਅੰਦਰ ਉਦਾਸ ਹੋ ਜਾਂਦਾ ਅਤੇ ਘਰ ਤੋਂ ਬਾਹਰਲਿਆਂ ਦੀ ਹਮਦਰਦੀ ਢੂੰਢਦਾ ਹੈ। ਇਸ ਵੇਲੇ ਤੋਂ ਇਸਤ੍ਰੀ ਦੇ ਸੁਹਾਗ ਭਾਗ ਦਾ ਨਾਸ ਹੋਣ ਲਗਦਾ ਹੈ। ਇਸ ਲਈ ਸਿਆਣੀ ਇਸਤ੍ਰੀ ਪਤੀ ਵਾਸਤੇ ਸਦਾ ਸੁਖਦਾਈ ਸਾਮਾਨ ਤਿਆਰ ਕਰਦੀ ਰਹਿੰਦੀ ਹੈ। ਪੁਰਸ਼ ਚਾਹੁੰਦਾ ਹੈ ਕਿ ਘਰ ਉਸ ਦੇ ਲਈ ਅਰਾਮ ਦੀ ਜਗ੍ਹਾ ਹੋਵੇ, ਜਿਥੇ ਬੈਠ ਕੇ ਸੰਸਾਰ ਦੇ ਚਿੰਤਾ ਫ਼ਿਕਰਾਂ ਤੋਂ ਉਹ ਕੁਝ ਚਿਰ ਛੁਟਕਾਰਾ ਪਾ ਸਕੇ ਅਤੇ ਸੁਖ ਦਾ ਸਾਹ ਲਵੇ। ਇਸ ਲਈ ਜੋ ਇਸਤ੍ਰੀ ਅਪਣੇ ਦੰਪਤੀ ਜੀਵਨ ਨੂੰ ਸੁਖੀ ਬਨਾਉਣਾ ਚਾਹੇ ਉਹ ਅਪਣੇ ਘਰ ਨੂੰ ਸਦਾ ਈਰਖਾ, ਦ੍ਵੈਖ ਅਤੇ ਝਗੜੇ ਝਮੇਲਿਆਂ ਤੋਂ ਦੂਰ ਰਖੇ। ਜੇਕਰ ਕੋਈ ਝਗੜਾ ਖੜਾ ਹੋ ਵੀ ਜਾਵੇ ਤਾਂ ਆਪਣੀ ਸਹਿਨ ਸ਼ੀਲਤਾ ਅਤੇ ਨਿਮ੍ਰਤਾ ਨਾਲ ਉਸ ਨੂੰ ਮਿਟਾ ਦੇਵੇ। ਆਪਣੇ ਪਤੀ ਨੂੰ ਉਸ ਝਗੜੇ ਵਿਚ ਪਾ ਕੇ ਉਸ ਦੀ ਸ਼ਾਂਤੀ ਦਾ ਨਾਸ ਨਾ ਕਰੇ।

## ਇਸਤ੍ਰੀ ਦਾ ਦਿਲ

ਇਸਤ੍ਰੀ ਦੇ ਦਿਲ ਨੂੰ ਜਾਣ ਲੈਣਾ ਜਾਂ ਸਮਝ ਲੈਣਾ ਪੁਰਸ਼ ਦੇ ਦਿਲ ਜਾਨਣ ਵਾਂਗ ਸੁਖਾਲਾ ਨਹੀਂ। ਸਭਯਤਾ ਦੇ ਅਰੰਭ ਤੋਂ ਹੀ ਇਸਤ੍ਰੀ ਇਕ ਬਹੁਤ ਹੀ ਗੂੜ੍ਹ ਅਤੇ ਡੂੰਘੇ ਭੇਦ ਭਰੀ ਚੀਜ਼ ਹੈ। ਉਸ

ਸੰਬੰਧੀ ਬਹੁਤ ਮਤ-ਭੇਦ ਹੈ। ਇਸ ਦਾ ਇਹ ਕਾਰਨ ਹੈ ਕਿ ਇਸਤ੍ਰੀ ਦਾ ਦਿਲ ਵੱਡਾ ਸ਼ਰਮੀਲਾ ਹੁੰਦਾ ਹੈ। ਜਿਥੇ ਪੁਰਸ਼ ਬਾਹਰਲੇ ਸੰਸਾਰ ਦਾ ਪ੍ਰੇਮੀ ਹੈ ਉਥੇ ਇਸਤ੍ਰੀ ਅੰਦਰਲੇ ਸੰਸਾਰ ਦੀ ਪ੍ਰੇਮਣ ਹੈ। ਪੁਰਸ਼ ਦੇ ਪਾਸ ਜੋ ਕੁਝ ਹੈ ਉਹ ਉਸ ਨੂੰ ਪ੍ਰਗਟ ਕਰਨਾ ਚਾਹੁੰਦਾ ਹੈ। ਸਾਰੇ ਸੰਸਾਰ ਉਤੇ ਛਾ ਜਾਣ ਨੂੰ ਕਰਦਾ ਹੈ। ਪਰ ਇਸਤ੍ਰੀ ਦੇ ਪਾਸ ਜੋ ਕੁਝ ਹੈ ਉਹ ਉਸ ਨੂੰ ਅੰਦਰ ਲੁਕਾ ਕੇ ਰਖਦੀ ਹੈ। ਇਸ ਲਈ ਪੁਰਸ਼ ਜਿਥੇ ਝਟ ਪਛਾਣਿਆ ਜਾਂਦਾ ਹੈ, ਉਥੇ ਇਸਤ੍ਰੀ ਆਪਣੇ ਆਪ ਨੂੰ ਲੁਕਾਉਣ ਕਰ ਕੇ ਚਿਰ ਪਿਛੋਂ ਪਛਾਣੀ ਜਾਂਦੀ ਹੈ। ਉਸ ਨੂੰ ਪਛਾਣਨ ਵਿਚ ਪੁਰਸ਼ ਗ਼ਲਤੀ ਕਰ ਜਾਂਦਾ ਹੈ। ਕਿੰਨੀਆਂ ਇਸਤ੍ਰੀਆਂ ਅਜੇਹੀਆਂ ਹਨ, ਜੋ ਪਤੀ ਨੂੰ ਦੇਵਤਾ ਕਰ ਕੇ ਮੰਨਦੀਆਂ ਹਨ, ਪਤੀਬ੍ਰਤਾ ਹਨ, ਅਤੇ ਦਿਲੋਂ ਪਿਆਰ ਕਰਦੀਆਂ ਹਨ, ਪਰ ਸੁਭਾਵ, ਸੰਸਕਾਰ, ਸ਼ਰਮ ਅਤੇ ਕੌਮੀ ਬੰਧਨਾਂ ਦੇ ਕਾਰਨ, ਆਪਣੇ ਪ੍ਰੇਮ ਨੂੰ ਉਹ ਬਹੁਤੀਆਂ ਪਿਆਰ ਭਰੀਆਂ ਗੱਲਾਂ ਵਿਚ ਦੱਸ ਨਹੀਂ ਸਕਦੀਆਂ, ਜਿਸ ਤੋਂ ਕਈ ਵਾਰੀ ਪੁਰਸ਼ ਉਤਾਵਲਾ ਤੇ ਬੇਸਬਰਾ ਹੋ ਕੇ ਗ਼ਲਤੀ ਨਾਲ ਕੁਝ ਦਾ ਕੁਝ ਸਮਝ ਬੈਠਦਾ ਹੈ। ਵਿਆਹ ਦੇ ਪਿਛੋਂ ਕੁਝ ਦਿਨਾਂ ਤਕ ਇਹ ਦਸ਼ਾ ਇਸਤ੍ਰੀਆਂ ਵਿਚ ਖ਼ਾਸ ਤੌਰ ਤੇ ਵੇਖੀ ਜਾਂਦੀ ਹੈ।

ਪੁਰਸ਼ ਇਹ ਸਮਝਦਾ ਹੈ ਕਿ ਵਿਆਹ ਕਰਦਿਆਂ ਹੀ ਮੈਂ ਇਸਤ੍ਰੀ ਦਾ ਮਾਲਕ ਬਣ ਗਿਆ ਹਾਂ, ਇਸ ਲਈ ਉਸ ਦੇ ਪਾਸ ਜੋ ਕੁਝ ਹੈ ਉਹ ਸਾਰਾ ਮੈਨੂੰ ਸੌਂਪ ਦੇਵੇ। ਪੁਰਸ਼ ਦੀ ਵਿਆਹੇ ਜਾਣ ਤੇ ਇਸਤ੍ਰੀ ਸੰਬੰਧੀ ਅਜੇਹਾ ਸਮਝਣ ਦੀ ਪਹਿਲੀ ਤੇ ਵਡੀ ਭਾਰੀ ਭੁਲ ਹੈ, ਇਸਤ੍ਰੀ ਦੇ ਪਾਸ, ਉਸ ਦੇ ਅੰਦਰ, ਉਸ ਦੇ ਦਿਲ ਵਿਚ ਜੋ ਕੁਝ ਹੁੰਦਾ ਹੈ, ਉਸੇ ਪੂੰਜੀ ਨਾਲ ਉਸ ਨੂੰ ਸਾਰੀ ਉਮਰ ਕੰਮ ਚਲਾਉਣਾ ਪੈਂਦਾ ਹੈ। ਪਤੀ ਦੇ ਨਾਲ ਬੰਨ੍ਹੇ-ਵਿਆਹੇ ਜਾਣ ਕਰ ਕੇ ਉਸ ਦਾ ਧਿਆਨ ਸੰਸਾਰ ਦੀਆਂ ਸਭਨਾਂ ਚੀਜ਼ਾਂ ਨਾਲੋਂ ਹਟ ਕੇ ਇਕ ਆਪਣੇ ਪਤੀ ਵਿਚ ਟਿਕ ਜਾਂਦਾ ਹੈ। ਉਹ ਪੁਰਸ਼ ਹੀ ਉਸ ਦਾ ਸਰਬੰਸ ਹੋ

ਜਾਂਦਾ ਹੈ। ਇਸ ਲਈ ਇਸਤ੍ਰੀ ਨੂੰ ਸਾਰੀ ਉਮਰ ਉਸ ਪੁਰਸ਼ ਵਿਚ ਹੀ ਆਪਣੇ ਜੀਵਨ ਦੇ ਸੁਖ ਨੂੰ ਅਨੁਭਵ ਕਰਨ ਦਾ ਯਤਨ ਕਰਨਾ ਪੈਂਦਾ ਹੈ। ਜੇਕਰ ਇਸਤ੍ਰੀ ਆਪਣੇ ਦਿਲ ਦੀ ਮਮਤਾ, ਪ੍ਰੇਮ ਤੇ ਹਮ-ਦਰਦੀ ਨੂੰ—ਮਨੁਖ ਦੇ ਉਤਾਵਲੇ-ਪਣ ਨੂੰ ਖੁਸ਼ ਕਰਨ ਲਈ ਆਪਣੇ ਜੀਵਨ ਦੀ ਯਾਤ੍ਰਾ ਦੇ ਸ਼ੁਰੂ ਵਿਚ ਹੀ ਦੇ ਦੇਵੇ ਜਾਂ ਪ੍ਰਗਟ ਕਰ ਦੇਵੇ ਤਾਂ ਉਹ ਅੱਗੇ ਚਲ ਕੇ ਕਿਸ ਤਰ੍ਹਾਂ ਆਪਣਾ ਪੈਂਡਾ ਮੁਕਾ ਸਕੇਗੀ ?

ਪੁਰਸ਼ ਵਾਸਤੇ ਸੰਸਾਰ ਵਿਚ ਧਿਆਨ ਦੇਣ ਦੀਆਂ ਬਹੁਤ ਸਾਰੀਆਂ ਚੀਜ਼ਾਂ ਹਨ। ਜੋ ਪੁਰਸ਼ ਸਦਾਚਾਰੀ ਹੈ, ਆਪਣੀ ਇਸਤ੍ਰੀ ਨੂੰ ਦਿਲੋਂ ਮਨੋਂ ਪ੍ਰੇਮ ਕਰਦਾ ਹੈ, ਉਹ ਭੀ ਸਿਰਫ਼ ਆਪਣੀ ਇਸਤ੍ਰੀ ਦੇ ਪ੍ਰੇਮ ਪਿਛੇ ਹੀ ਜੀਉਂਦਾ ਨਹੀਂ ਰਹਿ ਸਕਦਾ, ਉਸ ਨੂੰ ਦੁਨੀਆਂ ਵਿਚ ਕੰਮ ਹਨ। ਪ੍ਰੇਮ ਉਸ ਦੇ ਜੀਵਨ ਦੇ ਕੰਮ ਕਾਰ ਦਾ ਇਕ ਹਿੱਸਾ ਹੈ, ਉਸ ਲਈ ਹੋਰ ਸਾਰੇ ਕੰਮਾਂ ਨੂੰ ਛੱਡ ਨਹੀਂ ਸਕਦਾ। ਇਸਤ੍ਰੀ ਲਈ ਅਜਿਹੀ ਕੋਈ ਗੱਲ ਨਹੀਂ। ਉਸ ਦਾ ਪ੍ਰੇਮ ਹੀ ਸਭ ਕੁਝ ਹੈ, ਪ੍ਰੇਮ ਹੀ ਉਸ ਲਈ ਜੀਵਨ ਹੈ। ਇਕ ਵਿਆਹੀ ਇਸਤ੍ਰੀ ਘਰ ਦੇ ਸਾਰੇ ਕਸ਼ਟਾਂ ਨੂੰ ਸਹਿੰਦੀ ਹੈ, ਇੰਨਾ ਭਾਰ ਚੁਕ ਲੈਂਦੀ ਹੈ ਕਿ ਉਸ ਬਦਲੇ ਉਸ ਨੂੰ ਆਪਣਾ ਜੀਵਨ ਤੇ ਸਿਹਤ ਭੀ ਕੁਰਬਾਨ ਕਰਨੀ ਪੈਂਦੀ ਹੈ। ਕਿਉਂ ? ਸਿਰਫ਼ ਪਤੀ ਲਈ। ਸੁ ਵਿਆਹੇ ਜਾਂ ਕੁਆਰੇ ਕਿਸੇ ਭੀ ਜੀਵਨ ਵਿਚ ਲੜਕੀਆਂ, ਬਿਨਾਂ ਪਿਆਰ ਕੀਤੇ ਦੇ ਰਹਿ ਹੀ ਨਹੀਂ ਸਕਦੀਆਂ। ਇਸ ਪਿਆਰ ਦਾ ਮਤਲਬ ਸਿਰਫ਼ ਸਰੀਰ ਦਾ ਮਿਲਾਪ ਹੀ ਨਹੀਂ, ਇਕ ਲੜਕੀ ਆਪਣੇ ਪਿਤਾ ਜਾਂ ਭਰਾ ਵਿਚ ਇੰਨਾ ਪ੍ਰੇਮ, ਇੰਨੀ ਸ਼ਰਧਾ ਰਖ ਸਕਦੀ ਹੈ ਕਿ ਓਹ ਦੁਨੀਆਂ ਨੂੰ ਭੀ ਕੁਝ ਨਾ ਜਾਣੇ। ਉਸ ਨੂੰ ਤਾਂ ਕੋਈ ਅਜਿਹਾ ਜੀਵ ਚਾਹੀਦਾ ਹੈ ਜਿਸ ਵਿਚ ਉਹ ਆਪਾ ਭੁਲ ਜਾਵੇ; ਜਿਸ ਲਈ ਉਹ ਵਡੀ ਤੋਂ ਵਡੀ ਕੁਰਬਾਨੀ ਕਰਨ ਵਿਚ ਭੀ ਸੁਖ ਜਾਣੇ। ਲੜਕੀਆਂ ਬਚਪਨ ਵਿਚ ਮਾਤਾ ਪਿਤਾ, ਭੈਣ ਭਰਾ ਵਿਚੋਂ ਕਿਸੇ ਇਕ ਨੂੰ, ਵਿਆਹੇ ਜਾਣ ਪਰ ਪਤੀ ਨੂੰ, ਤੇ ਮਾਤਾ ਹੋਣ

ਪਰ ਸੰਤਾਨ ਨੂੰ ਬਹੁਤ ਪਿਆਰ ਕਰਦੀਆਂ ਹਨ ਤੇ ਉਨ੍ਹਾਂ ਦੇ ਪ੍ਰੇਮ ਵਿਚ ਹੀ ਵਿਆਕੁਲ ਰਹਿੰਦੀਆਂ ਹਨ।

ਜਿਥੇ ਪੁਰਸ਼ ਦੀ ਇੱਛਾ ਅਪਣੇ ਆਪ ਨੂੰ ਦੁਨੀਆਂ ਵਿਚ ਫੈਲਾਣ ਵਾਲੀ ਹੈ, ਉਥੇ ਇਸਤ੍ਰੀ ਦੀ ਇਛਾ ਸੰਕੋਚਵੀਂ ਹੈ। ਅਰਥਾਤ ਉਹ ਸਾਰੀਆਂ ਚੀਜ਼ਾਂ ਵਲੋਂ ਧਿਆਨ ਹਟਾ ਕੇ ਇਕ ਚੀਜ਼ ਵਿਚ ਧਿਆਨ ਲਾਉਣ ਦਾ ਯਤਨ ਕਰਦੀ ਹੈ। ਇਸਤ੍ਰੀ ਲਈ ਇਹ ਅਸੰ-ਭਵ ਹੈ ਕਿ ਉਹ ਪੁਰਸ਼ਾਂ ਵਾਂਗ ਆਪਣੇ ਦਿਲ ਨੂੰ ਦੁਕਾਨਦਾਰੀ ਦੀ ਚੀਜ਼ ਸਮਝ ਲਵੇ। ਪੁਰਸ਼ ਭੀ ਆਪਣਾ ਦਿਲ ਰੀਜ਼ਰਵ (ਰਾਖਵਾਂ) ਰਖ ਸਕਦਾ ਹੈ, ਪਰ ਸਾਰੀ ਉਮਰ ਉਸੇ ਤਰ੍ਹਾਂ ਦੇ ਪ੍ਰੇਮ ਨੂੰ ਨਿਭਾ ਲੈਣਾ ਉਸ ਲਈ ਬਹੁਤ ਔਖਾ ਹੈ। ਪਰ ਇਸਤ੍ਰੀ ਨੂੰ ਤਾਂ ਇਹ ਗੁਣ ਵਿਰਸੇ ਵਿਚ ਹੀ ਮਿਲ ਜਾਂਦਾ ਹੈ।

ਇਸਤ੍ਰੀ ਦਿਲ ਦੀ ਪ੍ਰਤਿਨਿਧ ਹੈ ਅਤੇ ਪੁਰਸ਼ ਸਰੀਰ ਤੇ ਦਿਮਾਗ਼ ਦਾ। ਇਸ ਦਾ ਇਹ ਮਤਲਬ ਨਹੀਂ ਕਿ ਪੁਰਸ਼ਾਂ ਪਾਸ ਦਿਲ ਨਹੀਂ ਹੁੰਦਾ ਯਾ ਇਸਤ੍ਰੀਆਂ ਵਿਚ ਅਕਲ ਨਹੀਂ ਹੁੰਦੀ। ਇਸ ਦਾ ਭਾਵ ਇਹ ਹੈ ਕਿ ਇਸਤ੍ਰੀ ਵਿਚ ਦਿਲ ਦੇ ਗੁਣ ਬਹੁਤੇ ਹੁੰਦੇ ਹਨ। ਪੁਰਸ਼ ਨਾਲੋਂ ਉਸ ਦਾ ਦਿਲ ਬਹੁਤ ਕੋਮਲ, ਤੇ ਉਦਾਰ ਹੁੰਦਾ ਹੈ। ਉਸ ਵਿਚ ਪ੍ਰੇਮ, ਦਯਾ, ਸ਼ਰਧਾ, ਹਮਦਰਦੀ, ਖਿਮਾ, ਕਰੁਣਾ, ਤਿਆਗ ਤੇ ਸੇਵਾ ਦੇ ਭਾਵਾਂ ਦੀ ਅਧਿਕਤਾ ਹੁੰਦੀ ਹੈ। ਪੁਰਸ਼ ਵਿਚ ਸਾਹਸ, ਉਤਸ਼ਾਹ, ਵਿਚਾਰ-ਸ਼ਕਤੀ ਅਤੇ ਸਖਤੀ ਬਹੁਤ ਹੁੰਦੀ ਹੈ। ਇਸ ਤੇ ਜੇ ਧਿਆਨ ਦੇ ਕੇ ਵੇਖੀਏ ਤਾਂ ਮਾਲੂਮ ਹੋ ਜਾਵੇਗਾ ਕਿ ਮਨੁਖਤਾ ਦੇ ਖਿਆਲ ਤੋਂ ਪੁਰਸ਼ ਨਾਲੋਂ ਇਸਤ੍ਰੀ ਸ੍ਰੇਸ਼ਟ ਹੈ। ਸਾਹਸ ਤਾਂ ਜੰਗਲੀ ਤੇ ਪਸ਼ੂ ਵਿਚਾਰ ਰਖਣ ਵਾਲੀਆਂ ਕੌਮਾਂ ਵਿਚ ਵੀ ਪਾਇਆ ਜਾਂਦਾ ਹੈ। ਮਨੁਖ ਨੂੰ ਸੱਭਯ ਬਨਾਣ ਤੇ ਉਸਦੇ ਅੰਦਰ ਵਧ ਤੋਂ ਵਧ ਦੇਵਤਾ ਭਾਵ ਦਾ ਦਾ ਵਿਕਾਸ ਕਰਨ ਵਿਚ ਸਾਹਸ ਤੇ ਬਲ ਦਾ ਕੋਈ ਖ਼ਾਸ ਹਿੱਸਾ ਨਹੀਂ। ਪੁਰਸ਼ਾਂ ਦੀ ਵਿਚਾਰ-ਸ਼ਕਤੀ ਨੇ ਜ਼ਰੂਰ ਇਸ ਵਿਚ ਵੱਡਾ ਕੰਮ

ਕੀਤਾ ਹੈ। ਉਸ ਦੀ ਅਕਲ ਦੇ ਆਸਰੇ ਸਭਯਤਾ ਦੀ ਵੱਡੀ ਉੱਨਤੀ ਹੋਈ ਹੈ, ਪਰ ਮਨੁਖ ਨੂੰ ਮਨੁਖ ਬਨਾਣ ਵਿਚ ਦਿਮਾਗ਼ ਨਾਲੋਂ ਦਿਲ ਨੇ ਹੀ ਬਹੁਤਾ ਕੰਮ ਕੀਤਾ ਹੈ। ਸੰਸਾਰ ਦੇ ਚੰਗੇ ਤੋਂ ਚੰਗੇ ਕੰਮ ਸਿਰਫ਼ ਪ੍ਰੇਮ, ਹਮਦਰਦੀ, ਕਰੁਣਾ, ਦਇਆ ਤੇ ਖਿਮਾਂ ਨਾਲ ਹੀ ਸਿਰੇ ਚੜ੍ਹੇ ਹਨ। ਅਕਲ ਅਤੇ ਪ੍ਰੇਮ ਦਾ, ਵਿਚਾਰ ਸ਼ਕਤੀ ਤੇ ਦਿਲ ਦਾ, ਬਦਲਾ ਨਹੀਂ ਕੀਤਾ ਜਾ ਸਕਦਾ, ਕਿਉਂਕਿ ਦੋਹਾਂ ਦੀ ਕੀਮਤ ਵਿਚ ਫ਼ਰਕ ਹੈ। ਅਕਲ ਦੇ ਬਿਨਾਂ ਭੀ ਆਦਮੀ, ਆਦਮੀ ਰਹਿ ਸਕਦਾ ਹੈ। ਪਰ ਪ੍ਰੇਮ ਦੇ ਬਿਨਾਂ ਉਹ ਪਸ਼ੂ ਹੈ।

ਬਹੁਤ ਪ੍ਰਾਚੀਨ ਸਮੇਂ ਤੋਂ ਹੀ, ਜਦ ਮਨੁਖ ਪਸ਼ੂਆਂ ਵਾਂਗ ਜੰਗਲਾਂ ਵਿਚ ਭੌਂਦਾ ਫਿਰਦਾ ਸੀ, ਜਦ ਲੁਟ ਮਾਰ ਤੇ ਖ਼ੂਨ ਖਰਾਬਾ ਹੀ ਉਸਦਾ ਵੱਡਾ ਕੰਮ ਸੀ ਉਸ ਵੇਲੇ ਇਸਤ੍ਰੀ ਨੇ ਹੀ ਪੁਰਸ਼ ਨੂੰ ਆਦਮੀ ਬਣਨਾ ਸਿਖਾਇਆ। ਉਸ ਨੇ ਪੁਰਸ਼ ਨੂੰ ਅਪਣੀ ਮਮਤਾ ਨਾਲ ਇਕ ਲਾਇਕ ਪਤੀ, ਇਕ ਪ੍ਰੇਮੀ ਭਰਾ ਅਤੇ ਇਕ ਸ਼ਰਧਾਲੂ ਪੁੱਤ੍ਰ ਦੇ ਰੂਪ ਵਿਚ ਸੰਸਾਰ ਦੇ ਸਾਹਮਣੇ ਲਿਆ ਖੜਾ ਕੀਤਾ। ਜਦ ਪੁਰਸ਼ ਖਾ ਪੀ ਕੇ ਮਸਤ ਰਹਿਣ ਅਤੇ ਦੂਜਿਆਂ ਨੂੰ ਸਤਾਉਣ ਵਿਚ ਹੀ ਆਪਣੀ ਤ੍ਰਿਪਤੀ ਸਮਝਦਾ ਸੀ, ਤਦ ਇਸਤ੍ਰੀ ਨੇ ਉਸ ਨੂੰ ਪ੍ਰੇਮ ਨਾਲ, ਆਪਣੀ ਮਮਤਾ ਨਾਲ, ਅਪਣੀ ਸੇਵਾ ਤੇ ਵਫ਼ਾਦਾਰੀ ਨਾਲ ਇਕ ਕੁਟੰਬ ਦੇ ਬੰਧਨ ਵਿਚ ਪਾਇਆ, ਅਤੇ ਸਿਰਫ਼ ਆਪਣੇ ਹੀ ਲਈ ਨਹੀਂ, ਦੂਜਿਆਂ ਦੇ ਲਈ ਭੀ ਉਸ ਵਿਚ ਮਿਹਨਤ ਕਰਨ ਦੀ ਆਦਤ ਪਾਈ। ਇਹ ਉਹ ਸੜਕ ਹੈ ਜਿਸ ਉਤੇ ਤੁਰ ਕੇ ਅੱਜ ਦੁਨੀਆਂ ਮਨੁਖ ਦਾ ਇੰਨਾ ਖਿੜਾਉ ਕਰ ਸਕੀ ਹੈ। ਸੰਸਾਰ ਦੀ ਸਭਯਤਾ ਲਈ ਜਿਥੇ ਪੁਰਸ਼ ਨੇ ਆਪਣਾ ਵਡੱਪਨ ਦਸਿਆ ਹੈ, ਉਥੇ ਇਸਤ੍ਰੀ ਨੇ ਚੁਪ ਚਾਪ ਕਸ਼ਟ ਸਹਿਣ, ਤਿਆਗ, ਕੁਰਬਾਨੀ ਅਤੇ ਮਮਤਾ ਭਰੀ ਇੱਛਾ ਦੇ ਨਾਲ ਉਸ ਦੇ ਪ੍ਰਾਣ ਬਣਾਏ ਹਨ। ਇਸਤ੍ਰੀ ਨੂੰ ਭਾਵੇਂ ਕਿਸੇ ਨਜ਼ਰ ਨਾਲ ਵੇਖੀਏ ਇਹ ਪੁਰਸ਼ ਨਾਲੋਂ ਸ੍ਰੇਸ਼ਟ ਹੈ।

ਪੁਰਸ਼ ਤੇ ਇਸਤ੍ਰੀ ਦੇ ਦਿਲ ਵਿਚ ਬਹੁਤ ਫ਼ਰਕ ਹੈ। ਸਿਰਫ਼ ਦਿਲ ਹੀ ਕਿਉਂ, ਸਗੋਂ ਸਰੀਰ ਦੀ ਬਣਾਵਟ, ਸੁਭਾਵ ਤੇ ਸੋਚਣ ਵਿਚਾਰਨ ਦੇ ਢੰਗ ਭੀ ਦੋਹਾਂ ਦੇ ਵਖੋ ਵਖਰੇ ਹਨ। ਇਸਤ੍ਰੀ ਸੇਵਾ ਤੇ ਤਿਆਗ ਦੀ ਮੂਰਤੀ ਹੈ। ਪੁਰਸ਼ ਸਾਹਸ ਤੇ ਅਕਲ ਦਾ ਪੁਤਲਾ ਹੈ। ਇਸਤ੍ਰੀ ਦਾਨ ਦੀ ਦੇਵੀ ਹੈ, ਉਹ ਦੇਣਾ ਜਾਣਦੀ ਹੈ। ਆਤਮ ਤਿਆਗ ਕਰਨਾ ਅਰਥਾਤ ਜਿਸ ਦੇ ਉਤੇ ਉਹ ਚਾਹੁੰਦੀ ਹੈ ਸਭ ਕੁਝ ਚਾੜ੍ਹ (ਭੇਟ ਕਰ) ਦੇਂਦੀ ਹੈ। ਪੁਰਸ਼ ਦੇਣਾ ਕੁਝ ਨਹੀਂ ਚਾਹੁੰਦਾ। ਜਦ ਕੁਝ ਦੇਂਦਾ ਭੀ ਹੈ ਤਾਂ ਉਸ ਦ ਨਾਲੋਂ ਵੱਧ ਲੈਣ ਦੀ ਆਸ ਰਖਦਾ ਹੈ। ਜਿਥੇ ਇਸਤ੍ਰੀ ਜਿਸ ਨੂੰ ਚਾਹੁੰਦੀ ਹੈ ਉਸ ਨੂੰ ਆਪਣਾ ਆਪ ਅਰਪਣ ਕਰ ਦੇਂਦੀ ਹੈ, ਉਥੇ ਪੁਰਸ਼ ਜਿਸ ਨਾਲ ਪ੍ਰੇਮ ਕਰਦਾ ਹੈ, ਉਸ ਦੇ ਉੱਤੇ ਹਕੂਮਤ ਕਰਨੀ ਚਾਹੁੰਦਾ ਹੈ।

ਇਹ ਇਕ ਨਿਸਚਿੱਤ ਗੱਲ ਹੈ ਕਿ ਜਿਸ ਪ੍ਰੇਮ ਵਿਚ ਆਤਮ ਸਮਰਪਨ ਦਾ ਭਾਵ ਜਿੰਨਾ ਵੱਧ ਹੋਵੇਗਾ, ਉਸ ਵਿਚ ਤਿਆਗ ਦੀ ਭਾਵਨਾ ਵੀ ਉੱਨੀ ਹੀ ਵੱਧ ਹੋਵੇਗੀ; ਉਸ ਵਿਚ ਸਵਾਰਥ ਦਾ ਘਾਟਾ ਉੱਨਾ ਹੀ ਹੋਵੇਗਾ ਤੇ ਉਹ ਉੱਚ ਦਰਜੇ ਦਾ ਪ੍ਰੇਮ ਹੋਵੇਗਾ। ਜਿਸ ਪ੍ਰੇਮ ਵਿਚ ਹਕੂਮਤ ਦਾ ਭਾਵ ਜਿੰਨਾ ਵਧ ਹੋਵੇਗਾ, ਉਹ ਪ੍ਰੇਮ ਓਨਾ ਹੀ ਸਵਾਰਥ ਪੂਰਨ ਅਤੇ ਵਾਸ਼ਨਾ ਰੂਪ ਹੋਵੇਗਾ। ਇਸ ਲਈ ਸਾਧਾਰਨ ਇਸਤ੍ਰੀ ਬਹੁਤੀ ਸੰਜਮੀ, ਵਫ਼ਾਦਾਰ, ਦੇਰ ਤਕ ਪ੍ਰੇਮ ਕਰਨ ਵਾਲੀ ਹੁੰਦੀ ਹੈ, ਅਤੇ ਸਾਧਾਰਨ ਪੁਰਸ਼ ਉਸ ਨਾਲੋਂ ਉਤਾਵਲਾ, ਘਟ ਸੱਚਾ, ਥੋੜੇ ਸਮੇਂ ਤਕ ਪ੍ਰੇਮ ਕਰਨ ਵਾਲਾ ਹੁੰਦਾ।

ਜੇਕਰ ਪੁਰਸ਼ ਇਸਤ੍ਰੀ ਨੂੰ ਤੇ ਇਸਤ੍ਰੀ ਪੁਰਸ਼ ਨੂੰ ਸਮਝ ਲਵੇ ਤਾਂ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਗ਼ਲਤ-ਫ਼ਹਿਮੀਆਂ ਘਟ ਸਕਦੀਆਂ ਹਨ, ਪਰ ਸਾਧਾਰਨ ਸੰਗ ਤੇ ਸ਼ਰਮ ਦੇ ਕਾਰਨ ਇਸਤ੍ਰੀ ਆਪਣੇ ਦਿਲ ਨੂੰ ਬਹੁਤ ਲੁਕਾ ਕੇ ਰਖਦੀ ਹੈ। ਇਸ ਲੁਕੇਵੇਂ ਦੇ ਕਾਰਨ—ਇਸ ਛਿਪਾਣ ਦੇ ਸੁਭਾਵ ਦੇ ਕਾਰਨ, ਉਸ ਦੇ ਲਈ ਪੁਰਸ਼

ਦੀ ਖਿਚ ਮਾਮੂਲੀ ਹੱਦ ਤੇ ਇੱਛਾ ਤੋਂ ਵਧ ਕੇ ਬਹੁਤ ਉਤਾਵਲੀ ਹੋ ਜਾਂਦੀ ਹੈ, ਅਤੇ ਭੋਗ ਵਿਲਾਸ ਕਰਨ ਤੇ ਖੇਡਣ ਮਲ੍ਹਣ ਦੇ ਰੂਪ ਵਿਚ ਬਦਲ ਜਾਂਦੀ ਹੈ। ਪੁਰਸ਼ ਨੇ ਦਿਲ ਦੇ ਅੰਦਰ ਲੁਕਾ ਕੇ ਰੱਖਣ ਯੋਗ ਗੱਲਾਂ ਨੂੰ ਕਦੇ ਨਹੀਂ ਸਮਝਿਆ। ਇਸ ਨਾ ਸਮਝਣ ਕਰ ਕੇ ਹੀ ਇਸਤ੍ਰੀ ਨੂੰ ਸਮਝਣ ਵਾਸਤੇ ਇਹ (ਪੁਰਸ਼) ਸ਼ੁਰੂ ਤੋਂ ਹੀ ਬੜਾ ਵਿਆਕੁਲ ਹੈ।

ਇਸ ਲਈ ਹਰ ਇਸਤ੍ਰੀ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਪੁਰਸ਼ ਦਾ ਦਿਲ ਦੂਜੀ ਧਾਤ ਦਾ ਬਣਿਆ ਹੋਇਆ ਹੈ। ਉਸ ਦੇ ਵਰਤਾਉ ਤੋਂ ਅਪਣੇ ਸੁਭਾਵ ਦੇ ਅਨੁਸਾਰ ਅਰਥ ਨਹੀਂ ਕੱਢਣੇ ਚਾਹੀਦੇ। ਪੁਰਸ਼ ਤੋਂ ਇਹ ਆਸ ਕਦੇ ਨਹੀਂ ਰਖਣੀ ਚਾਹੀਦੀ ਕਿ ਇਸਤ੍ਰੀ ਵਾਂਗ ਸਾਰੀ ਉਮਰ ਪ੍ਰੇਮ ਦੀ ਅੱਗ ਵਿਚ ਤਪਦਾ ਰਹੇਗਾ। ਇਸਤ੍ਰੀ ਨੂੰ ਆਪਣਾ ਫ਼ਰਜ਼ ਸਮਝਣਾ ਚਾਹੀਦਾ ਹੈ। ਨਾ ਤਾਂ ਉਸ ਨੂੰ ਪੁਰਸ਼ ਪਾਸੋਂ ਇਸਤ੍ਰੀ-ਦਿਲ ਦੇ ਭਾਵਾਂ ਦੀ ਆਸ ਰਖਣੀ ਚਾਹੀਦੀ ਹੈ ਅਤੇ ਨਾ ਪੁਰਸ਼ ਦੇ ਉਤਾਵਲੇ-ਪਨ ਉਤੇ ਆਪਣੇ ਇਸਤ੍ਰੀਪਨ ਨੂੰ ਤੇ ਅਪਣੇ ਪ੍ਰੇਮ ਦੀ ਗੰਭੀਰਤਾ ਨੂੰ ਕੁਰਬਾਨ ਕਰਨਾ ਚਾਹੀਦਾ ਹੈ। ਹਾਂ, ਸਨੇਹੀ ਪੁਰਸ਼ ਨੂੰ ਅਪਣੇ ਅਨੁਸਾਰ ਬਣਾਉਨ, ਉਸ ਦੇ ਸਨੇਹ ਨੂੰ ਕਾਇਮ ਰੱਖਣ ਲਈ ਜਿਸ ਸਨੇਹ, ਹਮਦਰਦੀ ਅਤੇ ਸੇਵਾ ਦੀ ਲੋੜ ਹੋਵੇ, ਉਹ ਕਰਨੀ ਚਾਹੀਦੀ ਹੈ।

## ਇਕ ਜ਼ਰੂਰੀ ਗੱਲ

ਪੁਰਸ਼ ਦਾ ਦਿਲ ਸਵਾਰਥ ਪੂਰਣ, ਨਿੱਤ ਨਵੀਂ ਗੱਲ ਦੇ ਢੂੰਡਣ ਵਾਲਾ, ਚੰਚਲ ਅਤੇ ਛੇਤੀ ਉਦਾਸ ਹੋਣ ਵਾਲਾ ਹੁੰਦਾ ਹੈ। ਇਸ ਲਈ ਉਸ ਨੂੰ ਉੱਚਾ ਚੁਕ ਕੇ ਉਸ ਵਿਚ ਟਿਕਾਉ ਤੇ ਪ੍ਰੇਮ ਦੀ ਸੁਗੰਧ ਭਰਨੀ ਇਸਤ੍ਰੀ ਦੀ ਸੇਵਾ, ਅਕਲ ਅਤੇ ਮਿਠਾਸ ਉਤੇ ਨਿਰਭਰ ਹੈ।

ਇਸਤ੍ਰੀ ਜਿਸ ਨੂੰ ਦਿਲ ਦੇਂਦੀ ਹੈ, ਜੀਵਨ ਭੀ ਉਸੇ ਨੂੰ ਦਾਨ ਕਰਦੀ ਹੈ। ਪ੍ਰੇਮ ਅਤੇ ਜੀਵਨ ਉਸ ਲਈ ਇਕ ਹੈ, ਇਸ ਲਈ ਇਸਤ੍ਰੀ ਅਪਣੇ ਪ੍ਰੇਮ ਪਤੀ ਨੂੰ ਸੁਖੀ ਕਰਨ ਲਈ ਸਭ ਕੁਝ ਕਰ ਸਕਦੀ ਹੈ।

ਉਸ ਲਈ ਇਕ ਗੱਲ ਸਹਾਰਨੀ ਬਹੁਤ ਔਖੀ ਹੈ। ਕੋਈ ਇਸਤ੍ਰੀ ਇਹ ਨਹੀਂ ਸਹਾਰ ਸਕਦੀ ਕਿ ਉਸ ਦਾ ਪਤੀ ਕਿਸੇ ਹੋਰ ਇਸਤ੍ਰੀ ਨੂੰ ਦਿਲ ਦੇਵੇ। ਉਹ ਪਤੀ ਲਈ ਪ੍ਰਾਣ ਦੇ ਸਕਦੀ ਹੈ, ਉਹ ਅਪਣੇ ਸਾਰੇ ਹੱਕ ਛੱਡ ਸਕਦੀ ਹੈ, ਪਰ ਪਤੀ ਨੂੰ ਦੂਜੀ ਇਸਤ੍ਰੀ ਪਤਨੀ ਦੇ ਰੂਪ ਵਿਚ ਗ੍ਰਹਿਣ ਕਰਦਿਆਂ ਨਹੀਂ ਵੇਖ ਸਕਦੀ। ਕਿਉਂਕਿ ਇਹ ਤਾਂ ਉਸਦੀ ਪੂੰਜੀ ਦਾ ਹੀ ਨਾਸ ਹੈ, ਜਿਸਦੇ ਬਲ ਉਤੇ ਉਹ ਸੰਸਾਰ ਦੇ ਵੱਡੇ ਵੱਡੇ ਕਸ਼ਟ ਸਹਿ ਸਕਦੀ ਹੈ। ਇਹ ਤਾਂ ਉਸਦੇ ਸੁਹਾਗ ਦੀ ਚਿਖਾ ਹੈ, ਜਿਸਨੂੰ ਜੀਊਂਦੇ ਜੀ ਜਲਦਾ ਵੇਖਣ ਤੋਂ ਉਹ ਅਸਮਰਥ ਹੈ। ਇਹ ਸੱਚ ਹੈ ਕਿ ਕਿਤੇ ਕਿਤੇ ਅਜੇਹੀਆਂ ਇਸਤ੍ਰੀਆਂ ਭੀ ਵੇਖੀਆ ਜਾਂਦੀਆਂ ਹਨ, ਜਿਨ੍ਹਾਂ ਨੇ ਪਤੀ ਦੇ ਸੁਖ ਲਈ ਹਸਦਿਆਂ ਹਸਦਿਆਂ ਅਪਣੇ ਕਲੇਜੇ ਤੇ ਪੱਥਰ ਰੱਖ ਉਸਨੂੰ ਦੂਜੀ ਇਸਤ੍ਰੀ ਦੇ ਹਵਾਲੇ ਕਰ ਦਿਤਾ, ਪਰ ਅਜਿਹੀਆਂ ਕਿਤੇ ਕਿਤੇ ਹੀ ਦਿਸਦੀਆਂ ਹਨ। ਇਸਤ੍ਰੀ ਆਪਣੇ ਸਾਰੇ ਕਸ਼ਟ, ਦੁੱਖ, ਸੇਵਾ, ਤਿਆਗ ਅਤੇ ਕੁਰਬਾਨੀ ਦੇ ਬਦਲੇ ਵਿਚ ਪਤੀ ਦਾ ਪ੍ਰੇਮ ਚਾਹੁੰਦੀ ਹੈ। ਇਸੇ ਨੀਂਹ ਉਤੇ, ਇਸੇ ਸ਼ਕਤੀ ਤੇ ਪੂੰਜੀ ਦੇ ਸਹਾਰੇ ਉਹ ਉੱਚੇ ਤੋਂ ਉੱਚਾ ਉਠ ਸਕਦੀ ਅਤੇ ਜੀਵਨ ਦੀਆਂ ਕਠ-ਨਾਈਆਂ ਸਹਿ ਸਕਦੀ ਹੈ। ਪਰ ਪਤੀ ਦਾ ਪ੍ਰੇਮ ਪ੍ਰਾਪਤ ਕਰਨਾ ਬਹੁਤ ਕੁਝ ਇਸਤ੍ਰੀ ਦੇ ਹੀ ਹੱਥ ਹੈ। ਇਸਤ੍ਰੀ ਨੂੰ ਸ਼ੁਰੂ ਵਿਚ ਬਹੁਤ ਪੁਰਸ਼ ਦੇ ਉਤਾਵਲੇ ਪ੍ਰੇਮ ਉਤੇ ਪਾਗ਼ਲ ਨਹੀਂ ਹੋ ਜਾਣਾ ਚਾਹੀਦਾ, ਅਤੇ ਨਾ ਉਸ ਤੋਂ ਬਹੁਤੀ ਆਸ ਰੱਖਣੀ ਚਾਹੀਦੀ ਹੈ। ਉਸਨੂੰ ਤਾਂ ਸਦਾ ਆਪਣੇ ਪ੍ਰੇਮ, ਆਪਣੀ ਭਗਤੀ ਉਤੇ ਭਰੋਸਾ ਰੱਖਣਾ ਚਾਹੀਦਾ ਅਤੇ ਸਮਝਦੇ ਰਹਿਣਾ ਚਾਹੀਦਾ ਹੈ ਕਿ ਮੈਂ ਆਪਣੀ ਸੇਵਾ ਤੇ ਆਪਣੇ ਮਿੱਠੇ ਵਰਤਾਉ ਨਾਲ ਪਤੀ ਦੀਆਂ ਉਦਾਸੀਆਂ ਤੇ ਫ਼ਿਕਰਾਂ ਨੂੰ ਦੂਰ ਕਰ ਕੇ ਉਸਦੇ ਦਿਲ ਨੂੰ

ਜਿੱਤ ਲਵਾਂਗੀ। ਸਭ ਤੋਂ ਚੰਗੀ ਗੱਲ ਤਾਂ ਇਹ ਹੈ ਕਿ ਇਸਤ੍ਰੀ ਬਦਲੇ ਦੀ ਆਸ ਕੀਤੇ ਬਿਨਾ ਸੱਚੇ ਪ੍ਰੇਮ ਅਤੇ ਆਤਮ-ਤਿਆਗ ਦਾ ਆਦਰਸ਼ ਕਾਇਮ ਕਰੇ, ਪਰ ਇਹ ਗੱਲ ਅਤੀ ਕਠਿਨ ਹੈ ਤੇ ਸਭਨਾਂ ਕੋਲੋਂ ਹੋਣੀ ਔਖੀ ਹੈ। ਪਰ ਪਤੀ ਕੋਲੋਂ ਇਕ ਦਮ ਬਹੁਤ ਵੱਡੀ ਆਸ ਨਹੀਂ ਕਰਨੀ ਚਾਹੀਦੀ।

## ਇਸਤ੍ਰੀਆਂ ਦੀ ਭੁੱਲ

ਬਹੁਤ ਸਾਰੀਆਂ ਇਸਤ੍ਰੀਆਂ ਸਦਾ ਉਦਾਸ ਰਹਿੰਦੀਆਂ ਹਨ। ਉਹ ਸਾਰੇ ਕੰਮ ਕਰਦੀਆਂ ਹਨ–ਪਤੀ ਤੇ ਹੋਰ ਪ੍ਰਵਾਰ ਦੀ ਸੇਵਾ ਭੀ ਕਰਦੀਆਂ ਹਨ, ਪਰ ਗਲਤ ਫ਼ਹਿਮੀ ਕਰਕੇ ਆਪਣੇ ਮਨ ਵਿਚ ਕੁੜ੍ਹਦੀਆਂ ਰਹਿੰਦੀਆਂ ਹਨ। ਉਹ ਸੇਵਾ ਕਰਦੀਆਂ ਹਨ, ਪਰ ਉਸ ਸੇਵਾ ਵਿਚ ਪ੍ਰਸੰਨ ਨਹੀਂ ਹੁੰਦੀਆਂ, ਇਸੇ ਕਰਕੇ ਉਹ ਆਪ ਦੁਖੀ ਰਹਿੰਦੀਆਂ ਹਨ, ਅਤੇ ਉਨਾਂ ਦੇ ਕੰਮ ਦਾ, ਉਨ੍ਹਾਂ ਦੇ ਤਿਆਗ ਦਾ, ਉਨ੍ਹਾਂ ਦੀ ਸੇਵਾ ਦਾ ਕੋਈ ਅਸਰ ਨਹੀਂ ਹੁੰਦਾ। ਸੁਖ ਸਿਰਫ ਉਨ੍ਹਾਂ ਇਸਤ੍ਰੀਆਂ ਨੂੰ ਮਿਲਦਾ ਹੈ. ਜੋ ਵਿਆਹ ਰੂਪੀ ਫਾਈਵਾਲੀ ਵਿਚ ਅਪਣੇ ਹਿੱਸੇ ਦਾ ਕੰਮ ਚੰਗੀਤਰ੍ਹਾਂ ਪੂਰਾ ਕਰਦੀਆਂ ਹਨ,ਇਸਦੇ ਉਲਟ ਜਿਹੜੀਆਂ ਵੱਡੀਆਂ ੨ ਆਸਾਂ ਰੱਖਕੇ ਸਹੁਰੇ ਘਰ ਜਾਂਦੀਆਂ ਹਨ। ਉਹ ਪਤੀ ਦੀ ਭਲਾਈ ਤੇ ਖੁਸ਼ੀ ਲਈ ਖੁਸ਼ੀ ਖੁਸ਼ੀ ਕੰਮ ਨਹੀਂ ਕਰਦੀਆਂ। ਉਨ੍ਹਾਂ ਦਾ ਵਿਆਹਿਤ ਜੀਵਨ ਉਨ੍ਹਾਂ ਲਈ ਭਾਰੂ ਹੋ ਜਾਂਦਾ ਹੈ। ਉਹ ਆਪਣੇ ਵਿਆਹਿਤ ਜੀਵਨ ਨੂੰ ਗੁਲਾਮੀ ਦਾ ਜੀਵਨ ਸਮਝਕੇ ਆਪਣੇ ਮਨ ਅਤੇ ਸਰੀਰ ਦੋਹਾਂ ਨੂੰ ਕਮਜ਼ੋਰ ਕਰ ਲੈਂਦੀਆਂ ਹਨ।

ਇਸ ਲਈ ਇਸਤ੍ਰੀ ਨੂੰ ਸੰਸਾਰ ਦੀਆਂ ਤਕਲੀਫਾਂ ਉਠਾਣ

ਦੀ ਤਾਕਤ ਤਦੇ ਮਿਲ ਸਕਦੀ ਹੈ, ਜਦ ਉਹ ਆਪਣੇ ਸੁਖ ਦਾ ਧਿਆਨ ਨਾ ਰੱਖ ਕੇ, ਸਦਾ ਪਤੀ ਦੀ ਭਲਾਈ ਦਾ ਯਤਨ ਕਰਦੀ ਰਹੇ, ਪਤੀ ਯਾ ਘਰ ਦੇ ਹੋਰਨਾਂ ਦੀ ਸੱਚੀ ਸੱਚੀ ਸੇਵਾ ਵਿਚ ਹੀ ਅਪਣਾ ਸੁਖ ਢੂੰਢਦੀ ਹੋਈ ਪਤੀ ਦੇ ਸੁਖ ਦੁਖ ਨੂੰ ਹੀ ਆਪਣਾ ਸੁਖ ਦੁਖ ਸਮਝੇ । ਬਹੁਤ ਸਾਰੀਆਂ ਇਸਤ੍ਰੀਆਂ ਮੂੰਹ ਸੁਜਾਕੇ ਗ਼ਲਤ-ਫ਼ਹਿੰਮੀ ਦੇ ਕਾਰਨ ਯਾ ਅਪਨੇ ਪਤੀ ਦੇ ਉਤਾਵਲੇ-ਪਨ ਦੀਆਂ ਸ਼ਿਕਾਰ ਹੋਕੇ ਬਹੁਤ ਛੇਤੀ ਅਪਣੇ ਸੁਖ ਨੂੰ ਗਵਾ ਲੈਂਦੀਆਂ ਹਨ। ਬਹੁਤ ਸਾਰੇ ਪੁਰਸ਼ ਵੀ ਆਪਣੀ ਇਸਤ੍ਰੀ ਨੂੰ ਬਹੁਤ ਸਿਰੇ ਚਾੜ੍ਹਕੇ, ਆਲਸੀ, ਅਰਾਮ-ਤਲਬ ਅਤੇ ਜ਼ਿੱਦੀ ਬਣਨ ਦੀ ਆਰਤ ਪਾ ਉਸਨੂੰ ਨਸ਼ਟ ਕਰ ਛੱਡਦੇ ਹਨ ।

ਇਹ ਗੱਲ ਸਦਾ ਚੇਤੇ ਰਖੋ ਕਿ ਜੋਸ਼ ਵਿਚ ਰੁੜ੍ਹ ਜਾਣ ਨਾਲਂ, ਮਨ ਤੇ ਵਿਚਾਰ ਨਾਲ ਸੰਜਮ ਧਾਰ ਕੇ ਹੀ ਕਿਸੇ ਕੰਮ ਸੰਬੰਧੀ ਕੁਝ ਨਿਸਚੇ ਕਰਨਾ ਚੰਗਾ ਹੈ। ਕਦੇ ਉਸ ਰਾਹ ਨਾ ਪਵੋ ਜਿਸ ਵਿਚ ਹਨੇਰੀ ਜਾਂ ਤੂਫ਼ਾਨ ਦਾ ਡਰ ਹੋਵੇ। ਅਜਿਹੇ ਸਮੇਂ ਵਿਚਾਰ ਸ਼ਕਤੀ ਗੁੰਮ ਹੋ ਜਾਂਦੀ ਹੈ ਅਤੇ ਆਦਮੀ ਅਸਲੀ ਰਾਹ ਨਹੀਂ ਪਛਾਣ ਸਕਦਾ ।

## ਘਰੋਗੀ ਜੀਵਨ

ਭਾਵੇਂ ਇਹ ਸੱਚ ਹੈ ਕਿ ਇਸਤ੍ਰੀ ਦਾ ਪਹਿਲਾ ਫ਼ਰਜ਼ ਪਤੀ

ਦੀ ਸੇਵਾ ਹੈ, ਪਰ ਇਕ ਕੁਟੰਬ ਵਿਚ ਰਹਿੰਦਿਆਂ ਹੋਇਆਂ ਜਿਥੇ ਸਭਨਾਂ ਦੇ ਸਵਾਰਥ ਇਕ ਦੂਜੇ ਨਾਲ ਬੰਨ੍ਹੇ ਹੋਏ ਹਨ, ਸਿਰਫ਼ ਪਤੀ ਦੇ ਪ੍ਰੇਮ ਵਿਚ ਦੀਵਾਨੀ ਹੋਈ ਰਹਿਣ ਨਾਲ ਹੀ ਘਰੋਗੀ ਜੀਵਨ ਸਫ਼ਲ ਤੇ ਸੁਖਦਾਈ ਨਹੀਂ ਹੋ ਸਕਦਾ। ਪਤੀ ਦੇ ਨਾਲ ਹੀ ਉਸ ਦੇ ਮਾਤਾ ਪਿਤਾ ਤੇ ਭੈਣਾਂ ਭਰਾਵਾਂ ਦਾ ਵੀ ਧਿਆਨ ਰਖਣਾ ਪੈਂਦਾ ਹੈ। ਇਸ ਨੂੰ ਚਾਹੀਦਾ ਹੈ ਕਿ ਉਹ ਸਹੁਰੇ ਘਰ ਆਪਣਾ ਜੀਵਨ ਐਸਾ ਬਣਾਵੇ ਕਿ ਸਭਨਾਂ ਨੂੰ ਉਸ ਦੀ ਲੋੜ ਪਈ ਭਾਸੇ, ਅਤੇ ਸਾਰੇ ਇਸ ਗਲ ਨੂੰ ਅਨੁਭਵ ਕਰਨ ਕਿ ਇਸਦੇ ਇਥੇ ਆਉਣ ਕਰ ਕੇ ਸਾਡਾ ਜੀਵਨ ਸੁਖਦਾਈ ਹੋ ਗਿਆ ਹੈ। ਇਸ ਲਈ ਪਤੀ ਦੀ ਸੇਵਾ ਕਰਨ ਤੇ ਉਸ ਦੇ ਸੁਖ ਦੁਖ ਵਿਚ ਹੱਥ ਵਟਾਂਦੇ ਰਹਿਣ ਦੇ ਨਾਲ ਹੀ ਇਸਤ੍ਰੀ ਨੂੰ ਉਨ੍ਹਾਂ ਸਭਨਾਂ ਗੱਲਾਂ ਦਾ ਵੀ ਧਿਆਨ ਰਖਣਾ ਚਾਹੀਦਾ ਹੈ ਜਿਨਾਂ ਨਾਲ ਪਤੀ ਦੇ ਮਨ ਨੂੰ ਸ਼ਾਂਤੀ ਮਿਲੇ ਅਤੇ ਦੋਹਾਂ ਦਾ ਸੰਬੰਧ ਅਟੁਟ ਬਣਿਆ ਰਹੇ।

ਇਸ ਲਈ ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਪਤੀ ਵਿਚ ਪਤਨੀ ਦੀ ਭਾਰੀ ਸ਼ਰਧਾ ਹੋਵੇ, ਅਤੇ ਉਹ ਸਰੀਰ, ਮਨ ਤੇ ਬਚਨ ਕਰ ਕੇ ਪਤਿਬ੍ਰਤਾ ਹੋਵੇ। ਜਿਸ ਇਸਤ੍ਰੀ ਦਾ ਆਪਣੇ ਪਤੀ ਵਿਚ ਸੱਚਾ ਪ੍ਰੇਮ ਨਹੀਂ, ਉਸ ਦਾ ਘਰ ਦੇ ਕੰਮਾਂ ਵਿਚ ਭੀ ਮਨ ਕਦੇ ਨਹੀਂ ਲਗ ਸਕਦਾ। ਉਹ ਭਾਵੇਂ ਸਭ ਕੰਮ ਕਰਦੀ ਹੈ ਪਰ ਉਨ੍ਹਾਂ ਨੂੰ ਦੁਖੀ ਚਿਤ ਹੋ ਕੇ ਅਤੇ ਬੋਝ ਸਮਝ ਕੇ। ਉਹ ਆਪਣੇ ਆਪ ਨੂੰ ਘਰ ਦੀ ਮਾਲਕਣ ਦੀ ਥਾਂ ਇਕ ਟਹਿਲਣ ਸਮਝ ਕੇ ਬਿਰਥਾ ਦੁਖ ਭੋਗਦੀ ਹੈ। ਇਸ ਦੇ ਉਲਟ ਜਿਸ ਇਸਤ੍ਰੀ ਦਾ ਆਪਣੇ ਪਤੀ ਵਿਚ ਪ੍ਰੇਮ ਹੁੰਦਾ ਹੈ, ਉਸ ਨੂੰ ਘਰ ਦਾ ਹਰ ਇਕ ਕੰਮ ਚੰਗਾ ਲਗਦਾ ਹੈ। ਉਹ ਸਦਾ ਹੀ ਘਰ ਦੇ ਸਾਰੇ ਕੰਮਾਂ ਨੂੰ ਖੁਸ਼ੀ ਨਾਲ ਕਰਦੀ ਹੈ। ਕਿਉਂਕਿ ਉਹ ਸਮਝਦੀ ਹੈ ਕਿ ਇਹ ਮੇਰਾ ਘਰ ਹੈ, ਮੈਂ ਇਸਦੀ ਮਾਲਕ ਹਾਂ। ਬੁਰਾ ਹੈ, ਭਲਾ ਹੈ, ਜੋ ਕੁਝ ਹੈ ਆਪਣਾ ਹੈ।

ਪੁਰਸ਼ ਦੇ ਲਈ ਆਪਣੇ ਮਨ ਨੂੰ ਪਰਚਾਉਣ ਵਾਸਤੇ ਸੰਸਾਰ ਵਿਚ ਅਨੇਕਾਂ ਹੋਰ ਭੀ ਸਾਧਨ ਹਨ। ਉਹ ਆਪਣੇ ਘਰ ਤੋਂ ਬਾਹਰ ਆਪਣੇ ਸਜਣਾਂ ਮਿਤ੍ਰਾਂ ਵਿਚ, ਸਭਾ ਸੁਸਾਇਟੀਆਂ ਵਿਚ, ਸਿਨੇਮਾ ਅਤੇ ਨਾਟਕ ਘਰਾਂ ਵਿਚ, ਸੈਲ ਸਪੱਟੇ ਕਰ ਸਕਦਾ ਹੈ ਤੇ ਹੋਰ ਥਾਵਾਂ ਉਪਰ ਆਪਣੇ ਦੁਖ ਨੂੰ ਭੁਲਾ ਸਕਦਾ ਹੈ, ਪਰ ਇਸਤ੍ਰੀ ਲਈ ਜੇਕਰ ਉਸ ਦੇ ਮਨ ਵਿਚ ਪਤੀ ਪ੍ਰੇਮ ਨਹੀਂ, ਤਾਂ ਆਪਣਾ ਜੀਵਨ ਬਿਤਾਉਣਾ ਔਖਾ ਹੋ ਜਾਂਦਾ ਹੈ। ਪ੍ਰੇਮ ਪ੍ਰਾਪਤ ਕਰਨ ਦਾ ਕੋਈ ਖ਼ਾਸ ਢੰਗ ਨਹੀਂ। ਇਹ ਪਤਨੀ ਦੇ ਸਿੱਧੇ ਸਾਦੇ ਸੁਭਾਵ, ਪਤੀ ਉਤੇ ਸ਼ਰਧਾ, ਵਿਸ਼ਵਾਸ਼, ਸੇਵਾ ਅਤੇ ਮਿੱਠੇ ਵਰਤਾਉ ਨਾਲ ਹੀ ਮਿਲ ਸਕਦਾ ਹੈ। ਇਸ ਦੇ ਸਿਵਾ ਆਪਣੇ ਖ਼ਿਆਲਾਂ ਤੇ ਵਿਚਾਰਾਂ ਨਾਲ ਭੀ ਸੁਖ ਦੁਖ ਦਾ ਬਹੁਤ ਸੰਬੰਧ ਹੁੰਦਾ ਹੈ। ਅਮਰੀਕਾ ਦੀ ਇਕ ਇਸਤ੍ਰੀ ਨੇ ਲਿਖਿਆ ਹੈ :–"ਇਸਤ੍ਰੀ ਦੇ ਦਿਲ ਦਾ ਖ਼ਿਆਲ ਹੀ ਉਹ ਚੀਜ਼ ਹੈ, ਜੋ ਉਸ ਦੇ ਜੀਵਨ ਨੂੰ ਸੁਖ ਜਾਂ ਦੁਖ ਰੂਪ ਬਣਾ ਸਕਦਾ ਹੈ।" ਇਸਤ੍ਰੀਆਂ ਲਈ ਇਹ ਗੱਲਾਂ ਬਹੁਤ ਲਾਭਵੰਦੀਆਂ ਹਨ, ਕਿਉਂਕਿ ਇਸਤ੍ਰੀਆਂ ਜਦ ਸੁਖ ਮਾਲੂਮ ਕਰਦੀਆਂ ਹਨ, ਤਾਂ ਉਹ ਬਹੁਤ ਵੱਧ ਕਰਦੀਆਂ ਹਨ। ਜੇਕਰ ਦੁਖ ਦਾ ਅਨੁਭਵ ਕਰਦੀਆਂ ਹਨ ਤਾਂ ਉਹ ਵੀ ਹਦੋਂ ਵਧ ਕਰਦੀਆਂ ਹਨ। ਹਰ ਹਾਲਤ ਵਿਚ ਹੀ ਇਕ ਮਾਮੂਲੀ ਇਸਤ੍ਰੀ ਦੀ ਅਨੁਭਵ-ਸ਼ਕਤੀ (The Sense of Feeling) ਇਕ ਮਾਮੂਲੀ ਪੁਰਸ਼ ਦੀ ਅਨੁਭਵ-ਸ਼ਕਤੀ ਨਾਲੋਂ ਬਹੁਤ ਤੇਜ਼ ਹੁੰਦੀ ਹੈ। ਇਸੇ ਕਰ ਕੇ ਪਤਨੀਆਂ ਪਤੀ ਦਾ ਥੋੜਾ ਜਿਹਾ ਪ੍ਰੇਮ ਪ੍ਰਾਪਤ ਕਰ ਕੇ ਹੀ ਪਾਗ਼ਲ ਹੋ ਆਪਣਾ ਸਭ ਕੁਝ ਭੁਲ ਜਾਂਦੀਆਂ ਹਨ। ਪਰ ਇਸ ਤਰ੍ਹਾਂ ਦਾ ਪ੍ਰੇਮ ਸੰਜਮ ਨਹੀਂ ਤੇ ਨਾ ਉਹ ਸਦਾ ਰਹਿਣ ਵਾਲਾ ਹੁੰਦਾ ਹੈ। ਪ੍ਰੇਮ ਭਾਵੇਂ ਸਦਾ ਹੀ ਆਦਮੀ ਨੂੰ ਉਚਿਆਂ ਲੈ ਜਾਂਦਾ ਹੈ, ਪਰ ਉਸ ਲਈ ਜ਼ਰੂਰੀ ਹੈ ਕਿ ਉਹ ਪਾਗ਼ਲ ਤੇ ਫ਼ਰਜ਼ ਤੋਂ ਬੇਮੁਖ ਕਰਨ ਵਾਲੇ ਪ੍ਰੇਮ ਤੋਂ ਬਚੇ।

ਪੁਰਸ਼ ਦਾ ਆਪਣੀ ਪਤਨੀ ਲਈ ਜੋ ਫ਼ਰਜ਼ ਹੈ ਉਸ ਨੂੰ ਅਸੀਂ ਗ਼ਰੀਬੀ, ਚਿੰਤਾ, ਗ਼ੁਲਾਮੀ, ਮੂਰਖਤਾ ਦੇ ਕਾਰਨ ਭੁਲ ਹੀ ਗਏ ਹਾਂ। ਜੋ ਇਸਤ੍ਰੀ ਪਤੀ ਦੇ ਮੂੰਹੋਂ ਦੋ ਮਿੱਠੇ ਬੋਲ ਸੁਣਨ ਲਈ ਵਿਆਕੁਲ ਹੋਵੇ, ਉਸ ਦੀ ਅਵਸਥਾ ਦਾ ਖਿਆਲ ਪੁਰਸ਼ ਬਹੁਤ ਮੁਸ਼ਕਲ ਨਾਲ ਹੀ ਕਰ ਸਕਦਾ ਹੈ। ਪੁਰਸ਼ ਇਹ ਗੱਲ ਭੁਲ ਜਾਂਦਾ ਹੈ ਕਿ ਉਸ ਦੀ ਇਸਤ੍ਰੀ ਉਸ ਦੇ ਵਾਂਗ ਆਪਣੇ ਮਨ ਨੂੰ ਸੰਸਾਰ ਦੇ ਹੋਰ ਸਾਧਨਾਂ ਨਾਲ ਨਹੀਂ ਪਰਚਾ ਸਕਦੀ। ਭਾਵੇਂ ਇਸਤ੍ਰੀ ਲਈ ਪਤੀ ਖਾਣ ਪੀਣ, ਗਹਿਣੇ ਕਪੜੇ ਤੇ ਘਰ ਬਾਹਰ ਦਾ ਚੰਗਾ ਪ੍ਰਬੰਧ ਕਰ ਦੇਵੇ, ਪਰ ਜੇ ਪਤੀ ਦੀ ਉਸ ਦੇ ਨਾਲ ਹਮ-ਦਰਦੀ ਜਾਂ ਪ੍ਰੇਮ ਪਿਆਰ ਨਹੀਂ, ਤਾਂ ਉਸ ਲਈ ਉਪਰਲੀਆਂ ਸਾਰੀਆਂ ਨਿਆਮਤਾਂ ਕਿਸੇ ਕੰਮ ਨਹੀਂ। ਅਜਿਹੀ ਇਸਤ੍ਰੀ ਆਪਣੇ ਮਨ ਵਿਚ ਪ੍ਰਤੀਤ ਕਰਦੀ ਹੈ ਕਿ ਉਸ ਦੀ ਕੋਈ ਕੀਮਤੀ ਚੀਜ਼ ਗੁਆਚ ਗਈ ਹੈ, ਜਿਸ ਬਿਨਾਂ ਉਸ ਦਾ ਜੀਵਨ ਸੁਕਦਾ ਜਾ ਰਿਹਾ ਹੈ। ਉਹ ਸਦਾ ਉਸ ਗੁਆਚੀ ਹੋਈ ਚੀਜ਼ ਦੇ ਲਈ ਬੇਚੈਨ ਤੇ ਬੇਸੁਧ ਰਹਿੰਦੀ ਹੈ।

ਸਮੇਂ ਨੂੰ ਵਿਚਾਰ ਕੇ ਅਤੇ ਆਪਣੇ ਮਨ ਨੂੰ ਸ਼ਾਂਤ ਰੱਖ ਕੇ ਇਹ ਬੇਚੈਨੀ ਅਤੇ ਤਕਲੀਫ਼ ਕਿਸੇ ਹੱਦ ਤਕ ਘੱਟ ਹੋ ਸਕਦੀ ਹੈ, ਪਰ ਉਪਰਲੀ ਗੱਲ ਨੂੰ ਬਹੁਤ ਉਦਾਰ, ਪ੍ਰੇਮਣਾਂ ਤੇ ਸੁਘੜ ਇਸ-ਤ੍ਰੀਆਂ ਹੀ ਸਮਝ ਸਕਦੀਆਂ ਹਨ।

ਸਾਡੇ ਦੇਸ ਵਿਚ ਸੌ ਵਿਚੋਂ ੯੯ ਵਿਆਹ ਤਾਂ ਅਜਿਹੇ ਹੁੰਦੇ ਹਨ, ਜਿਨ੍ਹਾਂ ਵਿਚ ਦਿਲ ਤੇ ਪ੍ਰੇਮ ਨੂੰ ਕੋਈ ਥਾਂ ਹੀ ਨਹੀਂ। ਵਿਆਹ ਇਕ ਜ਼ਰੂਰੀ ਰੀਤ ਸਮਝ ਕੇ ਕਰ ਦਿਤਾ ਜਾਂਦਾ ਹੈ, ਅਤੇ ਉਸ ਵਿਚ ਭੋਗ ਭੋਗਣ ਦਾ ਹੀ ਬਹੁਤਾ ਭਾਵ ਹੁੰਦਾ ਹੈ, ਇਸ ਲਈ ਇਸਤ੍ਰੀਆਂ ਆਮ ਕਰ ਕੇ ਪਤੀ ਦੀ ਸੇਵਾ ਤੇ ਘਰ ਦੇ ਕੰਮ ਕਾਜ ਕਰਦੀਆਂ

ਹੋਈਆਂ ਤਥਾ ਆਪਣੇ ਬਾਲ ਬੱਚੇ ਨੂੰ ਪਾਲਦੀਆਂ ਹੋਈਆਂ ਆਪਣੀ ਉਮਰ ਬਤੀਤ ਕਰ ਦੇਂਦੀਆਂ ਹਨ।

ਬਹੁਤ ਸਾਰੇ ਇਸਤ੍ਰੀ ਪੁਰਸ਼ ਆਪਣੀ ਮਾਨ ਮਰਯਾਦਾ ਦਾ ਖ਼ਿਆਲ ਰਖ ਕੇ ਤੇ ਆਪਣੀ ਇੱਜ਼ਤ ਬਣਾਈ ਰਖਣ ਲਈ ਇਕ ਦੂਜੇ ਦੇ ਵਫ਼ਾਦਾਰ ਹੁੰਦੇ ਤੇ ਹੋਰਨਾਂ ਸੰਸਾਰੀ ਕੰਮਾਂ ਨੂੰ ਕਰਦੇ ਹੋਏ ਆਪਣੀ ਜ਼ਿੰਦਗੀ ਦੇ ਦਿਨ ਬਤੀਤ ਕਰ ਦੇਂਦੇ ਹਨ। ਉਨ੍ਹਾਂ ਵਿਚ ਪ੍ਰੇਮ ਨਾਲੋਂ ਫ਼ਰਜ਼ ਅਤੇ ਕੁੱਲ ਰੀਤੀ ਹੀ ਪ੍ਰਧਾਨ ਹੁੰਦੀ ਹੈ। ਪਤੀ ਇਹ ਸਮਝਦਾ ਹੈ ਕਿ ਮੇਰੀ ਇਹ ਵਿਆਹੀ ਹੋਈ ਹੈ, ਇਸ ਨੂੰ ਚੰਗਾ ਕਪੜਾ, ਚੰਗਾ ਖਾਣ ਪੀਣ ਨੂੰ ਦੇਣਾ ਅਤੇ ਇਸਦੀ ਰਖਿਆ ਕਰਨੀ ਮੇਰਾ ਫ਼ਰਜ਼ ਹੈ।

ਓਧਰ ਇਸਤ੍ਰੀ ਇਹ ਸੋਚਦੀ ਹੈ ਕਿ ਮੇਰਾ ਇਸ ਦੇ ਨਾਲ ਹੁਣ ਵਿਆਹ ਹੋ ਗਿਆ ਹੈ, ਚੰਗਾ ਹੈ, ਬੁਰਾ ਹੈ ਜੇਹਾ ਹੈ ਆਪਣਾ ਹੈ, ਇਸ ਦੀ ਤੇ ਇਸ ਦੇ ਪ੍ਰਵਾਰ ਦੀ ਸੇਵਾ ਕਰਨੀ ਮੇਰਾ ਕੰਮ ਹੈ। ਸੋ ਅਜਿਹੇ ਪਤਿਬ੍ਰਤਾ ਭਾਵ ਵਿਚ ਪ੍ਰੇਮ ਨਾਲੋਂ ਸੰਕੋਚ ਦੀ ਹੀ ਪ੍ਰਬਲਤਾ ਹੁੰਦੀ ਹੈ। ਆਮ ਕਰ ਕੇ ਸਾਡਾ ਵਿਆਹਿਤ ਜੀਵਨ ਇਸੇ ਤਰ੍ਹਾਂ ਹੀ ਬੀਤਦਾ ਹੈ। ਨਾ ਤਾਂ ਪਤੀ ਹੀ ਪਤਨੀ ਦੇ ਉਸ ਪ੍ਰੇਮ ਲਈ ਵਿਆਕੁਲ ਹੁੰਦਾ ਹੈ ਕਿ ਜਿਸ ਦੇ ਮਿਲ ਜਾਣ ਪੁਰ ਹੋਰ ਕਿਸੇ ਚੀਜ਼ ਦੀ ਇਛਾ ਬਾਕੀ ਨਹੀਂ ਰਹਿੰਦੀ ਤੇ ਨਾ ਪਤਨੀ ਹੀ ਪਤੀ ਦੇ ਉਸ ਪ੍ਰੇਮ ਲਈ ਪਾਗਲ ਹੁੰਦੀ ਹੈ, ਜਿਸ ਦੇ ਮਿਲਣ ਨਾਲ ਪੂਰਣਤਾ ਪ੍ਰਤੀਤ ਹੁੰਦੀ ਹੈ।

ਇਸੇ ਕਰ ਕੇ ਵਿਆਹੇ ਜਾਣ ਪਰ ਭੀ ਅਨੇਕਾਂ ਇਸਤ੍ਰੀਆਂ ਨੂੰ ਅਜਿਹੇ ਪ੍ਰੇਮ ਦਾ ਅਭਾਵ ਅਨੁਭਵ ਨਹੀਂ ਹੁੰਦਾ। ਨਾ ਪਤੀਆਂ ਦਾ ਹੀ ਇਸ ਵਲ ਬਹੁਤਾ ਝੁਕਾਉ ਹੁੰਦਾ ਹੈ। ਉਨ੍ਹਾਂ ਦਾ ਬਹੁਤਾ ਸਮਾਂ ਖਾਣ ਪੀਣ, ਘਰ ਬਾਹਰ ਦੇ ਕੰਮ ਧੰਦੇ, ਤੇ ਨੌਕਰੀ ਚਾਕਰੀ ਵਿਚ ਹੀ ਬੀਤ ਜਾਂਦਾ ਹੈ ਤੇ ਬਾਕੀ ਜੋ ਬਚਦਾ ਹੈ, ਉਹ ਭੋਗ

ਵਿਲਾਸ ਵਿਚ ਲੱਗ ਜਾਂਦਾ ਹੈ। ਆਮ ਤੌਰ ਤੇ ਵਿਆਹੇ ਹੋਏ ਇਸਤ੍ਰੀ ਪੁਰਸ਼ਾਂ ਦਾ ਜੀਵਨ ਅਜੇਹਾ ਹੀ ਹੈ। ਇਸ ਜੀਵਨ ਵਿਚ ਉਨ੍ਹਾਂ ਇਸਤ੍ਰੀ ਪੁਰਸ਼ਾਂ ਦੇ ਜੀਵਨ ਨਾਲੋਂ ਤਾਂ ਘੱਟ ਹੀ ਦੁਖ ਚਿੰਤਾ ਹੈ, ਜਿਹੜੇ ਪ੍ਰੇਮ ਦੇ ਅਭਾਵ ਕਰ ਕੇ ਆਪਣੇ ਜੀਵਨ ਵਿਚ ਬਹੁਤ ਘਾਟੇ ਦਾ ਅਨੁਭਵ ਕਰਦੇ ਹਨ। ਸਾਡੇ ਦੇਸ ਦੇ ਵਿਆਹ ਦੀ ਨੀਂਹ ਪ੍ਰੇਮ ਉਤੇ ਨਹੀਂ, ਸਗੋਂ ਸੰਸਾਰ ਦੇ ਬੰਧਨਾਂ ਅਤੇ ਰਹੁਰੀਤੀਆਂ ਉਤੇ ਖੜੀ ਹੈ। ਇਸ ਲਈ ਪ੍ਰੇਮ ਦੇ ਅਭਾਵ ਵਿਚ ਹਮਦਰਦੀ ਰਖਦਿਆਂ, ਸੇਵਾ ਕਰਦਿਆਂ, ਇਕ ਦੂਜੇ ਦਾ ਸਹਾਇਕ ਹੋ ਕੇ ਆਪਣੇ ਫ਼ਰਜ਼ ਦਾ ਪਾਲਣ ਕਰਦਿਆਂ ਹੋਇਆਂ ਇਹ ਜੀਵਨ ਚੰਗੀ ਤਰ੍ਹਾਂ ਬਤੀਤ ਕਰ ਸਕੀਦਾ ਹੈ। ਪ੍ਰੇਮ ਦਾ ਅਭਾਵ ਉਸ ਵਿਚ ਰੁਕਾਵਟ ਓਦੋਂ ਹੀ ਪਾ ਸਕਦਾ ਹੈ ਜਦ ਸਾਨੂੰ ਪ੍ਰੇਮ ਦੀ ਚਾਟ ਪੁਸਤਕਾਂ ਪੜ੍ਹ ਕੇ, ਯਾ ਦੂਜਿਆਂ ਨੂੰ ਵੇਖ ਕੇ ਪਹਿਲਾਂ ਤੋਂ ਹੀ ਲਗ ਗਈ ਹੋਵੇ।

ਯੂਰਪ ਦੀ ਗੱਲ ਇਸ ਦੇ ਉਲਟ ਹੈ। ਉਥੇ ਜਿਸ ਦਾ ਜਿਸ ਨਾਲ ਪ੍ਰੇਮ ਹੋ ਜਾਂਦਾ ਹੈ (ਭਾਵੇਂ ਉਸ ਪ੍ਰੇਮ ਵਿਚ ਸਰੀਰ ਦੀ ਮਨ-ਮੋਹਨੀ ਸੁੰਦਰਤਾ ਹੀ ਆਮ ਕਰ ਕੇ ਹੁੰਦੀ ਹੈ) ਉਸੇ ਨਾਲ ਵਿਆਹ ਹੁੰਦਾ ਹੈ, ਯਾ ਉਸ ਦੇ ਨਾਲ ਵਿਆਹ ਕਰਨ ਦਾ ਯਤਨ ਕੀਤਾ ਜਾਂਦਾ ਹੈ। ਹਿੰਦੁਸਤਾਨ ਵਿਚ ਵਿਆਹ ਹੁੰਦਾ ਹੈ ਘਰ ਸੰਭਾਲਣ ਲਈ; ਅਤੇ ਯੂਰਪ ਵਿਚ ਹੁੰਦਾ ਹੈ ਆਪਣਾ ਜੀਵਨ ਸੁਖੀ ਬਤਾਣ ਲਈ। ਇਸ ਲਈ ਪਹਿਲਾਂ ਹੀ ਤੋਂ ਪਏ ਹੋਏ ਸੰਸਕਾਰਾਂ ਦੇ ਕਾਰਨ ਸਾਡੇ ਦੇਸ ਦੇ ਇਸਤ੍ਰੀ ਪੁਰਸ਼ ਵਿਆਹ ਦੇ ਪਿਛੋਂ ਆਪੋ ਆਪਣੇ ਕੰਮਾਂ ਵਿਚ ਲਗ ਜਾਂਦੇ ਹਨ। ਪ੍ਰੇਮ ਦੇ ਅਭਾਵ ਵਿਚ ਵਿਆਕੁਲ ਨਹੀਂ ਹੁੰਦੇ। ਆਪੋ ਆਪਣੇ ਕੰਮ ਨੂੰ ਕਰਦੇ ਹੋਏ ਉਨ੍ਹਾਂ ਦਾ ਜੀਵਨ ਬੀਤ ਜਾਂਦਾ ਹੈ।

ਇਸ ਲਈ ਜਿਹੜੀਆਂ ਇਸਤ੍ਰੀਆਂ ਪਤੀ ਪਾਸੋਂ ਮਾਮੂਲੀ ਪ੍ਰੇਮ ਜਾਂ ਹਮਦਰਦੀ ਦੀ ਆਸ ਰਖਦੀਆਂ ਹਨ, ਉਹ ਉਨ੍ਹਾਂ ਨਾਲੋਂ

ਬਹੁਤ ਸੁਖੀ ਰਹਿੰਦੀਆਂ ਹਨ, ਜਿਹੜੀਆਂ ਪਤੀ ਦੇ ਪ੍ਰੇਮ ਲਈ ਵਿਆਕੁਲ ਹੋ ਜਾਂਦੀਆਂ ਹਨ। ਸੋ ਬਹੁਤ ਵੱਡੀਆਂ ਆਹਾਂ ਕਦੇ ਨਾ ਕਰੋ। ਨ ਹਵਾਈ ਕਿਲ੍ਹੇ ਉਸਾਰੋ। ਫ਼ਰਜ਼ ਸਮਝਕੇ ਵਿਆਹਿਤ ਜੀਵਨ ਦੇ ਆਦਰਸ਼ ਦੀ ਪਾਲਣਾ ਕਰੀ ਜਾਓ।

## ਸੰਤੋਖ ਦਾ ਫਲ

ਹਰ ਦਸ਼ਾ ਵਿਚ ਸੰਤੋਖ ਦਾ ਫਲ ਮਿੱਠਾ ਹੈ। ਬਹੁਤਾ ਪ੍ਰਾਪਤ ਕਰਨ ਦਾ ਯਤਨ ਜ਼ਰੂਰ ਕਰਨਾ ਚਾਹੀਦਾ ਹੈ– ਪਰ ਜੇ ਬਹੁਤਾ ਨਾ ਮਿਲੇ–ਤਾਂ ਫੇਰ ਜੋ ਮਿਲਿਆ ਹੋਇਆ ਹੈ, ਉਸ ਉਤੇ ਹੀ ਸੰਤੋਖ ਕਰ ਲੈਣ ਨਾਲ ਜੀਵਨ ਦੀਆਂ ਤਕਲੀਫ਼ਾਂ ਘਟ ਜਾਂਦੀਆਂ ਹਨ।

ਹਰ ਇਕ ਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਕਿ ਹੈ ਸੰਸਾਰ ਵਿਚ ਸੁਖ ਦੇ ਸਾਰੇ ਸੁਪਨੇ ਪੂਰੇ ਨਹੀਂ ਉਤਰਦੇ। ਮਨ ਦੀਆਂ ਸਾਰੀਆਂ ਖ਼ਾਹਸ਼ਾਂ ਦਾ ਪੂਰਾ ਹੋਣਾ ਅਸੰਭਵ ਹੈ ਨਾ ਤਾਂ ਪਤੀਆਂ ਨੂੰ ਅਜਿਹੀਆਂ ਇਸਤ੍ਰੀਆਂ ਮਿਲਦੀਆਂ ਹਨ, ਜਿਨ੍ਹਾਂ ਦਾ ਆਦਰਸ਼ ਉਨ੍ਹਾਂ ਦੇ ਮਨ ਵਿਚ ਬੈਠਾ ਹੋਇਆ ਹੁੰਦਾ ਹੈ ਅਤੇ ਨਾ ਇਸਤ੍ਰੀਆਂ ਨੂੰ ਸਦਾ ਪਤੀ ਹੀ ਅਜੇਹੇ ਮਿਲਦੇ ਹਨ ਜਿਨ੍ਹਾਂ ਲਈ ਉਨ੍ਹਾਂ ਅਪਣੇ ਮਨ ਵਿਚ ਸੋਚਿਆ ਹੁੰਦਾ ਹੈ।

ਇਸ ਲਈ ਅਜੇਹੀ ਹਾਲਤ ਵਿਚ ਦੁਖੀ ਤੇ ਵਿਆਕੁਲ ਹੋਣ ਨਾਲੋਂ ਸ਼ਾਂਤੀ ਨਾਲ ਅਪਣੇ ਮਨ ਵਿਚ ਵਿਚਾਰੇ ਕਿ ਕੀ ਮੇਰੇ ਨਾਲੋਂ ਵੱਧ ਦੁਖੀ ਤੇ ਅਭਾਗਣਾਂ ਇਸ ਸੰਸਾਰ ਵਿਚ ਨਹੀਂ ਹਨ? ਇਸ ਗੱਲ ਨੂੰ ਸੋਚੋ ਕਿ ਕੀ ਕਦੇ ਕਿਸੇ ਦੀਆਂ ਸਾਰੀਆਂ ਇੱਛਾਂ ਭੀ ਪੂਰੀਆਂ ਹੋਈਆਂ ਹਨ? ਸੰਸਾਰ ਵਿਚ ਅਜਿਹਾ ਕੋਈ ਜੀਵ ਨਹੀਂ, ਜਿਸ ਨੂੰ ਚਿੰਤਾ, ਫ਼ਿਕਰ, ਰੋਗ, ਸ਼ੋਕ ਤੇ ਨਿਰਾਸਾ ਨੇ ਕਦੇ ਨਾ

ਘੇਰਿਆ ਹੋਵੇ। ਜੋ ਗੱਲ ਸਭਨਾਂ ਲਈ ਹੈ; ਉਹ ਸਾਡੇ ਲਈ ਭੀ ਹੈ।

ਦੁਖ ਨੂੰ ਘਟਾਉਣਾ ਵਧਾਉਣਾ ਮਨੁਖ ਦੇ ਅਪਣੇ ਵੱਸ ਹੈ। ਕਈ ਦੁਖ ਅਜੇਹੇ ਭੀ ਹੁੰਦੇ ਹਨ ਜਿਨ੍ਹਾਂ ਨੂੰ ਸਹਾਰਨ ਵਿਚ ਇਕ ਤਰ੍ਹਾਂ ਦਾ ਸੰਤੋਖ ਅਤੇ ਸੁਖ ਪ੍ਰਤੀਤ ਹੁੰਦਾ ਹੈ। ਕੋਈ ਮਨੁੱਖ ਜਿਸ ਨਾਲ ਪ੍ਰੇਮ ਕਰਦਾ ਹੈ ਉਸ ਦਾ ਦਿਲੋਂ ਮਨੋਂ ਹਰ ਹਾਲਤ ਵਿਚ ਭਲਾ ਚਾਹੁੰਦਾ ਹੈ। ਉਹ ਉਸ ਦੇ ਲਈ ਕਸ਼ਟ ਸਹਾਰਨ ਵਿਚ ਸੰਤੋਖ ਅਤੇ ਤ੍ਰਿਪਤੀ ਅਨੁਭਵ ਕਰਦਾ ਹੈ। ਜੇਕਰ ਵਿਆਹੀ ਇਸਤ੍ਰੀ ਸੱਚੇ ਦਿਲੋਂ ਪਤੀਬ੍ਰਤਾ ਹੈ ਤਾਂ ਪਤੀ ਦੇ ਸੁਖ ਵਿਚ ਹੀ ਉਸ ਨੂੰ ਸੱਚਾ ਸੁਖ ਮਾਲੂਮ ਹੋਵੇਗਾ, ਇਸ ਲਈ ਜੇਕਰ ਆਪਣੀ ਮਨ ਮਰਜ਼ੀ ਦਾ ਪਤੀ ਨਾ ਭੀ ਮਿਲੇ ਤਾਂ ਜਿਹੜਾ ਮਿਲੇ ਉਸੇ ਦੇ ਆਸਰੇ ਆਪਣੇ ਜ਼ੀਵਨ ਰੂਪੀ ਘਰ ਦੀ ਇਮਾਰਤ ਬਨਾਉਣ ਦਾ ਖ਼ੁਸ਼ੀ ਖ਼ੁਸ਼ੀ ਯਤਨ ਕਰਨਾ ਚਾਹੀਦਾ ਹੈ। ਕਿਉਂਕਿ ਸਾਡੇ ਰਸਮਾਂ ਰਵਾਜਾਂ ਅਨੁਸਾਰ ਪਤੀ ਦੇ ਜੀਉਂਦੇ ਰਹਿਣ ਤਕ ਵਿਆਹ ਦੇ ਬੰਧਨ ਤੋਂ ਕੋਈ ਛੁਟ-ਕਾਰਾ ਨਹੀਂ, ਇਸ ਲਈ ਦੁਖੀ ਹੋਣ ਤੇ ਸਾਰੀ ਉਮਰ ਝੂਰਨ ਨਾਲੋਂ ਇਹ ਚੰਗਾ ਹੈ ਕਿ ਜੋ ਕੁਝ ਹੈ, ਉਸੇ ਉਤੇ ਸੰਤੋਖ ਕਰ ਕੇ ਸ਼ਾਂਤੀ ਨਾਲ ਜੀਵਨ ਬਿਤਾਉਣ ਦਾ ਯਤਨ ਕੀਤਾ ਜਾਵੇ। ਇਕ ਵਾਰੀ ਵਿਆਹ ਹੋ ਜਾਣ ਪਿਛੋਂ ਇਸਤ੍ਰੀ ਨੂੰ ਸਦਾ ਇਹ ਯਾਦ ਰਖਣਾ ਚਾਹੀਦਾ ਹੈ ਕਿ ਉਹ ਸਾਰੀ ਉਮਰ ਲਈ ਇਕ ਐਸੇ ਸੰਸਕਾਰ ਦੇ ਬੰਧਨ ਨਾਲ ਬੰਨ੍ਹੀ ਗਈ ਹੈ, ਜਿਸ ਦੀਆਂ ਗੰਢਾਂ ਖੁਲ੍ਹ ਜਾਣ ਪਰ ਵੀ ਸਾਰੀ ਉਮਰ ਬਣੀਆਂ ਰਹਿੰਦੀਆਂ ਹਨ। ਜਿਥੇ ਤਲਾਕ ਦਾ ਰਵਾਜ ਭੀ ਹੈ, ਉਥੇ ਭੀ ਪਹਿਲੇ ਵਿਆਹ ਵਰਗੀ ਆਸ਼ਾ ਤੇ ਪ੍ਰਸੰਨਤਾ ਨਹੀਂ ਮਿਲਦੀ। ਇਸ ਲਈ ਦੁਖੀ ਹੋ ਕੇ ਤੇ ਰੋ ਰੋ ਕੇ ਜੀਵਨ ਬਿਤਾਉਣ ਨਾਲੋਂ ਸੰਤੋਖੀ ਜੀਵਨ ਗੁਜ਼ਾਰਨਾ ਹੀ ਚੰਗਾ ਹੈ।

ਦੂਜੀ ਗੱਲ ਜੋ ਇਸ ਸੰਬੰਧੀ ਵੇਖੀਦੀ ਹੈ, ਉਹ ਇਹ ਹੈ ਕਿ ਇਸਤ੍ਰੀਆਂ ਆਪਣੇ ਦੁਖ ਨੂੰ ਵਧਾ ਕੇ ਦਸਦੀਆਂ ਹਨ ਅਤੇ ਪੁਰਸ਼ ਦੀਆਂ ਤਕਲੀਫ਼ਾਂ ਤੇ ਦੁਖਾਂ ਦਾ ਖ਼ਿਆਲ ਨਹੀਂ ਕਰਦੀਆਂ। ਜਿਹੜੇ ਆਦਮੀ ਅਜ ਕੌਮ ਵਿਚ ਇਸਤ੍ਰੀਆਂ ਦੇ ਮਾਮਲੇ ਨੂੰ ਹੱਥ ਵਿਚ ਲੈ ਕੇ ਪ੍ਰਚਾਰ ਕਰ ਰਹੀਆਂ ਹਹੇ ਹਨ: ਅਤੇ ਇਸਤ੍ਰੀਆਂ ਦੇ ਸੱਚੇ ਹਿਤੈਸ਼ੀ ਸਮਝੇ ਜਾਂਦੇ ਹਨ; ਉਹ ਅਪਰਾਧਾਂ ਤੇ ਪਾਪਾਂ ਦਾ ਸਾਰਾ ਭਾਰ ਪੁਰਸ਼ਾਂ ਦੇ ਸਿਰ ਸੁਟਣਾ ਚਾਹੁੰਦੇ ਹਨ। ਪਰ ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਆਪ ਇਸਤ੍ਰੀਆਂ ਵੀ ਪੁਰਸ਼ਾਂ ਦੀਆਂ ਤਕਲੀਫ਼ਾਂ ਨੂੰ ਸਮਝਣ ਦਾ ਯਤਨ ਨਹੀਂ ਕਰਦੀਆਂ। ਇਸ ਦਾ ਨਤੀਜਾ ਬੜਾ ਵਿਹੁਲਾ ਹੋ ਰਿਹਾ ਹੈ। ਕਿਉਂਕਿ ਸਿਰਫ਼ ਇਕ ਉੱਤੇ ਬੋਝ ਸੁਟਣ ਵੇਲੇ ਅਸੀਂ ਭੁਲ ਜਾਂਦੇ ਹਾਂ ਕਿ ਵਿਵਾਹਿਤ ਜੀਵਨ ਯਾ ਇਸਤ੍ਰੀ ਪੁਰਸ਼ ਦਾ ਸੁਖ ਇਕ ਦੂਜੇ ਉਤੇ ਨਿਰਭਰ ਹੈ।

ਦੋਹਾਂ ਨੂੰ ਹੀ ਦੋਹਾਂ ਦੀਆਂ ਤਕਲੀਫ਼ਾਂ ਸਮਝਣ ਅਤੇ ਹਮ-ਦਰਦੀ ਨਾਲ ਉਨ੍ਹਾਂ ਉਤੇ ਵਿਚਾਰ ਕਰਨ ਦੀ ਲੋੜ ਹੈ। ਅਸੀਂ ਇਹ ਭੁਲ ਗਏ ਹਾਂ ਕਿ ਘਰ ਦੇ ਛੋਟੇ ਜੇਹੇ ਕਮਰੇ ਵਿਚ ਰਹਿਣ ਵਾਲੀ ਇਸਤ੍ਰੀ ਨੂੰ ਜਿਨ੍ਹਾਂ ਤਕਲੀਫ਼ਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਘਰ ਦੇ ਬਾਹਰ ਪੁਰਸ਼ ਨੂੰ ਉਨ੍ਹਾਂ ਨਾਲੋਂ ਵੱਧ ਤਕਲੀਫ਼ਾਂ ਝਾਗ-ਣੀਆਂ ਪੈਂਦੀਆਂ ਹਨ। ਪੁਰਸ਼ਾਂ ਦੇ ਸਾਹਮਣੇ ਲੋਭ ਵੀ ਬਹੁਤੇ ਹਨ। ਉਨ੍ਹਾਂ ਨੇ ਸੈਂਕੜੇ ਮਨੁੱਖਾਂ ਨਾਲ ਵਰਤਣਾ ਹੈ। ਏਧਰ ਓਧਰ ਦੇ ਅਨੇਕਾਂ ਇਸਤ੍ਰੀ ਪੁਰਸ਼ ਉਨ੍ਹਾਂ ਦੇ ਮੇਲ ਗੇਲ ਵਿਚ ਆਉਂਦੇ ਜਾਂਦ ਰਹਿੰਦੇ ਹਨ, ਜਿਸ ਕਰ ਕੇ ਇਸਤ੍ਰੀ ਦੀ ਤਰ੍ਹਾਂ ਅਪਣੇ ਮਨ ਨੂੰ ਇਕ ਥਾਂ ਅਤੇ ਇਕਾਗਰ ਰਖਣਾ ਪੁਰਸ਼ਾਂ ਲਈ ਬਹੁਤ ਔਖਾ ਹੈ।

ਅਜ ਕਲ ਸੰਸਾਰ ਵਿਚ ਰੁਜ਼ਗਾਰ ਦੀ ਹਾਲਤ ਬਹੁਤ ਗੁੰਝਲਦਾਰ ਹੋ ਰਹੀ ਤੇ ਦਿਨੋ ਦਿਨ ਭਿਆਨਕ ਹੁੰਦੀ ਜਾਂਦੀ ਹੈ। ਬੇਕਾਰਾਂ ਦੀ ਗਿਣਤੀ ਵਧ ਰਹੀ ਤੇ ੨੦-੨੦, ੨੫-੨੫, ਰੁਪਿਆਂ ਦੀ ਨੌਕਰੀ ਪਿਛੇ ਬੀ. ਏ., ਐਮ. ਏ., ਭਟਕਦੇ ਫਿਰਦੇ ਹਨ। ਇਹ ਗੱਲ ਨਹੀਂ ਕਿ ਅਜ ਕਲ ਪੜ੍ਹੇ ਲਿਖੇ ਹੀ ਬੇਕਾਰ ਹਨ, ਸਗੋਂ ਮਸ਼ੀਨਾਂ ਦੇ ਪ੍ਰਚਾਰ ਕਰ ਕੇ ਸਰੀਰਕ ਮਿਹਨਤ ਕਰਨ ਵਾਲੇ ਅਨਪੜ੍ਹ ਭੀ ਬੇਕਾਰ ਹੋ ਗਏ ਹਨ। ਲੋਕਾਂ ਨੂੰ ਪੇਟ ਪਾਲਣ ਜੋਗਾ ਕੰਮ ਮਿਲਣਾ ਔਖਾ ਹੋ ਗਿਆ ਹੈ। ਪੜ੍ਹੇ ਲਿਖੇ ਤੇ ਚੰਗਿਆਂ ਖਿਆਲਾਂ ਵਾਲੇ ਨੌਜਵਾਨ ਵਡੇ ਵਡੇ ਸ਼ਹਿਰਾਂ ਦੇ ਦਫ਼ਤਰਾਂ ਵਿਚ ਫੇਰੇ ਪਾਉਂਦੇ ਤੇ ਉਥੋਂ ਦੁਰਕਾਰੇ ਜਾਂਦੇ ਹਨ। ਇਸ ਤਰ੍ਹਾਂ ਦੀ ਹਾਲਤ ਇਕ ਮਾਮੂਲੀ ਗੱਲ ਹੋ ਗਈ ਹੈ। ਕਈਆਂ ਮੀਲਾਂ ਦੇ ਫੇਰੇ ਪਾ ਕੇ 'ਥਾਂ ਖ਼ਾਲੀ ਨਹੀਂ' 'ਕੋਈ ਕੰਮ ਨਹੀਂ' ਆਦਿ ਸੁਣਦੇ ਹੋਏ ਅਪਮਾਨ ਤੇ ਨਿਰਾਸ਼ਾ ਨਾਲ ਦੁਖੀ ਜਦ ਘਰ ਆਉਂਦੇ ਹਨ ਤਾਂ ਆਪਣੇ ਕਰਮਾਂ ਨੂੰ ਰੋਂਦੇ ਹਨ, ਪਰ ਉਸਦੇ ਦਿਲ ਵਿਚ ਆਪਣੀ ਇਸਤ੍ਰੀ ਨੂੰ ਚੰਗੇ ਤੋਂ ਚੰਗਾ ਖਵਾਉਣ ਪਵਾਉਣ ਅਤੇ ਸੁਖੀ ਰਖਣ ਦੀ ਇੱਛਾ ਹੁੰਦੀ ਹੈ, ਪਰ ਇਹ ਗੱਲ ਰੁਜ਼ਗਾਰ ਮਿਲੇ ਬਿਨਾਂ-ਪੈਸਾ ਕਮਾਏ ਬਿਨਾਂ—ਨਹੀਂ ਹੋ ਸਕਦੀ। ਜਿਨ੍ਹਾਂ ਨੂੰ ਕਿਧਰੇ ਛੋਟਾ ਮੋਟਾ ਕੰਮ ਮਿਲ ਭੀ ਜਾਂਦਾ ਹੈ, ਉਹਨਾਂ ਨੂੰ ਆਪਣੀ ਇਜ਼ਤ ਆਬਰੂ ਅਤੇ ਆਪਣਾ ਫਰਜ਼ ਬਚਾ ਕੇ ਕੰਮ ਕਰਨਾ ਔਖਾ ਹੋ ਜਾਂਦਾ ਹੈ। ਪੈਰ ਪੈਰ ਤੇ ਉਨ੍ਹਾਂ ਨੂੰ ਆਪਣੀ ਇੱਜ਼ਤ ਅਥਵਾ ਜ਼ਮੀਰ ਵੇਚਣੀ ਪੈਂਦੀ ਹੈ। ਜੋ ਨਹੀਂ ਕਰਨਾ ਹੁੰਦਾ, ਉਹ ਭੀ ਕਰਨਾ ਪੈਂਦਾ ਹੈ। ਅਪਮਾਨ, ਝਿੜਕਾਂ, ਗਾਲ੍ਹਾਂ, ਸਭ ਕੁਝ ਸਹਿਣਾ ਪੈਂਦਾ ਹੈ। ਕਦੇ ਕਦੇ ਆਤਮ-ਅਭਿਮਾਨ ਨੂੰ ਠੋਕਰ ਲਗਦੀ ਹੈ ਤਾਂ ਉਸ ਵੇਲੇ ਅਸਤੀਫ਼ਾ

ਦੇ ਦੇਣ ਦੀ ਇੱਛਾ ਹੁੰਦੀ, ਪਰ ਘਰ ਵਿਚ ਬੈਠੀ ਆਉਣ ਦਾ ਰਾਹ ਵੇਖਦੀ ਇਸਤ੍ਰੀ ਤੇ ਬਾਲ ਬੱਚੇ ਦਾ ਦੁਖ ਪ੍ਰਤੀਤ ਕਰ ਕੇ ਮਨ ਮਾਰ ਕੇ ਚੁਪ ਕਰ ਜਾਂਦੇ ਹਨ। ਸੁ ਇਸਤ੍ਰੀ ਨੂੰ ਸੁਖੀ ਕਰਨ ਵਾਸਤੇ ਪੁਰਸ਼ ਦੀ ਇਹ ਕੋਈ ਛੋਟੀ ਜੇਹੀ ਕੁਰਬਾਨੀ ਨਹੀਂ। ਇਤਨੇ ਲਾਲਚਾਂ, ਤਕਲੀਫਾਂ ਤੇ ਬਿਪਤਾਂ ਵਿਚ ਜੇ ਕਰ ਪੁਰਸ਼ ਘਾਬਰ ਜਾਵੇ, ਇਸਤ੍ਰੀ ਦੀ ਤਰ੍ਹਾਂ ਆਪਣੇ ਮਨ ਨੂੰ ਇਕਾਗਰ ਨ ਰਖ ਸਕੇ, ਤਾਂ ਭੀ ਉਹ ਇਕ ਹਦ ਤਕ ਦਇਆ ਤੇ ਖਿਮਾਂ ਦਾ ਪਾਤ੍ਰ ਹੈ। ਸੋ ਇਸਤ੍ਰੀ ਪੁਰਸ਼ ਦੋਵੇਂ ਇਕ ਦੂਜੇ ਦੇ ਦੋਸ਼ ਕੱਢਣ ਨਾਲੋਂ, ਇਕ ਦੂਜੇ ਦੀਆਂ ਤਕਲੀਫ਼ਾਂ ਤੇ ਦੁਖਾਂ ਨੂੰ ਸਮਝਣ ਦਾ ਯਤਨ ਕਰਨ। ਹਮਦਰਦੀ ਦੇ ਨਾਲ ਅਪਣੱਤਤਾ ਦਾ ਭਾਵ ਦਿਲ ਵਿਚ ਰਖ ਕੇ ਇਕ ਦੂਜੇ ਨੂੰ ਉੱਚਾ ਉਠਾਉਣ ਦਾ ਯਤਨ ਕਰਨ, ਇਸ ਤੋਂ ਵਿਆਹ ਦਾ ਉਦੇਸ਼ ਸਫਲ ਹੋਵੇਗਾ।

## ਅਰੋਗਤਾ ਅਤੇ ਉਤਸ਼ਾਹ !

ਤੀਜੀ ਗਲ ਜਿਸ ਵਲ ਵਧੇਰਾ ਧਿਆਨ ਦੇਣਾ ਚਾਹੀਦਾ ਹੈ ਅਤੇ ਜਿਸ ਉਤੇ ਜ਼ਿੰਦਗੀ ਦਾ ਸੁਖ ਨਿਰਭਰ ਹੈ, ਇਸਤ੍ਰੀ ਦੀ ਅਰੋਗਤਾ ਅਤੇ ਉਤਸ਼ਾਹ ਹੈ। ਆਪਣੀ ਸਿਹਤ ਦਾ ਸਦਾ ਖ਼ਿਆਲ ਰਖੋ। ਸੁਸਤੀ ਤੇ ਉਦਾਸੀ ਨੂੰ ਛਡ ਕੇ ਘਰ ਦੇ ਕੰਮਾਂ ਨੂੰ ਉਤਸ਼ਾਹ ਨਾਲ ਕਰੋ। ਜੋ ਇਸਤ੍ਰੀ ਆਲਸਣ ਤੇ ਸੁਸਤ ਹੈ ਉਹ ਆਪਣੇ ਜੀਵਨ ਨੂੰ ਨਸ਼ਟ ਕਰ ਰਹੀ ਹੈ। ਹਰ ਇਕ ਕੰਮ ਆਪਣੇ ਹਥੀਂ ਕਰਨ ਦੀ ਆਦਤ ਪਾਓ। ਨੌਕਰਾਂ ਦੀ ਗੁਲਾਮੀ ਤੋਂ ਬਚੋ। ਕਿਉਂਕਿ ਇਸ ਤਰ੍ਹਾਂ ਸਰੀਰ ਤੇ ਮਨ ਦੋਹਾਂ ਦੀ ਬਰਬਾਦੀ ਹੁੰਦੀ ਹੈ; ਅਤੇ ਸ਼ਾਂਤੀ ਨਸ਼ਟ ਹੁੰਦੀ ਹੈ। ਬਹੁਤ ਇਸਤ੍ਰੀਆਂ ਆਪਣੇ

ਘਰ ਦੇ ਜ਼ਰੂਰੀ ਕੰਮਾਂ ਵਲ ਧਿਆਨ ਨਹੀਂ ਰਖਦੀਆਂ । ਸਗੋਂ ਕੱਠੀਆਂ ਹੋ ਵਿਹਲੀਆਂ ਗੱਪਾਂ ਮਾਰਨ ਦੀ ਆਦਤ ਪਾ ਲੈਂਦੀਆਂ ਹਨ। ਤੇ ਗੱਲਾਂ ਭੀ ਲੋਕਾਂ ਦੀ ਨਿਰੀ ਨਿੰਦਾ ਚੁਗਲੀ ਹੁੰਦੀ ਹੈ।

ਭੋਲੀਆਂ ਭਾਲੀਆਂ ਇਸਤ੍ਰੀਆਂ ਜਿਹੜੀਆਂ ਉਸ ਮੰਡਲੀ ਵਿਚ ਬਹਿੰਦੀਆਂ ਉਠਦੀਆਂ ਹਨ, ਉਹ ਉਹਨਾਂ ਦੀ ਝੂਠੀ ਨਿੰਦਿਆ ਦੇ ਜਾਲ ਵਿਚ ਫਸ ਜਾਂਦੀਆਂ ਹਨ। ਇਸਤ੍ਰੀਆਂ ਦਾ ਦਿਲ ਅਜੇਹੀਆਂ ਗੱਲਾਂ ਵਾਸਤੇ ਸਦਾ ਤਿਆਰ ਹੁੰਦਾ ਹੈ । ਉਸ ਨੂੰ ਦੂਜਿਆਂ ਲੋਕਾਂ ਦੀਆਂ ਘਰੋਗੀ ਗੱਲਾਂ ਉਤੇ ਬਹਿਸ ਕਰਨੀ ਚੰਗੀ ਲਗਦੀ ਹੈ। ਇਸ ਲਈ ਅਜਿਹੀ ਕੁਸੰਗਤ ਵਿਚ ਬੈਠਣ ਨਾਲ ਇਸਤ੍ਰੀ ਦਾ ਦਿਲ ਸਹਿਜੇ ਹੀ ਸ਼ਹਿਰੀਲਾ ਬਣ ਜਾਂਦਾ ਹੈ। ਇਕ ਵਾਰੀ ਜਦ ਪੁਰਸ਼ ਦੇ ਚਾਲ ਚਲਨ ਤੋਂ ਭਰੋਸਾ ਉਠ ਜਾਵੇ: ਤਾਂ ਗ਼ਲਤ ਫਹਿਮੀ ਵਧਦੀ ਜਾਂਦੀ ਹੈ ਅਤੇ ਉਹ ਇਸਤ੍ਰੀ ਸ਼ਕ ਤੇ ਈਰਖਾ ਦੇ ਜਾਲ ਵਿਚ ਅਜਿਹੀ ਫਸ ਜਾਂਦੀ ਹੈ ਕਿ ਛੇਕੜ ਉਹ ਬਹੁਤ ਨਿਕੰਮੀ ਤੇ ਦੁਖਦਾਈ ਹੋ ਜਾਂਦੀ ਹੈ। ਇਸ ਤੋਂ ਅਤੇ ਹੋਰ ਅਨੇਕਾਂ ਬੁਰਾਈਆਂ ਤੋਂ ਬਚਣ ਦਾ ਉਤਮ ਇਲਾਜ ਇਹ ਹੈ ਕਿ ਹਰ ਵੇਲੇ ਕਿਸੇ ਨਾ ਕਿਸੇ ਕੰਮ ਵਿਚ ਲਗੇ ਰਹੋ ਤੇ ਵਿਹਲੀਆਂ ਅਰ ਨਵੀਆਂ ਗੱਪਾਂ ਤੋਂ ਬਚੋ।

ਜਿਹੜੀ ਇਸਤ੍ਰੀ ਸਦਾ ਹੀ ਪ੍ਰਸੰਨ ਚਿਤ ਹੋ ਕੇ ਆਪਣੇ ਕੰਮਾਂ ਵਿਚ ਲਗੀ ਰਹਿੰਦੀ ਹੈ, ਇਕ ਤਾਂ ਉਸ ਦੇ ਮਨ ਵਿਚ ਬੁਰੇ ਖ਼ਿਆਲ ਘਟ ਆਉਂਦੇ ਹਨ ਤੇ ਕਮਜ਼ੋਰੀ ਦੇ ਕਾਰਨ ਜੇਕਰ ਅਜੇਹਾ ਕੋਈ ਖ਼ਿਆਲ ਮਨ ਵਿਚ ਆ ਭੀ ਜਾਂਦਾ ਹੈ ਤਾਂ ਉਸ ਦੇ ਤਾਂ ਉਤੇ ਵਿਚਾਰ ਕਰਨ ਦਾ ਸਮਾਂ ਨਾ ਮਿਲਣ ਕਰ ਕੇ ਉਹ ਅਗਾਂਹ ਨਹੀਂ ਵਧਦਾ, ਸਗੋਂ ਉਥੇ ਹੀ ਦਬ ਜਾਂਦਾ ਹੈ। ਇਤਨਾ ਖ਼ਿਆਲ ਰਖਵੇ ਪਰ ਵੀ ਦੂਜੀ ਕੋਈ ਸਖੀ ਸਹੇਲੀ ਜੇਕਰ ਕਿਸੇ ਵੇਲੇ ਆ ਜਾਣ;

ਅਤੇ ਕਿਸੇ ਇਸਤ੍ਰੀ ਪੁਰਸ਼ ਦੇ ਚਾਲ ਚਲਨ ਉਤੇ ਨੁਕਤਾ-ਚੀਨੀ ਕਰੇ, ਤਾਂ ਯਾ ਤਾਂ ਉਸ ਨੂੰ ਰੋਕ ਦੇਣਾ ਚਾਹੀਦਾ ਹੈ, ਜਾਂ ਉਸ ਤੋਂ ਦੂਰ ਰਹਿਣਾ ਚਾਹੀਦਾ ਹੈ। ਅਜੇਹੀਆਂ ਗਲਾਂ ਵਿਚ ਚੁਪ ਜਾਂ ਉਦਾਸ ਰਹਿਣਾ ਵੀ ਆਪਣੇ ਮਨ ਨੂੰ ਕਮਜ਼ੋਰ ਕਰਨਾ ਹੈ।

## ਫੁਟਕਲ ਗਲਾਂ !

ਜਿਸ ਕੰਮ ਨੂੰ ਕਰੋ ਉਸ ਵਿਚ ਪੂਰੀ ਲਗਨ ਹੋਣੀ ਚਾਹੀਦੀ ਹੈ। ਸ਼ੁਰੂ ਵਿਚ ਤਾਂ ਸਾਰੀਆਂ ਨੂੰ ਆਪਣੇ ਕੰਮ ਵਿਚ ਉਤਸ਼ਾਹ ਹੁੰਦਾ ਹੈ, ਪਰ ਉਸ ਉਤਸ਼ਾਹ ਨੂੰ ਅੰਤ ਤਕ ਕਾਇਮ ਰਖਣਾ ਉਸ ਦੇ ਦ੍ਰਿੜ੍ਹ ਹੋਣ ਦਾ ਸਬੂਤ ਹੈ।

ਘਰ ਵਿਚ ਜਿਹੜੇ ਤੁਹਾਥੋਂ ਛੋਟੇ ਹੋਣ, ਉਨ੍ਹਾਂ ਨਾਲ ਪਿਆਰ ਕਰੋ। ਵਡਿਆਂ ਦੀ ਸੇਵਾ ਕਰਨੀ ਤਾਂ ਤੁਹਾਡਾ ਫ਼ਰਜ਼ ਹੈ ਹੀ, ਪਰ ਸਚ ਪੁਛੋ ਤਾਂ ਤੁਹਾਡੇ ਪਿਆਰ ਤੇ ਸੇਵਾ ਦੀ ਸੱਚੀ ਲੋੜ ਛੋਟਿਆਂ ਨੂੰ ਹੈ।

ਘਰ ਨੂੰ ਸਦਾ ਸਾਫ਼ ਤੇ ਸੁਥਰਾ ਰਖੋ। ਅਸੀਂ ਜਿਥੇ ਰਹਿੰਦੇ ਹਾਂ ਉਸ ਦੀ ਬਨਾਵਟ ਤੇ ਹਵਾ ਪਾਣੀ ਦਾ ਸਾਡੇ ਜੀਵਨ ਉਤੇ ਬਹੁਤ ਅਸਰ ਪੈਂਦਾ ਹੈ। ਅਰੋਗਤਾ ਲਈ ਭੀ ਜ਼ਰੂਰੀ ਹੈ ਕਿ ਸਫ਼ਾਈ ਰਖੀ ਜਾਵੇ। ਸਾਫ਼ ਜਗ੍ਹਾ ਬੈਠ ਕੇ ਸਾਦੀ ਤੇ ਸਾਫ਼ ਰੋਟੀ ਖਾਣ ਨਾਲ ਮਨ ਨੂੰ ਇਕ ਤਰ੍ਹਾਂ ਦੀ ਖੁਸ਼ੀ ਪ੍ਰਾਪਤ ਹੁੰਦੀ ਹੈ। ਇਸ ਲਈ ਆਪਣੇ ਘਰ ਨੂੰ ਸਾਫ਼, ਸੁਥਰਾ ਤੇ ਪਵਿਤ੍ਰ ਰਖਣਾ ਚਾਹੀਦਾ ਹੈ।

## ਈਰਖਾ ਤੇ ਦ੍ਵੈਖ

ਈਰਖਾ ਤੇ ਦ੍ਵੈਖ ਦੋ ਅਜੇਹੀਆਂ ਬੁਰਾਈਆਂ ਹਨ, ਜਿਨ੍ਹਾਂ ਨੇ ਅਨੇਕਾਂ ਹੀ ਘਰਾਂ ਨੂੰ ਚੌੜ ਕਰ ਦਿਤਾ ਹੈ । ਘਰ ਵਿਚ ਬਹੁਤ ਸਾਰੀਆਂ ਗਲਾਂ ਅਜੇਹੀਆਂ ਹੋ ਜਾਂਦੀਆਂ ਹਨ, ਪਰ ਸਮਝ ਤੇ ਸੰਤੋਖ ਤੋਂ ਕੰਮ ਨਾ ਲਿਆ ਜਾਵੇ, ਤਾਂ ਸਾਰੇ ਕੁਟੰਬ ਦੇ ਨਾਸ ਹੋ ਜਾਣ ਦਾ ਡਰ ਲਗਾ ਰਹਿੰਦਾ ਹੈ । ਇਸ ਲਈ ਤੁਹਾਡੇ ਨਾਲ ਜੇਕਰ ਜ਼ੁਲਮ ਅਤਿਆਚਾਰ ਤੇ ਬੇਇਨਸਾਫੀ ਭੀ ਹੋਵੇ, ਤਾਂ ਸੰਤੋਖ ਤੇ ਧੀਰਜ ਤੋਂ ਹੀ ਕੰਮ ਲੈਣਾ ਚੰਗਾ ਹੈ। ਇਸ ਗਲ ਨੂੰ ਸਦਾ ਯਾਦ ਰਖੋ ਕਿ ਈਰਖਾ ਨਾਲੋਂ ਵਧ ਮਨੁੱਖ ਦੇ ਦਿਲ ਨੂੰ ਅਪਵਿਤ੍ਰ ਕਰਨ ਅਤੇ ਹੇਠਾਂ ਡੇਗਣ ਵਾਲੀ ਹੋਰ ਕੋਈ ਚੀਜ਼ ਨਹੀਂ, ਤੁਹਾਨੂੰ ਤਾਂ ਸਦਾ ਹੀ ਈਰਖਾ ਦ੍ਵੈਖ ਤੋਂ ਦੂਰ ਰਹਿਣਾ ਚਾਹੀਦਾ ਹੈ । ਵਿਆਹ ਹੋਣ ਪਿਛੋਂ ਸਹੁਰੇ ਘਰ ਜੇਕਰ ਕੋਈ ਤੁਹਾਡੇ ਨਾਲ ਈਰਖਾ ਦ੍ਵੈਖ ਕਰੇ ਭੀ, ਤਾਂ ਭੀ ਤੁਹਾਨੂੰ ਚਾਹੀਦਾ ਹੈ ਕਿ ਉਸ ਨਾਲ ਪ੍ਰੇਮ ਭਰਿਆ ਸਲੂਕ ਕਰੋ।

ਇਹ ਖਿਆਲ ਨਾ ਕਰੋ ਕਿ ਤੁਹਾਡਾ ਪਤੀ ਜੇਕਰ ਕਿਸੇ ਇਸਤ੍ਰੀ ਨੂੰ ਪਿਆਰ ਕਰਦਾ ਹੈ ਤਾਂ ਉਹ ਪਾਪੀ ਹੈ, ਪਿਆਰ ਦੀ ਅਧਿਕਾਰੀ ਕੇਵਲ ਪਤਨੀ ਹੀ ਨਹੀਂ ਹੁੰਦੀ। ਉਸ ਦੀ ਹਕ-ਦਾਰ ਮਾਂ, ਭੈਣ ਤੇ ਧੀ ਭੀ ਹੈ। ਇਸ ਤਰ੍ਹਾਂ ਸਭਨਾਂ ਨਾਲ ਪ੍ਰੇਮ ਤੇ ਮੇਲ ਮਿਲਾਪ ਹੁੰਦਿਆਂ ਵੀ ਉਸ ਵਿਚ ਭੇਦ ਹੈ। ਜੇਕਰ ਕੋਈ ਇਸਤ੍ਰੀ ਜਿਹੜੀ ਕਿਸੇ ਭਰਾ ਨੂੰ ਨਹੀਂ ਜਾਣਦੀ–ਉਸ ਨੂੰ ਭਰਾ ਨਾਲ ਇਕੱਲੇ ਬੈਠਾ ਵੇਖੇ ਅਤੇ ਉਸ ਦੇ ਮਨ ਵਿਚ ਸ਼ਕ ਪੈ ਜਾਵੇ

ਤਾਂ ਇਸ ਵਿਚ ਉਸ ਦੇ ਹੀ ਮਨ ਦਾ ਦੋਸ਼ ਹੈ, ਜਿਹੜਾ ਝਟ ਇਹ ਸੋਚ ਲੈਂਦਾ ਹੈ ਕਿ ਮਨੁਖ ਦਾ ਪਿਆਰ ਸਿਰਫ ਭੋਗ-ਵਾਸ਼ਨਾ ਲਈ ਹੀ ਹੈ। ਪਹਿਲਾਂ ਤਾਂ ਕਿਸੇ ਇਸਤ੍ਰੀ ਦੇ ਦਿਲ ਵਿਚ ਇਹ ਸ਼ਕ–ਗੱਲ ਗੱਲ ਵਿਚ–ਉਠਣਾ ਹੀ ਠੀਕ ਨਹੀਂ। ਜੇਕਰ ਉਠੇ ਭੀ ਤਾਂ ਉਸ ਨੂੰ ਸੋਚਣਾ ਚਾਹੀਦਾ ਹੈ ਕਿ ਪਤੀ ਨੂੰ ਛਡ ਕੇ ਕੋਈ ਇਸਤ੍ਰੀ ਸ਼ੁਧ ਭਾਵਨਾ ਨਾਲ ਕਿਸੇ ਹੋਰ ਮਨੁਖ ਨਾਲ ਗੱਲ ਭੀ ਕਰਨੀ ਚਾਹੇ, ਤਾਂ ਉਸ ਵਿਚ ਕੀ ਪਾਪ ਹੋ ਗਿਆ ? ਉਸ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਜਿਸ ਤਰ੍ਹਾਂ ਮੈਨੂੰ ਭਰਾ ਨਾਲ ਗਲ ਕਰਦਾ ਵੇਖ ਲਵੇ, ਤਾਂ ਕੀ ਫੇਰ ਅਜੇਹਾ ਸ਼ਕ ਉਸ ਦੇ ਮਨ ਵਿਚ ਨਹੀਂ ਆਵੇਗਾ ? ਉਸ ਹਾਲਤ ਵਿਚ ਉਹ ਮੇਰੇ ਨਾਲ ਕਿੰਨੀ ਬੇਇਨਸਾਫ਼ੀ ਕਰੇਗਾ ? ਇਸ ਲਈ ਪਹਿਲਾਂ ਤੋਂ ਹੀ ਮਨ ਨੂੰ ਇਤਨਾ ਸ਼ੁੱਧ, ਪਵਿਤ੍ਰ ਤੇ ਭਰੋਸਾ ਕਰਨ ਵਾਲਾ ਬਣਾਉ ਕਿ ਅਜਿਹਾ ਸ਼ੱਕ ਉਠੇ ਹੀ ਨਾ। ਫੇਰ ਇਸ ਦੇ ਵਿਚ ਉਨ੍ਹਾਂ ਨਾਲੋਂ ਸਗੋਂ ਆਪਣਾ ਹੀ ਮਨ ਬਹੁਤਾ ਖਰਾਬ ਹੁੰਦਾ ਹੈ। ਜੇਕਰ ਕਦੇ ਕੋਈ ਸ਼ਕ ਪਵੇ ਭੀ ਤਾਂ ਆਪਣੇ ਮਨ ਨੂੰ ਉਪਰਲੀਆਂ ਗੱਲਾਂ ਨਾਲ ਠੀਕ ਕਰ ਕੇ ਉਸ ਸ਼ਕ ਨੂੰ ਮਨੋਂ ਕੱਢ ਦੇਣਾ ਚਾਹੀਦਾ ਹੈ, ਜੇਕਰ ਇਤਨਾ ਕਰਨ ਪਰ ਵੀ ਸ਼ੱਕ ਰਹਿ ਜਾਵੇ, ਤਾਂ ਆਪਣੇ ਪਤੀ ਨੂੰ ਸਾਰੀ ਗੱਲ ਖੋਲ੍ਹ ਕੇ ਦਸ ਦੇਣੀ ਚਾਹੀਦੀ ਹੈ, ਜਿਸ ਤੋਂ ਜਿਹੜੀ ਗੱਲ ਸੱਚੀ ਹੋਵੇਗੀ ਉਹ ਝਟ ਬਾਹਰ ਆ ਜਾਵੇਗੀ।

ਸੁਖਦਾਈ

# ਦੰਪਤੀ ਜੀਵਨ

"ਧਨ ਪਿਰੁ ਏਹਿ ਨ ਆਖੀਅਨਿ
ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ
ਧਨ ਪਿਰ ਕਹੀਐ ਸੋਇ ॥"

## ਇਸਤ੍ਰੀ ਤੇ ਮਰਦ

"........ਅਜੇ ਵੀ ਸਾਡੇ ਦੇਸ ਵਿਚ ਇਸਤ੍ਰੀ ਜਾਤੀ ਦੀ ਉਹ ਇਜ਼ਤ ਨਹੀਂ ਜੋ ਹੋਣੀ ਚਾਹੀਦੀ ਏ ਤੇ ਏਸ ਸੋਚਨੀਜ ਹਾਲਤ ਲਈ ਬਹੁਤ ਹਦ ਤਕ ਮਰਦ ਜ਼ਿਮੇਵਾਰ ਹੈ। ਇਸ ਸੱਚ ਨੂੰ ਲੇਖਕ ਜੀ ਨੇ ਡੂੰਘੇ ਦਰਦ ਨਾਲ ਮਹਿਸੂਸ ਕੀਤਾ ਹੈ ਤੇ ਆਪਣੇ ਖ਼ਿਆਲਾਂ ਨੂੰ ਨਿਡਰਤਾ ਤੇ ਜ਼ੋਰ ਨਾਲ ਜ਼ਾਹਿਰ ਕੀਤਾ ਹੈ.........ਇਸਤ੍ਰੀਆਂ ਲਈ ਤਾਂ ਇਹ ਪੁਸਤਕ ਲਿਖੀ ਹੀ ਗਈ ਹੈ, ਪਰ ਇਸ ਦਾ ਪਾਠ ਮਰਦਾਂ ਲਈ ਇਸਤ੍ਰੀਆਂ ਨਾਲੋਂ ਵੀ ਵਧ ਜ਼ਰੂਰੀ ਹੈ, ਤਾਂਕਿ ਉਨ੍ਹਾਂ ਨੂੰ ਆਪਣੀ ਗਿਰਾਵਟ ਦਾ ਗਿਆਨ ਹੋਵੇ ਤੇ ਫੇਰ ਕੁਝ ਸੁਧਾਰਨ ਦਾ ਉਪਰਾਲਾ ਹੋਵੇ।"

—(ਡਾ: ਦੀਵਾਨ ਸਿੰਘ ਜੀ ਕਾਲੇ ਪਾਣੀ)

"ਇਸ ਤੇ ਵਰਤੋਂ ਕਰਨ ਨਾਲ ਸਚਮੁਚ ਘਰ ਸੁਰਗ ਬਣ ਸਕਦਾ ਹੈ, ਦੰਪਤੀ ਇਕ ਦੂਜੇ ਲਈ ਸੁਖਦਾਈ ਅਰ ਕੁਰਬਾਨੀ ਵਾਲੇ ਬਣ ਸਕਦੇ ਹਨ।" —(ਪੰਜਾਬੀ ਭੈਣ)

# ਸੁਖਦਾਈ ਦੰਪਤੀ ਜੀਵਨ

ਵਿਆਹ ਹੋਰ ਭਾਵੇਂ ਕੁਝ ਭੀ ਹੋਵੇ ਉਹ ਜ਼ਿੰਦਗੀ ਵਿਚ ਇਕ ਖ਼ਾਸ ਗੱਲ ਹੈ। ਜਦ ਲੜਕੀ ਦਾ ਹੱਥ ਲੜਕੇ ਦੇ ਹਥ ਦਿਤਾ ਜਾਂਦਾ ਹੈ-ਉਸ ਵੇਲੇ ਜੀਵਨ ਵਿਚ ਇਕ ਨਵਾਂ ਭਾਵ ਤੇ ਭਾਰੀ ਜ਼ਿਮੇਵਾਰੀ ਪ੍ਰਤੀਤ ਹੁੰਦੀ ਹੈ। ਉਸ ਵੇਲੇ ਸਰੀਰ ਤੇ ਦਿਲ ਵਿਚ ਜੋ ਕੰਬਣੀ ਹੁੰਦੀ ਹੈ-ਦੋ ਤੋਂ ਇਕ ਤੇ ਇਕ ਤੋਂ ਦੋ ਹੋ ਜਾਣ ਦਾ ਇਕ ਨਵਾਂ ਭਾਵ ਪੈਦਾ ਹੁੰਦਾ ਹੈ, ਉਹ ਅਪੂਰਣ ਹੈ। ਉਹ ਭਾਵ, ਜੀਵਨ ਵਿਚ ਕੇਵਲ ਇਕ ਵਾਰੀ, ਬਹੁਤ ਥੋੜੀ ਦੇਰ ਲਈ ਆਉਂਦਾ ਹੈ। ਉਸ ਵਿਚਿਤ੍ਰਤਾ ਦਾ, ਉਸ ਲੂੰ ਕੰਡੇ ਦਾ ਫੇਰ ਸਾਰੀ ਉਮਰ ਅਨੁਭਵ ਨਹੀਂ ਹੁੰਦਾ।

ਉਸ ਵੇਲੇ-ਵਿਆਹ ਦੇ ਪਿਛੋਂ-ਦੋ ਤਿੰਨ ਦਿਨ ਯਾ ਵੱਧ ਤੋਂ ਵਧ ਇਕ ਸਾਤੇ ਤਕ ਪਤੀ ਪਤਨੀ ਦੇ ਦਿਲਾਂ ਉੱਤੇ ਜੋ ਅਸਰ ਪੈਂਦਾ ਹੈ, ਉਹ ਬਹੁਤ ਦਿਨ ਤਕ ਬਣਿਆ ਰਹਿੰਦਾ ਹੈ। ਇਹ ਇਕ ਸੁਭਾਵਕ ਗੱਲ ਹੈ, ਜਿਸ ਨੂੰ ਅਸੀਂ ਅਪਣੇ ਜੀਵਨ ਦਾ ਸਾਥੀ ਚੁਣਦੇ ਹਾਂ, ਉਸ ਦੀ ਬਾਬਤ ਸ਼ੁਰੂ ਵਿਚ ਜਿਹੜੇ ਖ਼ਿਆਲ ਪੈਦਾ ਹੁੰਦੇ ਹਨ, ਉਨ੍ਹਾਂ ਉਤੇ ਹੀ ਅੱਗੇ ਚਲ ਕੇ ਇਕ ਦੂਜੇ ਨਾਲ ਪ੍ਰੇਮ, ਸ਼ਰਧਾ ਤੇ ਵਿਸ਼ਵਾਸ ਦੀ ਨੀਂਹ ਧਰੀ ਜਾਂਦੀ ਹੈ। ਵਿਆਹ ਦੇ ਪਿਛੋਂ ਪਹਿਲੀ ਵਾਰੀ ਜਦ ਪਤੀ ਪਤਨੀ ਇਕ ਦੂਜੇ ਨੂੰ ਮਿਲਦੇ ਹਨ, ਤੇ ਉਸ ਪਹਿਲੇ ਮਿਲਾਪ ਨਾਲ ਦੋਹਾਂ ਦੇ ਦਿਲਾਂ ਵਿਚ ਇਕ ਦੂਸਰੇ ਲਈ ਜੋ ਖ਼ਿਆਲ ਪੈਦਾ ਹੁੰਦੇ ਹਨ, ਉਨ੍ਹਾਂ ਤੋਂ ਆਉਣ ਵਾਲੇ ਜੀਵਨ ਦੇ

ਸੁਖ ਦੁਖ ਦਾ ਬਹੁਤ ਕੁਝ ਫ਼ੈਸਲਾ ਹੋ ਜਾਂਦਾ ਹੈ। ਅੱਗੇ ਚਲ ਕੇ ਭਾਵੇਂ ਇਕ ਦੂਜੇ ਦੇ ਪ੍ਰੇਮ ਵਿਚ ਘਾਟਾ ਵਾਧਾ ਹੋ ਸਕਦਾ ਹੈ, ਪਰ ਉਸ ਪ੍ਰੇਮ ਦੇ ਅਰੰਭ ਦਾ ਸਮਾ ਇਹੋ ਹੁੰਦਾ ਹੈ ਜਿਸ ਦਾ ਅਸਰ ਸਾਰੀ ਉਮਰ ਬਣਿਆ ਰਹਿੰਦਾ ਹੈ।

ਇਸ ਲਈ ਉਸ ਵੇਲੇ ਦੋਹਾਂ ਦੇ ਹਰ ਇਕ ਖ਼ਿਆਲ; ਤੇ ਕੰਮ ਵਿਚ ਇਕ ਦੂਜੇ ਦੀ ਮਮਤਾ, ਸ਼ਰਧਾ ਅਤੇ ਖਿਚ ਹੋਣੀ ਚਾਹੀਦੀ ਹੈ। ਇਸਤ੍ਰੀ ਵਿਚ ਉਸ ਦੀ ਸੁਭਾਵਿਕ ਸ਼ਰਮ ਦੇ ਨਾਲ ਪਤੀ ਉਤੇ ਪ੍ਰੇਮ ਤੇ ਉਸ ਦੀਆਂ ਗੱਲਾਂ, ਵਿਚਾਰਾਂ ਤੇ ਖ਼ਿਆਲਾਂ ਨੂੰ ਸਮਝਣ ਦੀ ਚਾਹ ਅਰ ਉਸ ਦੀਆਂ ਗੱਲਾਂ ਦਾ ਮਿੱਠੀ ਬੋਲੀ ਵਿਚ ਉਤਰ ਦੇਣ ਦੀ ਜਾਚ ਹੋਣੀ ਚਾਹੀਦੀ ਹੈ।

ਸਹੁਰੇ ਘਰ ਜਾਣ ਪਿਛੋਂ ਸ਼ੁਰੂ ਦੇ ਕੁਝ ਦਿਨਾਂ ਵਿਚ ਪਤਨੀ ਉਤੇ ਭਾਰੀ ਜ਼ਿਮੇਵਾਰੀ ਆ ਜਾਂਦੀ ਹੈ; ਕਿਉਂਕਿ ਪਤੀ ਦੀ ਮਾਂ (ਸੱਸ), ਉਸ ਦੀਆਂ ਭੈਣਾਂ, ਭਰਜਾਈਆਂ ਤੇ ਹੋਰ ਤੀਵੀਆਂ ਨਾਲ ਉਸ ਦਾ ਵਾਹ ਪੈਂਦਾ ਹੈ। ਸਾਰੀਆਂ ਹੀ ਉਸ ਦੀ ਬਾਬਤ ਆਪੋ ਆਪਣੀਆਂ ਰਾਵਾਂ ਪ੍ਰਗਟ ਕਰਦੀਆਂ ਹਨ। ਕੋਈ ਉਸ ਤੋਂ ਕੁਝ ਆਸ ਰਖਦੀ ਹੈ ਤੇ ਕੋਈ ਕੁਝ। ਕੋਈ ਉਸ ਦੇ ਸੁੰਦਰ ਮੁਖੜੇ ਦੀ ਚਾਹਵਾਨ ਹੈ; ਕੋਈ ਉਸ ਨੂੰ ਅਰੋਗ ਤੇ ਮਿਹਨਤ ਕਰਨ ਵਾਲੀ ਵੇਖਣਾ ਚਾਹੁੰਦੀ ਹੈ। ਕੋਈ ਉਸ ਨੂੰ ਸਿਆਣੀ ਤੇ ਪੜ੍ਹੀ ਲਿਖੀ ਦੇਖ ਖ਼ੁਸ਼ ਹੁੰਦੀ ਹੈ, ਕੋਈ ਉਸ ਨੂੰ ਨਰਮ ਸੁਭਾਵ, ਸ਼ੀਲਵਾਨ ਤੇ ਸੇਵਾ ਕਰਨ ਵਾਲੀ ਵੇਖਣਾ ਚਾਹੁੰਦੀ ਹੈ। ਕੋਈ ਨਿਨਾਣ ਉਸ ਨੂੰ ਸੀਣ ਪਰੋਣ, ਕਸੀਦਾ ਤੇ ਵੇਲ ਬੂਟੇ ਕੱਢਣ ਵਿਚ ਹੁਸ਼ਿਆਰ ਵੇਖਣ ਦੀ ਚਾਹਵਾਨ ਹੈ, ਕੋਈ ਸਹੇਲੀ ਉਸ ਨੂੰ ਆਪਣੇ ਸੁਖ ਦੁਖ ਦਾ ਸਾਥੀ ਬਣਾਉਣਾ ਚਾਹੁੰਦੀ ਹੈ। ਸਸ ਚਾਹੁੰਦੀ ਹੈ ਕਿ ਮੇਰੀ ਨੂੰਹ ਮਿਹਨਤੀ ਹੋਵੇ, ਪ੍ਰੇਮਣ ਹੋਵੇ ਤੇ ਮੈਨੂੰ ਘਰ ਦਾ ਕੰਮ ਕਰਦੀ ਨੂੰ ਵੇਖ ਕੇ ਬੈਠੀ

ਨਾ ਰਹੇ, ਸਗੋਂ ਮੇਰਾ ਹੱਥ ਵਟਾਵੇ, ਮੇਰੇ ਨਾਂਹ ਨੁਕਰ ਕਰਦਿਆਂ ਵੀ ਪ੍ਰੇਮ ਨਾਲ ਉਹ ਕੰਮ ਪੂਰਾ ਕਰੇ।

ਇਸ ਤਰ੍ਹਾਂ ਵਿਆਹ ਪਿਛੋਂ ਸਹੁਰੇ ਘਰ ਪਹੁੰਚਣ ਤੇ ਉਸ ਪਾਸੋਂ ਆਪਣੀ ਆਪਣੀ ਇੱਛਾ ਅਨੁਸਾਰ ਸਾਰੇ ਜਣੇ ਕੰਮ ਚਾਹੁੰਦੇ ਹਨ। ਉਹ ਆਸਾਂ ਉਮੈਦਾਂ ਜਿੰਨੀਆਂ ਵੱਡੀਆਂ ਤੇ ਜਿੰਨੀਆਂ ਬਹੁ-ਤੀਆਂ ਹੁੰਦੀਆਂ ਹਨ ਕਿ ਦੁਨੀਆਂ ਵਿਚ ਚੰਗੀ ਤੋਂ ਚੰਗੀ ਤੇ ਉੱਚੇ ਤੋਂ ਉੱਚੇ ਆਦਰਸ਼ ਵਾਲੀ ਨੂੰਹ ਵੀ ਉਨ੍ਹਾਂ ਨੂੰ ਪੂਰਾ ਨਹੀਂ ਕਰ ਸਕਦੀ। ਕਿਉਂਕਿ ਕਈ ਥਾਈਂ ਉਹ ਆਪ ਹੀ ਇਕ ਦੂਜੇ ਦੇ ਉਲਟ ਹੁੰਦੀਆਂ ਹਨ।

ਇਨ੍ਹਾਂ ਗੱਲਾਂ ਤੋਂ ਨਵੀਂ ਵਹੁਟੀ ਨੂੰ ਘਾਬਰਨਾ ਨਹੀਂ ਚਾਹੀਦਾ, ਕਿਉਂਕਿ ਇਹ ਉਸ ਦੇ ਇਕ ਇਮਤਿਹਾਨ ਦਾ ਵੇਲਾ ਹੁੰਦਾ ਹੈ ! ਇਸ ਵੇਲੇ ਸਹੁਰੇ ਘਰ ਵਾਲੇ ਆਪਣੀ ਆਪਣੀ ਅਕਲ ਅਨੁਸਾਰ ਉਸ ਦੀ ਕਦਰ ਪਾਉਂਦੇ ਹਨ। ਇਸ ਵੇਲੇ ਵਹੁਟੀ ਸਹੁਰੇ ਘਰ ਇਕੱਲੀ ਹੁੰਦੀ ਹੈ। ਕੋਈ ਉਸ ਨੂੰ ਜਾਣਨ ਪਛਾਣਨ ਵਾਲਾ ਜਾਂ ਸਹਾਈ ਨਹੀਂ ਹੁੰਦਾ, ਉਸ ਓਪਰੇ ਪ੍ਰਵਾਰ ਵਿਚ ਉਸ ਨੂੰ ਆਪਣੀ ਪਛਾਣ ਆਪ ਹੀ ਕਰਾਉਣੀ ਪੈਂਦੀ ਤੇ ਆਪਣਾ ਦਿਲ ਸਮਝਾਉਣਾ ਹੁੰਦਾ ਹੈ। ਇਸ ਲਈ ਇਸ ਇਕੱਲ ਅਤੇ ਬੋਝ ਤੋਂ ਡਰ ਕੇ ਉਸ ਨੂੰ ਘਾਬਰਨਾ ਨਹੀਂ ਚਾਹੀਦਾ ਅਤੇ ਨਾ ਹੀ ਕਿਸੇ ਤਰ੍ਹਾਂ ਦੀ ਨਿਰਾਸਤਾ, ਥਕੇਵਾਂ ਜਾਂ ਉਦਾਸੀ ਪ੍ਰਗਟ ਕਰਨੀ ਚਾਹੀਦੀ ਹੈ। ਸਗੋਂ ਉਸ ਨੂੰ ਹਰ ਵੇਲੇ ਹਰ ਇਕ ਕੰਮ ਲਈ ਤਿਆਰ ਰਹਿੰ-ਦਿਆਂ ਹੋਇਆਂ ਆਪਣੀ ਜ਼ਿਮੇਵਾਰੀ ਨੂੰ ਨਿਭਾਉਣਾ ਚਾਹੀਦਾ ਹੈ। ਉਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਬਰਾਬਰ ਉਮਰ ਵਾਲੀਆਂ ਨਿਨਾਣਾਂ ਤੇ ਸਹੇਲੀਆਂ ਨੂੰ ਪਿਆਰ ਕਰੇ ਤੇ ਉਨ੍ਹਾਂ ਨਾਲ ਮਿੱਠਾ ਬੋਲੇ। ਵੱਡੀਆਂ ਜਿਠਾਣੀਆਂ ਦਾ ਆਦਰ ਭਾਓ ਰਖੇ, ਉਨ੍ਹਾਂ ਦੀ ਸੇਵਾ ਕਰੇ ਤੇ ਓਹਨਾਂ ਦੇ ਕੰਮ ਵਿਚ ਹੱਥ ਵਟਾਵੇ। ਬਾਲਾਂ ਨੂੰ

ਪਿਆਰ ਕਰੇ, ਦੂਰ ਬੈਠਿਆਂ ਨੂੰ ਕੋਲ ਸਦ ਕੇ ਮਿਠੀਆਂ ਮਿਠੀਆਂ ਪ੍ਰੇਮ ਭਰੀਆਂ ਤੇ ਸਿਖਿਆ ਦੇਣ ਵਾਲੀਆਂ ਗੱਲਾਂ ਓਹਨਾਂ ਨੂੰ ਦੱਸੇ, ਜਿਸ ਕਰ ਕੇ ਉਹ ਛੇਤੀ ਨਾਲ ਵੱਸ ਹੋ ਜਾਣ ਤੇ ਪ੍ਰੇਮ ਕਰਨ; ਕਿਉਂਕਿ ਬਾਲਾਂ ਦਾ ਨਿਰਦੋਸ਼ ਤੇ ਨਿਸ਼ਕਪਟ ਦਿਲ ਵਲ ਛਲ ਤੇ ਅਕਲ ਦੇ ਜਾਲ ਵਿਚ ਨਹੀਂ ਫਸਿਆ ਹੁੰਦਾ। ਉਹ ਜਿਥੇ ਪ੍ਰੇਮ ਵੇਖਦੇ ਹਨ ਉਥੇ ਹੀ ਰੀਝ ਪੈਂਦੇ ਹਨ।

ਇਸੇ ਤਰ੍ਹਾਂ ਹੀ ਸੱਸ ਸਹੁਰੇ ਦੀ ਸੇਵਾ ਵਿਚ ਮਿਠਾਸ, ਨਿਮ੍ਰਤਾ ਤੇ ਆਦਰ ਵਾਲਾ ਭਾਵ ਹੋਣਾ ਚਾਹੀਦਾ ਹੈ। ਉਨ੍ਹਾਂ ਦੇ ਸਾਹਮਣੇ ਜਿਥੋਂ ਤਕ ਹੋ ਸਕੇ ਘੱਟ ਬੋਲੇ। ਸੱਸ ਸਹੁਰੇ ਦਾ ਆਦਰ ਵਹੁਟੀ ਨੂੰ ਉਸੇ ਤਰ੍ਹਾਂ ਹੀ ਕਰਨਾ ਚਾਹੀਦਾ ਹੈ ਜਿਸ ਤਰ੍ਹਾਂ ਦਾ ਉਹ ਆਪਣੇ ਮਾਪਿਆਂ ਦਾ ਕਰਦੀ ਸੀ। ਜੇ ਉਹ ਕੁਝ ਮੰਦਾ ਚੰਗਾ ਭੀ ਆਖਣ ਤਾਂ ਸੁਣ ਲਵੇ, ਪਰ ਉਸ ਦਾ ਕੋਈ ਉਤਰ ਨਾ ਦੇਵੇ ਅਤੇ ਨਾ ਉਨ੍ਹਾਂ ਗੱਲਾਂ ਪਿਛੇ ਉਨ੍ਹਾਂ ਨਾਲ ਵਰਤਾਉ ਵਿਚ ਕੁਝ ਫ਼ਰਕ ਪੈਣ ਦੇਵੇ।

ਸਹੁਰਾ ਘਰ ਇਕ ਹੀ ਸਮੇਂ ਵਿਚ ਕਈ ਤਰ੍ਹਾਂ ਦਾ ਹੁੰਦਾ ਹੈ। ਸ਼ੁਰੂ ਤੋਂ ਹੀ ਉਨ੍ਹਾਂ ਸਭਨਾਂ ਉਤੇ ਧਿਆਨ ਰਖਣਾ ਚੰਗੀ ਗੱਲ ਹੈ। ਭਾਂਡੇ ਜੇਕਰ ਏਧਰ ਓਧਰ ਖਿਲਰੇ ਪਏ ਦਿਸਣ ਤਾਂ ਹੋਰ ਕਿਸੇ ਦੀ ਆਸ ਨਾ ਰਖ ਕੇ ਆਪ ਹੀ ਉਨ੍ਹਾਂ ਨੂੰ ਮਾਂਜ ਧੋ ਟਿਕਾਣੇ ਸਿਰ ਰਖ ਦਿਓ। ਬੈਠਣ ਉਠਣ ਤੇ ਖਾਣ ਪੀਣ ਦੀਆਂ ਥਾਵਾਂ ਨੂੰ ਸਾਫ਼ ਸੁਥਰਾ ਰਖੋ। ਸਾਰਿਆਂ ਨਾਲ ਮਿੱਠਾ ਬੋਲੋ, ਸਭਨਾਂ ਨਾਲ ਸਿੱਧਾ ਤੇ ਸੱਚਾ ਵਰਤਾਓ ਕਰੋ। ਅਜੇਹਾ ਨਾ ਹੋਵੇ ਕਿ ਸਹੁਰੇ ਘਰ ਬੈਠ ਕੇ ਇਕ ਨੂੰ ਤੁਸੀਂ ਕੁਝ ਆਖੋ ਤੇ ਦੂਜੇ ਨੂੰ ਕੁਝ। ਬਹੁਤ ਕਰ ਕੇ ਇਹ ਵੇਖਿਆ ਜਾਂਦਾ ਹੈ ਕਿ ਸਭਨਾਂ ਨੂੰ ਖ਼ੁਸ਼ ਰਖਣ ਦੇ ਖ਼ਿਆਲ ਤੋਂ ਕੋਈ ਇਸਤ੍ਰੀ ਜਦ ਇਕ ਨਾਲ ਕੋਈ ਗੱਲ ਕਰਦੀ ਹੈ ਤਾਂ ਉਹ ਦੂਜੀ ਦੀ ਬੁਰਾਈ ਕਰਦੀ ਹੈ ਅਤੇ ਜਦ ਦੂਜੀ ਨਾਲ ਗੱਲ ਕਰਦੀ ਹੈ ਤਾਂ

ਪਹਿਲੀ ਦੀ ਬੁਰਾਈ ਕਰਦੀ ਹੈ। ਅਜੇਹਾ ਢੰਗ ਹੇਠਾਂ ਡੇਗਣ ਵਾਲਾ ਤੇ ਖ਼ਤਰਨਾਕ ਹੈ। ਇਸ ਤੋਂ ਸਦਾ ਬਚੇ ਰਹੋ। ਕਿਸੇ ਦੀ ਬੁਰਾਈ ਨਾ ਮਨ ਵਿਚ ਲਿਆਓ ਤੇ ਨਾ ਕਿਸੇ ਨੂੰ ਦੱਸੋ। ਕੋਈ ਕਰੇ ਭੀ ਤਾਂ ਉਸ ਦੇ ਵਲ ਧਿਆਨ ਹੀ ਨਾ ਦਿਓ।

ਕੰਮ ਕਾਰ ਵਿਚ ਕਿੰਨਿਆਂ ਥੱਕਿਆਂ ਹੋਣ ਤੇ ਭੀ ਜੇ ਤੁਹਾਨੂੰ ਕੋਈ ਕੰਮ ਕਰਨ ਲਈ ਆਖੇ ਤਾਂ ਆਪਣੇ ਥਕੇਵੇਂ ਤੇ ਆਲਸ ਨੂੰ ਦੱਸੇ ਬਿਨਾਂ, ਮਨ ਵਿਚ ਬੁਰਾ ਭਾਵ ਯਾ ਕੋਈ ਉਲਾਂਭਾ ਦਿਤੇ ਬਿਨਾਂ ਖ਼ੁਸ਼ੀ ਨਾਲ ਉਸ ਕੰਮ ਨੂੰ ਕਰੋ। ਇਸ ਗੱਲ ਨੂੰ ਚੇਤੇ ਰਖੋ ਕਿ ਤੁਹਾਡੇ ਇਸ ਤਕਲੀਫ਼ ਸਹਿਣ ਦਾ ਅਤੇ ਮਿਹਨਤ ਦਾ ਫਲ ਤੁਹਾਡੇ ਤੇ ਤੁਹਾਡੇ ਪਤੀ ਲਈ, ਤੁਹਾਡੇ ਅਗਲੇ ਜੀਵਨ ਲਈ ਬਹੁਤ ਮਿੱਠਾ ਹੋਵੇਗਾ। ਇਤਨੀ ਸੇਵਾ ਤੇ ਕਸ਼ਟ ਸਹਾਰਨ ਨਾਲ ਦੋ ਚਾਰ ਦਿਨ ਲਈ ਜੇ ਤੁਸੀਂ ਕਿਧਰੇ ਚਲੀਆਂ ਜਾਵੋਗੀਆਂ ਤਾਂ ਸਹੁਰੇ ਘਰ ਦੇ ਸਾਰੇ ਜਣੇ ਤੁਹਾਡੀ ਅਣਹੋਂਦ ਨੂੰ ਮਹਿਸੂਸ ਕਰਨਗੇ।

ਇੰਨਾ ਕੁਝ ਕਰ ਕੇ ਵੀ ਹੰਕਾਰ ਨਹੀਂ ਕਰਨਾ ਚਾਹੀਦਾ। ਆਪਣੀ ਸੇਵਾ, ਆਪਣੀ ਵਿਦਿਆ ਤੇ ਮਿਹਨਤ ਉਪਰ ਕਦੇ ਹੰਕਾਰ ਨਾ ਕਰੋ। ਕੋਈ ਗੱਲ ਆਖਣ ਯਾ ਕੋਈ ਕੰਮ ਕਰਨ ਵੇਲੇ ਨਿਮ੍ਰਤਾ ਦੀ ਮੂਰਤ ਬਣੀਆਂ ਰਹੋ। ਉਸ ਨਿਮ੍ਰਤਾ ਵਿਚ ਬਨਾਵਟ ਨਾ ਹੋਵੇ, ਸਗੋਂ ਸਚਾਈ ਹੋਵੇ।

ਬਹੁਤ ਸਾਰੀਆਂ ਕੁੜੀਆਂ ਨਵੇਂ ਤੇ ਓਪਰੇ (ਸਹੁਰੇ) ਘਰ ਵਿਚ ਆਪਣੇ ਆਪ ਨੂੰ ਇਕੱਲਾ ਵੇਖ ਕੇ ਘਾਬਰ ਜਾਂਦੀਆਂ ਹਨ। ਇਹ ਸੁਭਾਵਿਕ ਗੱਲ ਹੈ। ਪਰ ਇਹ ਖ਼ਿਆਲ ਕਰ ਕੇ ਕਿ ਹੁਣ ਮੈਂ ਇਥੇ ਇਨ੍ਹਾਂ ਲੋਕਾਂ ਵਿਚ ਹੀ ਰਹਿਣਾ ਹੈ ਅਤੇ ਇਨ੍ਹਾਂ ਦੇ ਸੁਖ ਦੁਖ ਉਤੇ ਹੀ ਮੇਰਾ ਵੀ ਸੁਖ ਦੁਖ ਬਣਿਆ ਹੋਇਆ ਹੈ, ਆਪਣੀ ਨਿਰਾਸਾ ਤੇ ਉਦਾਸੀ ਦੂਰ ਕਰ ਦੇਣੀ ਚਾਹੀਦੀ ਹੈ ਤੇ ਆਪਣੇ ਕੰਮਾਂ ਵਿਚ ਲਗ ਜਾਣਾ ਚਾਹੀਦਾ ਹੈ।

# ਭਲੇ ਘਰ ਦੀ ਧੀ !

ਵਿਆਹ ਦੇ ਪਿਛੋਂ ਸਹੁਰੇ ਘਰ ਚਲੇ ਜਾਣ ਪਰ ਸਦਾ ਇਸ ਗੱਲ ਦਾ ਧਿਆਨ ਰਖਣਾ ਚਾਹੀਦਾ ਹੈ ਕਿ ਤੁਹਾਡੇ ਬੋਲਣ ਚਾਲਣ ਤੇ ਬੈਠਣ ਉੱਠਣ ਵਿਚ ਅਲ੍ਹੜ-ਪੁਣਾ ਨਾ ਦਿੱਸੇ। ਵਡਿਆਂ ਨਿਕਿਆਂ ਤੇ ਬਰਾਬਰ ਦਿਆਂ ਨਾਲ ਕਿਸ ਤਰ੍ਹਾਂ ਵਰਤਣਾ ਚਾਹੀਦਾ ਹੈ ਇਹ ਉੱਪਰ ਦਸਿਆ ਜਾ ਚੁਕਾ ਹੈ। ਇਸ ਗੱਲ ਦਾ ਵੀ ਖਿਆਲ ਰਖਿਆ ਜਾਂਦਾ ਹੈ ਕਿ ਘਰ ਵਿਚ ਵਹੁਟੀ ਕਿਸ ਤਰ੍ਹਾਂ ਉਠਦੀ ਬੈਠਦੀ ਹੈ। ਸੋ ਇਹ ਗਲ ਉਸ ਦੀ ਅਕਲ ਉਤੇ ਨਿਰਭਰ ਹੈ ਕਿ ਉਹ ਆਪਣੀ ਮਿੱਠੀ ਬੋਲੀ, ਆਪਣੇ ਚੰਗੇ ਖਿਆਲ, ਆਪਣੀ ਨਿਮਰਤਾ ਤੇ ਸੇਵਾ ਨਾਲ ਸਭਨਾਂ ਦੇ ਮਨਾਂ ਤੇ ਸ਼ਾਂਤੀ ਵਰਤਾਇ। ਅਸਾਂ ਸਾਰਿਆਂ ਦਾ ਜੀਵਨ ਕਿਸ ਤਰ੍ਹਾਂ ਸੁਖੀ ਰਹੇਗਾ, ਇਹ ਸੋਚ ਸਮਝ ਕੇ ਵਰਤੋਂ ਕਰਨੀ ਚਾਹੀਦੀ ਹੈ। ਮੁਕਦੀ ਗੱਲ ਕਿ ਹਰ ਇਕ ਭਾਵ ਤੇ ਵਰਤਾਉ ਤੋਂ ਇਹੀ ਗੱਲ ਟਪਕਣੀ ਚਾਹੀਦੀ ਹੈ ਕਿ ਇਹ ਇਕ ਭਲੇ ਘਰ ਦੀ, ਚੰਗੀ ਸੰਗਤ ਤੇ ਸਾਫ਼ ਦਿਲ ਵਾਲੀ ਧੀ ਹੈ।

ਇਸ ਕੰਮ ਵਿਚ ਕਾਹਲੀ ਨਾ ਕਰੋ। ਇਹ ਆਸ ਕਦੇ ਨਹੀਂ ਕਰਨੀ ਚਾਹੀਦੀ ਕਿ ਛੇਆਂ ਸੱਤਾਂ ਦਿਨਾਂ ਵਿਚ ਹੀ ਸਹੁਰੇ ਘਰ ਵਾਲੇ ਤੁਹਾਨੂੰ ਚੰਗੀ ਤਰ੍ਹਾਂ ਸਮਝ ਜਾਣਗੇ ਜਿਵੇਂ ਕਿ ਤੁਹਾਡੇ ਜੰਮਣ ਪਾਲਣ ਵਾਲੇ ਮਾਤਾ ਪਿਤਾ, ਭੈਣ ਭਰਾ ਜਾਂ ਜਾਣਨ ਵੇਖਣ ਵਾਲੇ ਜਾਣਦੇ ਸਨ। ਜੇ ਅਜੇਹੀ ਆਸ ਕਰੋਗੀਆਂ ਤਾਂ ਧੋਖਾ ਖਾਓਗੀਆਂ ਜੋ ਪ੍ਰੇਮ ਇਕ ਦਮ ਬਹੁਤ ਛੇਤੀ ਵਧ ਜਾਂਦਾ ਹੈ, ਉਸ ਦੀ ਨੀਂਹ ਬਹੁਤ ਕਮਜ਼ੋਰ ਹੁੰਦੀ ਹੈ। ਥੋੜੀ ਜੇਹੀ ਗ਼ਲਤੀ ਹੁੰਦਿਆਂ ਹੀ ਛੇਤੀ ਟੁਟ ਜਾਂਦਾ ਹੈ। ਇਸ ਲਈ ਪਤੀ ਤੇ ਆਪਣੇ ਦਿਲ ਦੀ ਪਵਿਤ੍ਰਤਾ ਉਤੇ ਵਿਸ਼ਵਾਸ

ਰੱਖ ਕੇ ਹੌਲੀ ਹੌਲੀ ਸਭ ਨੂੰ ਸਮਝੋ ਅਤੇ ਆਪਣੇ ਆਪ ਨੂੰ ਸਭਨਾਂ ਦੇ ਦਿਲਾਂ ਤਕ ਪੁਚਾਓ।

ਇਹ ਯਾਦ ਰਖੋ ਕਿ ਮਨੁੱਖ ਦਾ ਸੁਭਾ ਬੜਾ ਹੀ ਗੁੰਝਲ-ਦਾਰ ਹੈ। ਬਹੁਤ ਸਾਰੇ ਆਦਮੀ ਉਪਰੋਂ ਬੜੇ ਚੰਗੇ ਮਾਲੂਮ ਹੁੰਦੇ ਹਨ ਪਰ ਦਿਲ ਦੇ ਖੋਟੇ ਹੁੰਦੇ ਹਨ। ਇਸੇ ਤਰ੍ਹਾਂ ਬਹੁਤ ਸਾਰੇ ਆਦਮੀ ਅੰਦਰੋਂ ਚੰਗੇ ਹੁੰਦੇ ਹਨ ਪਰ ਉਪਰੋਂ ਬੜੇ ਰੁੱਖੇ ਜਾਪਦੇ ਹਨ। ਇਸ ਲਈ ਕਿਸੇ ਦੀ ਬਾਬਤ ਆਪਣੀ ਰਾਏ ਛੇਤੀ ਛੇਤੀ ਕਾਇਮ ਨਾ ਕਰੋ ਕਿ ਫਲਾਣਾ ਆਦਮੀ ਅਜਿਹਾ ਹੈ, ਚੰਗੀ ਤਰ੍ਹਾਂ ਸੋਚ ਸਮਝ ਕੇ, ਚੰਗੀ ਤਰ੍ਹਾਂ ਪਰਖ ਕੇ ਉਸ ਬਾਬਤ ਫੈਸਲਾ ਕਰੋ। ਨਾਲ ਹੀ ਆਪਣੀ ਭੁੱਲ ਮੰਨਣ ਤੇ ਆਪਣੀ ਰਾਇ ਬਦਲਣ ਦੀ ਆਦਤ ਪਾਓ।

ਵੱਡੀ ਗੱਲ ਇਹ ਹੈ ਕਿ ਇਸਤ੍ਰੀ ਆਪਣੇ ਪਤੀ ਦੇ ਦਿਲ ਨੂੰ ਵਿਆਹ ਦੇ ਪਿਛੋਂ ਚੰਗੀ ਤਰ੍ਹਾਂ ਸਮਝ ਲਵੇ। ਉਸ ਦੇ ਉਤੇ ਭਰੋਸਾ ਰਖ ਕੇ, ਉਸ ਦੀ ਸਲਾਹ ਨਾਲ ਕੋਈ ਕੰਮ ਕਰੇ। ਇਸ ਵਿਚ ਦੋਵੇਂ ਸੁਖੀ ਹੋਣਗੇ ਤੇ ਪ੍ਰੇਮ ਵਧੇਗਾ।

# ਪ੍ਰੇਮ

ਅਜ ਕਲ ਇਸਤ੍ਰੀਆਂ ਦੀ ਸਿਖਿਆ ਤੇ ਆਜ਼ਾਦੀ ਸੰਬੰਧੀ ਹੱਕਾਂ ਦਾ ਨਵਾਂ ਝਗੜਾ ਖੜਾ ਹੋ ਗਿਆ ਹੈ। ਇਹ ਕਿਹਾ ਜਾਂਦਾ ਹੈ ਕਿ ਇਸਤ੍ਰੀਆਂ ਮਰਦਾਂ ਦੀਆਂ ਗੁਲਾਮ ਨਹੀਂ ਹਨ। ਇਸ

ਲਈ ਉਨ੍ਹਾਂ ਨੂੰ ਮਰਦਾਂ ਦੇ ਬਰਾਬਰ ਹੱਕ ਕਿਉਂ ਨਾ ਦਿਤੇ ਜਾਣ ?

ਪੱਛਮੀ ਸਭੱਯਤਾ ਦੀ ਚਮਕ ਦਮਕ ਦਾ ਨਸ਼ਾ ਹੀ ਇਹ ਰੰਗ ਦਿਖਾ ਰਿਹਾ ਹੈ। "ਲੈਕਚਰ ਦੇਣੇ, ਡਿਨਰ ਪਾਰਟੀਆਂ ਵਿਚ ਸਿਹਤ ਦੇ ਨਾਮ ਪੁਰ ਸ਼ਰਾਬ ਦੇ ਪਿਆਲੇ ਖਾਲੀ ਕਰਨੇ, ਵਪਾਰ ਕਰਨੇ, ਦੁਕਾਨਾਂ ਖੋਲ੍ਹਣੀਆਂ ਤੇ ਜਿਸ ਤਰ੍ਹਾਂ ਆਮ ਤੌਰ ਤੇ ਪਤੀ ਕਿਸੇ ਕੰਮ ਨੂੰ ਬਾਹਰ ਜਾਣ ਵੇਲੇ ਆਪਣੀ ਇਸਤ੍ਰੀ ਪਾਸੋਂ ਨਹੀਂ ਪੁਛਦਾ, ਉਸੇ ਤਰ੍ਹਾਂ ਸਾਰਾ ਦਿਨ ਬਾਹਰ ਰਹਿਣ, ਦੋਸਤਾਂ ਮਿਤ੍ਰਾਂ, ਸਖੀਆਂ ਸਹੇਲੀਆਂ ਦੇ ਘਰੀਂ ਜਾਣ ਵਾਸਤੇ ਇਸਤ੍ਰੀਆਂ ਭੀ ਆਜ਼ਾਦ ਹਨ।" ਇਹ ਆਖ ਕੇ ਭੜਕਾਇਆ ਜਾਂਦਾ ਹੈ। ਇਸ ਦੇ ਨਾਲ ਹੀ ਕੌਂਸਲਾਂ, ਮਿਊਨਸੀਪਲ ਕਮੇਟੀਆਂ ਆਦਿ ਦੀਆਂ ਮੈਂਬਰ ਬਣਨ, ਉਹਨਾਂ ਵਿਚ ਜਾਕੇ ਬੈਠਣ, ਅਖਬਾਰਾਂ ਵਿਚ ਤਸਵੀਰਾਂ ਛਪਵਾਣ ਆਦਿ ਗੱਲਾਂ ਦਾ ਸ਼ੌਕ ਵਧਦਾ ਜਾ ਰਿਹਾ ਹੈ। ਸੁਧਾਰਕਾਂ ਆਖਦੀਆਂ ਹਨ ਕਿ ਜਦ ਪੁਰਸ਼ਾਂ ਨੂੰ ਉਕਤ ਗੱਲਾਂ ਕਰਨ ਦਾ ਹੱਕ ਹੈ ਅਤੇ ਉਹ ਆਜ਼ਾਦ ਹਨ, ਤਾਂ ਇਸਤ੍ਰੀਆਂ ਨੇ ਕੀ ਕਸੂਰ ਕੀਤਾ ਹੈ ਕਿ ਉਹ ਇਨ੍ਹਾਂ ਗੱਲਾਂ ਤੋਂ ਵਾਂਜੀਆਂ ਰਹਿਣ ? ਇਹ ਗੱਲਾਂ ਇਸਤ੍ਰੀਆਂ ਲਈ ਬੁਰੀਆਂ ਨਹੀਂ, ਪਰ ਜਿਸ ਢੰਗ ਨਾਲ ਤੇ ਜਿਸ ਤਰ੍ਹਾਂ ਇਹ ਕੁਝ ਹੋ ਰਿਹਾ ਹੈ ਉਹ ਠੀਕ ਨਹੀਂ, ਇਸ ਦਾ ਸਿੱਟਾ ਚੰਗਾ ਨਹੀਂ ਹੋ ਸਕਦਾ।

ਜਿਹੜੀਆਂ ਭੈਣਾਂ ਯੂਰਪ ਦੀ ਹੋਛੀ ਅਤੇ ਝੂਠੀ ਆਜ਼ਾਦੀ ਤੇ ਉਥੋਂ ਦੀ ਚਮਕ ਦਮਕ ਵਿਚ ਬਿਨਾਂ ਵਿਚਾਰ ਦੇ ਰੁੜ੍ਹੀਆਂ ਜਾ ਰਹੀਆਂ ਅਤੇ ਇਸੇ ਵਿਚ ਆਪਣੀ ਆਜ਼ਾਦੀ ਸਮਝੀ ਬੈਠੀਆਂ ਹਨ, ਉਹ ਸਚ ਮੁਚ ਹੀ ਪ੍ਰੇਮ ਤੇ ਵਿਆਹਿਤ ਜੀਵਨ ਦੇ ਉਚੇ ਆਦਰਸ਼ ਨੂੰ ਭੁਲ ਰਹੀਆਂ ਹਨ। ਯੂਰਪ ਦਾ ਵਿਆਹਿਤ ਜੀਵਨ ਭੋਗ ਵਿਲਾਸ. ਘਰੋਗੀ ਸਹੂਲਤਾਂ ਪ੍ਰਾਪਤ ਕਰਨ ਦਾ ਇਕ ਠੇਕਾ ਹੈ। ਪਰ ਸਾਡੇ ਦੇਸ਼ ਦਾ ਵਿਆਹ ਦੋਹਾਂ ਜੀਵਾਂ ਦਾ ਮਿਲ ਕੇ ਇਕ

ਹੋ ਜਾਣ ਦੀ ਦਸ਼ਾ ਦਾ ਨਾਮ ਹੈ । ਯੂਰਪ ਵਿਚ ਵਿਆਹੇ ਜਾਣ ਉਤੇ ਵੀ ਇਸਤ੍ਰੀ ਪੁਰਸ਼ ਦੋਵੇਂ ਵਖੋ ਵਖਰੇ ਰਹਿੰਦੇ ਹਨ । ਕੌਮ ਤੇ ਕਾਨੂੰਨ ਸਿਰਫ ਉਨ੍ਹਾਂ ਦੀ ਮੇਲ ਮਿਤ੍ਰਤਾ ਤੇ ਇਕ ਜਗ੍ਹਾ ਸੌਣ ਰਹਿਣ ਨੂੰ ਵਿਆਹ ਮੰਨਦਾ ਹੈ । ਭਾਵੇਂ ਇਸ ਵੇਲੇ ਸਾਡੇ ਦੇਸ ਵਿਚ ਵੀ ਬਹੁਤ ਕਰਕੇ ਅਜਿਹੀ ਹਾਲਤ ਹੋ ਰਹੀ ਹੈ । ਫੇਰ ਭੀ ਆਦਰਸ਼ ਦੇ ਵਖਰੇ ਹੋਣ ਕਰ ਕੇ ਸਤੀਤ੍ਵ ਦਾ ਜਿੰਨਾ ਉੱਚਾ ਭਾਵ ਸਾਡੇ ਦੇਸ਼ ਵਿਚ ਹੈ ਓਨਾ ਹੋਰ ਕਿਸੇ ਵਿਚ ਨਹੀਂ ।

ਸਾਡੇ ਦੇਸ਼ ਵਿਚ ਕਿਸੇ ਲੜਕੀ ਦਾ ਸਰੀਰ ਅਪਵਿਤ੍ਰ ਹੋ ਜਾਣਾ, ਪਾਪ ਇਸ ਲਈ ਨਹੀਂ ਕਿ ਉਹ ਇਕ ਵਾਰੀ ਡਿਗ ਕੇ ਫੇਰ ਉੱਚੀ ਉਠ ਨਹੀਂ ਸਕਦੀ ਅਥਵਾ ਉਸ ਵਿਚ ਕੋਈ ਖਾਸ ਖਰਾਬੀ ਆ ਜਾਂਦੀ ਹੈ, ਸਗੋਂ ਸੱਚ ਤਾਂ ਇਹ ਹੈ ਕਿ ਸਾਡੇ ਵਿਆਹਿਤ ਜੀਵਨ ਦਾ ਆਦਰਸ਼ ਪਤੀ ਪ੍ਰੇਮ ਦੀ ਲਿਵ ਵਿਚ ਆਪਣੇ ਆਪ ਨੂੰ ਲੀਨ ਕਰ ਦੇਣਾ ਤੇ ਦੋਹਾਂ ਦਾ ਮਿਲ ਕੇ ਇਕ ਹੋ ਜਾਣਾ ਹੈ ਅਤੇ ਉਸ ਤਰ੍ਹਾਂ ਉਹ ਇਸ ਆਦਰਸ਼ ਤੋਂ ਬਹੁਤ ਦੂਰ ਜਾ ਪੈਂਦੀ ਹੈ। ਯੂਰਪ ਵਿਚ ਵਿਆਹ ਕਰ ਕੇ ਇਕ ਦੂਜੇ ਦੀ ਸਹਾਇਤਾ ਨਾਲ ਆਪਣੇ ਆਪ ਨੂੰ ਬਣਾ ਲੈਣਾ ਇਹ ਆਦਰਸ਼ ਹੈ, ਸਾਡੇ ਵਿਚ ਇਕ ਦੂਜੇ ਨਾਲ ਮਿਲ ਕੇ ਆਪਣੀ ਹੋਂਦ ਨੂੰ ਗੁਆ ਦੇਣਾ-ਇਕ ਹੋ ਜਾਣਾ-ਆਦਰਸ਼ ਹੈ । ਪ੍ਰੇਮ ਤੇ ਸੁਖ ਦੀ ਨਜ਼ਰ ਨਾਲ ਵੇਖਣ ਪਰ ਦੋਹਾਂ ਵਿਚੋਂ ਕਿਹੜਾ ਆਦਰਸ਼ ਵੱਡਾ ਹੈ ਇਸ ਨੂੰ ਹਰ ਇਕ ਆਦਮੀ ਸਹਿਜੇ ਸਮਝ ਸਕਦਾ ਹੈ ।

## ਬਦਲੇ ਦੀ ਭਾਵਨਾ !

ਅਜ ਕਲ "ਹੱਕ, ਹੱਕ" ਦੀ ਜੋ ਆਵਾਜ਼ ਆ ਰਹੀ ਹੈ ਉਸ ਦੀ ਜੜ੍ਹ ਵਿਚ ਇਕ ਤਰ੍ਹਾਂ ਦੀ ਬਦਲੇ ਦੀ ਭਾਵਨਾ ਹੈ। ਜਦ

ਪੁਰਸ਼ ਐਸਾ ਕਰਦੇ ਹਨ ਤਾਂ ਇਸਤ੍ਰੀਆਂ ਕਿਉਂ ਨਾ ਕਰਨ ? ਪੁਰਸ਼ ਇਸਤ੍ਰੀ ਦੇ ਮਰ ਜਾਣ ਪਰ ਦੂਜਾ, ਤੀਜਾ, ਚੌਥਾ ਵਿਆਹ ਕਰਦੇ ਹਨ, ਤਾਂ ਪਤੀ ਮਰ ਜਾਣ ਪਿਛੋਂ ਇਸਤ੍ਰੀ ਕਿਉਂ ਨਾ ਦੂਜਾ ਵਿਆਹ ਕਰੇ ? ਉਹ ਕਿਉਂ ਸਾਰੀ ਉਮਰ ਤਕ ਵਿਧਵਾ ਬਣੀ ਬੈਠੀ ਰਹੇ ? ਪੁਰਸ਼ ਕੌਂਸਲਾਂ ਵਿਚ ਜਾਂਦੇ ਹਨ ਤਾਂ ਇਸਤ੍ਰੀਆਂ ਕਿਉਂ ਨਹੀਂ ਜਾ ਸਕਦੀਆਂ ? ਪੁਰਸ਼ ਸਜਣਾਂ ਮਿਤ੍ਰਾਂ ਨਾਲ ਸੈਰ ਕਰਦੇ, ਨਾਟਕ ਸਿਨੇਮਾ ਵੇਖਦੇ, ਪੜ੍ਹੀਆਂ ਲਿਖੀਆਂ ਇਸਤ੍ਰੀਆਂ ਨਾਲ ਮਿਲ਼ਦੇ ਗਿਲਦੇ ਤੇ ਹੱਸ ਹੱਸ ਗੱਲਾਂ ਕਰਦੇ ਹਨ, ਤਾਂ ਫੇਰ ਇਸ-ਤ੍ਰੀਆਂ ਨੂੰ ਕਿਉਂ ਰੋਕਿਆ ਜਾਂਦਾ ਹੈ ?

ਅਜ ਕਲ ਇਸਤ੍ਰੀਆਂ ਦੀ ਜੋ ਲਹਿਰ ਚਲ ਰਹੀ ਹੈ ਉਸ ਵਿਚ ਇਹੋ ਦਲੀਲਾਂ, ਤੇ ਇਹੋ ਗੱਲਾਂ ਘੜੀ ਮੁੜੀ ਦਸੀਆਂ ਜਾਂਦੀਆਂ ਹਨ। ਇਹ ਮੰਨਿਆ ਜਾ ਸਕਦਾ ਕਿ ਕਈ ਦਲੀਲਾਂ ਨਿਕੰਮੀਆਂ ਤੇ ਬਿਰਥੀਆਂ ਹਨ। ਇਨ੍ਹਾਂ ਦੇ ਨਾਲ ਪੁਰਸ਼ਾਂ ਦਾ ਮੂੰਹ ਭਾਵੇਂ ਬੰਦ ਹੋ ਸਕਦਾ ਹੈ ਪਰ ਇਸਤ੍ਰੀਆਂ ਨੂੰ ਸੱਚਾ ਸੁਖ ਕਦੇ ਨਹੀਂ ਹੋ ਸਕਦਾ। ਪੁਰਸ਼ਾਂ ਨੂੰ ਹੁਣ ਬੋਲਣ ਦਾ ਕੋਈ ਹੱਕ ਨਹੀਂ ਰਿਹਾ, ਕਿਉਂਕਿ ਉਨ੍ਹਾਂ ਨਾਲੋਂ ਇਸਤ੍ਰੀਆਂ ਬਹੁਤੀਆਂ ਵਫ਼ਾਦਾਰ, ਸਹਿਨਸ਼ੀਲ ਤੇ ਤਿਆਗਣਾਂ ਹਨ।

ਕੀ ਉਕਤ ਦਲੀਲਾਂ ਅਨੁਸਾਰ ਤੁਰਨ ਵਿਚ ਇਸਤ੍ਰੀਆਂ ਸੁਖੀ ਹੋਣਗੀਆਂ ? ਇਹ ਸਭ ਤੋਂ ਜ਼ਰੂਰੀ ਤੇ ਸੋਚਣ ਵਾਲੀ ਗੱਲ ਹੈ। ਤਲਵਾਰ ਕੋਈ ਬੁਰੀ ਚੀਜ਼ ਨਹੀਂ। ਉਸ ਨਾਲ ਕਿਸੇ ਦੁਖੀਏ ਦੀ ਜਾਨ ਵੀ ਬਚ ਸਕਦੀ ਹੈ ਅਤੇ ਇਕ ਨਿਰਦੋਸ਼ ਨੂੰ ਕਤਲ ਭੀ ਕਰ ਸਕੀਦਾ ਹੈ। ਉਸ ਦੀ ਬੁਰਾਈ ਭਲਾਈ ਤਾਂ ਉਸ ਨੂੰ ਵਰਤਨ ਵਾਲੇ ਦੀ ਇਛਾ ਉੱਤੇ ਹੈ। ਹੱਕ ਮੰਗਣਾ ਕੋਈ ਬੁਰੀ ਚੀਜ਼ ਨਹੀਂ, ਪਰ ਉਸ ਦੇ ਮੰਗਣ ਦੇ ਪਿੱਛੇ ਜਿਹੜੀ ਜ਼ਿੱਦ ਤੇ ਈਰਖਾ ਦੀ ਭਾਵਨਾ

ਹੈ, ਉਹ ਇਸ ਦੀ ਪਵਿਤ੍ਰਤਾ ਨੂੰ ਨਸ਼ਟ ਕਰ ਰਹੀ ਹੈ। ਇਸ ਨੂੰ ਮੋਲ ਤੋਲ ਤੇ ਦੁਕਾਨਦਾਰ ਦੀ ਚੀਜ਼ ਬਣਾ ਰਹੀ ਹੈ।

ਜਿਥੇ ਹੱਕਾਂ ਦੇ ਪਿਛੇ ਇਹ ਦਲੀਲ ਹੋਵੇ, ਇਹ ਭਾਵ ਹੋਵੇ ਕਿ ਅਸੀਂ ਉਸ ਨੂੰ ਲੈ ਕੇ ਸੇਵਾ ਕਰਨ ਤੇ ਕਰਤੱਵਯ ਪਾਲਣ ਦੇ ਬਹੁਤ ਲਾਇਕ ਬਣੀਏ, ਆਪਣੇ ਰਾਹ ਉਤੇ ਬਹੁਤੀ ਪਕਿਆਈ ਤੇ ਸਚਿਆਈ ਨਾਲ ਅਗੇਰੇ ਵਧ ਸਕੀਏ, ਉਥੇ ਹੱਕ ਮਿਲ ਜਾਣ ਪੁਰ ਮਨੁੱਖਤਾ ਦਾ ਵਾਧਾ ਹੁੰਦਾ ਹੈ। ਉਥੇ ਤਲਵਾਰ ਦਾ ਭਲਾ ਵਰਤਾਉ ਹੁੰਦਾ ਹੈ। ਉਸ ਤੋਂ ਕੁਰਬਾਨੀ, ਸੇਵਾ ਤੇ ਪਰਉਪਕਾਰ ਵਿਚ ਕੰਮ ਲੈਂਦੇ ਹਾਂ। ਪਰ ਜਿਥੇ ਹੱਕ ਮੰਗਣ ਪਿਛੇ ਇਹ ਦਲੀਲ ਹੋਵੇ ਕਿ ਇਕ ਟੋਲਾ ਜੋ ਉਨ੍ਹਾਂ ਹੱਕਾਂ ਨੂੰ ਭੋਗੀ ਜਾਂਦਾ ਹੈ, ਫੇਰ ਅਸੀਂ ਵੀ ਕਿਉਂ ਨਾ ਭੋਗੀਏ, ਉਥੇ ਦਿਲ ਵਿਚ ਸ਼ਾਂਤਮਈ ਭਾਵਾਂ ਦੀ ਥਾਂ ਜ਼ਿਦ, ਈਰਖਾ ਤੇ ਬਦਲੇ ਦੀ ਦੌੜ ਹੁੰਦੀ ਹੈ। ਅਜੇਹੇ ਸਮੇਂ ਹੱਕ ਮਿਲ ਜਾਣ ਤਾਂ ਅਸੀਂ ਉਨ੍ਹਾਂ ਦਾ ਬੁਰਾ ਵਰਤਾਉ ਕਰਦੇ ਹਾਂ। ਦੂਜੇ ਟੋਲੇ ਨੂੰ ਹਟਾ ਕੇ ਜਾਂ ਡੇਗ ਕੇ ਅਸੀਂ ਅਗਾਂਹ ਵਧਣ ਦਾ ਯਤਨ ਕਰਦੇ ਹਾਂ। ਸੁ ਇਹ ਤਲਵਾਰ ਨਾਲ ਖ਼ੂਨ ਕਰਨ ਦੇ ਸਮਾਨ ਹੈ। ਐਸੀ ਥਾਂ-ਭਲੇ ਬੁਰੇ ਦਾ ਖਿਆਲ ਨਸ਼ਟ ਹੋ ਜਾਂਦਾ ਹੈ! ਸਿਰਫ ਇਹੋ ਭਾਵ ਹੁੰਦਾ ਹੈ ਕਿ ਅਸੀਂ ਦੂਜੇ ਟੋਲੇ ਨਾਲੋਂ ਅਗੇ ਕਿਸ ਤਰ੍ਹਾਂ ਵਧ ਜਾਈਏ। ਅਜੇਹੇ ਸਮੇਂ ਇਹ ਗਲ ਭੁੱਲ ਜਾਂਦੀ ਹੈ ਕਿ ਅਸੀਂ ਚੰਗੀ ਗੱਲ ਲਈ ਜ਼ਿਦ ਕਰ ਰਹੇ ਹਾਂ, ਜਾਂ ਬੁਰੀ ਲਈ। ਮੌਜੂਦਾ ਇਸਤ੍ਰੀ ਹੱਕਾਂ ਦੀ ਲਹਿਰ ਵਿਚ ਸੁਧਾਰ, ਆਤਮ ਸੰਜਮ, ਵਿਸ਼ਵਾਸ ਤੇ ਆਦਰਸ਼ ਨਾਲੋਂ ਬਦਲਾ, ਜ਼ਿਦ, ਅਵਿਸ਼ਵਾਸ ਤੇ ਦੁਨੀਆਂਦਾਰੀ ਬਹੁਤ ਜਾਪਦੀ ਹੈ।

ਇਹ ਗੱਲਾਂ ਭਾਵੇਂ ਅਜ ਕਲ ਦੇ ਫ਼ੈਸ਼ਨ ਦੇ ਉਲਟ ਹਨ, ਪਰ ਇਸਤ੍ਰੀ ਜਾਤੀ ਨੂੰ ਆਪਣਾ ਆਦਰਸ਼ ਛੱਡ ਕੇ ਡਿਗਦਾ ਵੇਖ, ਇਹ ਮਲੂਮ ਹੁੰਦਾ ਹੈ ਕਿ ਸਾਡੀ ਆਮਦਨ ਦਾ ਬਚਿਆ ਖੁਚਿਆ

ਹਿੱਸਾ ਵੀ ਸੜ ਕੇ ਸੁਆਹ ਹੋਣ ਲਗਾ ਹੈ। ਅਥਵਾ ਮਕਾਨ ਦੀ ਨੀਂਹ ਖਿਸਕਦੀ ਜਾਂਦੀ ਹੈ।

* * * *

ਬਿਨਾਂ ਕਿਸੇ ਨਾਂਹ-ਨੁਕਰ ਦੇ ਇਹ ਮੰਨਣਾ ਪੈਂਦਾ ਹੈ ਕਿ ਕੌਮ ਦੀ ਨੀਂਹ ਵਿਚ ਘੁਣ ਲਗਾ ਹੋਇਆ ਹੈ। ਮਨੁਖ ਵੱਡਾ ਦੰਭੀ, ਫਰੇਬੀ ਤੇ ਵਧ ਚੜ੍ਹਕੇ ਗੱਪਾਂ ਮਾਰਨ ਵਾਲਾ ਹੋ ਗਿਆ ਹੈ। ਉਹ ਆਪਣੇ ਜੀਵਨ ਦੇ ਸਦਾਚਾਰ ਤੋਂ ਡਿਗ ਪਿਆ ਹੈ। ਝੂਠੀ ਵਡਿਆਈ, ਝੂਠੀ ਸ਼ਕਤੀ ਤਥਾ ਕੌਮ ਦੇ ਅੰਦਰ ਝੂਠੀ ਇੱਜ਼ਤ ਪ੍ਰਾਪਤ ਕਰਨ ਲਈ ਉਹ ਹਰ ਇਕ ਕੰਮ ਕਰਨ ਲਈ ਤਿਆਰ ਹੋ ਜਾਂਦਾ ਹੈ। ਇਸਤ੍ਰੀਆਂ ਨਾਲ ਵਫ਼ਾਦਾਰੀ ਤੇ ਸਚਿਆਈ ਦਾ ਵਿਵਹਾਰ ਕਰਨਾ ਉਹ ਭੁਲ ਗਿਆ ਹੈ। ਇਸਤ੍ਰੀ ਉਸ ਦੇ ਮਨ-ਪਰਚਾਵੇ ਦੀ, ਵਾਸ਼ਨਾ ਤ੍ਰਿਪਤੀ ਦੀ ਇਕ ਚੀਜ਼ ਹੋ ਗਈ ਹੈ।

ਇਸ ਦਾ ਇਹ ਮਤਲਬ ਨਹੀਂ ਕਿ ਇਸਤ੍ਰੀ ਤਿਆਗ ਤੇ ਵਫ਼ਾਦਾਰੀ ਦੇ ਉੱਚੇ ਆਦਰਸ਼ ਤੋਂ ਡਿਗ ਪਵੇ ਤੇ ਪੁਰਸ਼ਾਂ ਵਾਂਗ ਆਪਣੇ ਆਪ ਨੂੰ ਪਾਪ ਵਿਚ ਸੁਟ ਦੇਵੇ। ਵਿਚਾਰ ਤਾਂ ਇਹ ਆਖਦੀ ਹੈ ਕਿ ਲੋਕਾਂ ਨੂੰ ਉਠਦੇ ਵੇਖ ਕੇ ਅਸੀਂ ਵੀ ਉੱਚੇ ਉਠੀਏ ਕਿਸੇ ਨੂੰ ਡਿੱਗਾ ਵੇਖ ਕੇ ਅਸੀਂ ਉਸ ਰਾਹ ਤੋਂ ਬਚੀਏ ਜਿਸ ਪੁਰ ਚਲ ਕੇ ਉਹ ਡਿਗਿਆ ਹੈ, ਤਾਕਿ ਅਸੀਂ ਭੀ ਉਸ ਦੇ ਵਾਂਙੂ ਹੇਠ ਡਿਗੀਏ। ਇਸਤ੍ਰੀ ਮਨੁੱਖ ਦੀ ਮਾਂ ਹੈ। ਉਸ ਦੇ ਪੇਟ ਤੋਂ ਪੈਦਾ ਹੋ ਕੇ ਤੇ ਉਸ ਦਾ ਦੁਧ ਪੀਕੇ ਉਹ ਵਡਾ ਹੁੰਦਾ ਹੈ। ਇਸ ਲਈ ਹਰ ਤਰ੍ਹਾਂ ਨਾਲ ਇਸਤ੍ਰੀ ਦਾ ਦਰਜਾ ਪੁਰਸ਼ ਨਾਲੋਂ ਉੱਚਾ ਹੈ। ਉਹ ਬਹੁਤ ਉਚੀ ਚੀਜ਼ ਹੈ, ਇਸ ਲਈ ਉਸ ਨੂੰ ਆਪਣੇ ਜੀਵਨ ਵਿਚ ਸਦਾ ਬਹੁਤਾ ਤਿਆਗ ਕਰਨਾ ਚਾਹੀਦਾ ਹੈ। ਵਿਹਾਰਕ ਨਜ਼ਰ ਨਾਲ ਵੀ ਜੇਕਰ ਵੇਖੀਏ, ਤਾਂ ਇਕ ਪੁਰਸ਼ ਦੇ

ਪਤਿਤ ਹੋਣ ਨਾਲ ਕੌਮ ਨੂੰ ਉਨੀ ਹਾਨੀ ਨਹੀਂ ਹੁੰਦੀ ਜਿੰਨੀ ਕਿ ਇਕ ਇਸਤ੍ਰੀ ਦੇ ਪਤਿਤ ਹੋਣ ਤੋਂ ਹੁੰਦੀ ਹੈ।

ਜਿਹੜੀਆਂ ਭੈਣਾਂ ਇਹ ਸਮਝਦੀਆਂ ਹਨ ਕਿ ਹਿੰਦੁਸਤਾਨੀ ਇਸਤ੍ਰੀਆਂ ਨਾਲੋਂ ਯੂਰਪ ਦੀਆਂ ਇਸਤ੍ਰੀਆਂ ਬਹੁਤ ਸੁਖੀ ਤੇ ਅਜ਼ਾਦ ਹਨ, ਉਹ ਭੁਲਦੀਆਂ ਹਨ। ਯੂਰਪ ਵਿਚ ਘਰੋਗਾ ਜੀਵਨ ਤਾਂ ਨਾਂ ਮਾਤ੍ਰ ਹੈ। ਮਰਦ ਤੀਵੀਂ ਹੋਟਲ ਵਿਚ ਕਮਰਾ ਕਿਰਾਏ ਤੇ ਲੈ ਲੈਂਦੇ ਹਨ ਅਤੇ ਬਣਿਆ ਬਣਾਇਆ ਖਾਣਾ ਖਾ ਲੈਂਦੇ ਹਨ। ਮਰਦ ਆਪਣੀਆਂ ਸਭਾਵਾਂ (ਕਲੱਬਾਂ) ਵਿਚ ਚਲੇ ਜਾਂਦੇ ਹਨ, ਤੇ ਇਸਤ੍ਰੀਆਂ ਆਪਣੀਆਂ ਕਲੱਬਾਂ ਵਿਚ। ਕਈ ਕਲੱਬ ਐਸੇ ਵੀ ਹਨ ਜਿਨ੍ਹਾਂ ਵਿਚ ਇਸਤ੍ਰੀ ਮਰਦ ਦੋਵੇਂ ਜਾਂਦੇ ਹਨ। ਪਤੀ ਜੇਕਰ ਇਕ ਕਲੱਬ ਵਿਚ ਜਾਂਦਾ ਹੈ ਤਾਂ ਪਤਨੀ ਦੂਜੇ ਵਿਚ।

ਸਰੀਰਕ ਪਵਿਤ੍ਰਤਾ ਦੇ ਆਦਰਸ਼ ਨੂੰ ਛਡ ਕੇ ਵੇਖੀਏ ਤਾਂ ਅਜੇਹੀ ਜ਼ਿੰਦਗੀ ਪਤੀ ਪਤਨੀ ਦੇ ਆਪਸ ਦੇ ਪ੍ਰੇਮ ਤੇ ਸੰਤਾਨ ਦੇ ਯੋਗ ਖਿੜਾਉ ਵਿਚ ਦੂਰ ਤਕ ਸਹਾਇਕ ਨਹੀਂ ਹੁੰਦੀ। ਸਾਡੇ ਦੇਸ ਵਿਚ ਇਸਤ੍ਰੀ ਮਾਤਾ ਹੈ, ਇਸਤ੍ਰੀ ਹੀ ਮਿਤ੍ਰ ਹੈ, ਇਸਤ੍ਰੀ ਹੀ ਸੇਵਕ ਹੈ, ਇਸਤ੍ਰੀ ਘਰ ਦੀ ਮਾਲਕ ਹੈ, ਪਰ ਯੂਰਪ ਵਿਚ ਪਤਨੀ ਇਕ ਪ੍ਰੇਮਕਾ ਹੈ। ਫੇਰ ਇਹ ਦਸ਼ਾ ਉਚੇ ਸਭ੍ਯ, ਧਨੀ ਤੇ ਪੜ੍ਹੇ ਗੁੜ੍ਹੇ ਘਰਾਣਿਆਂ ਦੀ ਹੈ। ਪਿੰਡਾਂ ਦੇ ਸਿੱਧੇ ਸਾਦੇ ਕਿਸਾਨ ਹੁਣ ਵੀ ਯੂਰਪ ਵਿਚ ਵਡੇ ਪ੍ਰੇਮ ਨਾਲ ਘਰੋਗੀ ਜੀਵਨ ਬਿਤਾਉਂਦੇ ਹਨ।

ਪ੍ਰੇਮਕਾ ਦੇ ਰੂਪ ਵਿਚ ਪਤਨੀ ਨੂੰ ਵੇਖਣ ਦਾ ਮਤਲਬ ਇਹ ਹੁੰਦਾ ਹੈ ਕਿ ਪੁਰਸ਼ ਤੇ ਇਸਤ੍ਰੀ ਦੋਹਾਂ ਨੂੰ ਮਾਤਾ ਮਿਤ੍ਰ ਤੇ ਘਰ ਵਾਲੀ ਦੇ ਰੂਪ ਵਿਚ ਹੋਰਨਾਂ ਇਸਤ੍ਰੀ ਪੁਰਸ਼ਾਂ ਦੀ ਲੋੜ ਬਣੀ ਰਹਿੰਦੀ ਹੈ। ਫੇਰ ਯੂਰਪ ਦਿਆਂ ਮਰਦਾਂ ਨੂੰ ਉਹ ਪ੍ਰੇਮਕਾ ਭੀ ਸਦਾ ਲਈ ਨਾਲ ਨਿਭਣ ਵਾਲੀ ਨਹੀਂ ਮਿਲਦੀ। ਜਦ ਸਰੀਰਕ ਖਿੱਚ ਨਸ਼ਟ ਹੋਈ—ਜਵਾਨੀ ਨਿਕਲ ਗਈ—ਤਾਂ ਪਤੀ ਵਲੋਂ ਪਤਨੀ ਤੇ ਪਤਨੀ ਵਲੋਂ

ਪਤੀ ਦੋਵੇਂ ਉਦਾਸ ਹੋ ਜਾਂਦੇ ਹਨ। ਇਕ ਦੂਜੇ ਨੂੰ ਤਲਾਕ ਦੇ ਕੇ ਉਹ ਸਦਾ ਲਈ ਵੱਖ ਹੋ ਜਾਂਦੇ ਹਨ। ਬੇਸ਼ਕ ਉਥੇ ਇਸਤ੍ਰੀਆਂ ਨੂੰ ਸਭ ਤਰ੍ਹਾਂ ਦੇ ਹੱਕ ਮਿਲੇ ਹੋਏ ਹਨ, ਉਹ ਸਜਣਾਂ ਮਿਤ੍ਰਾਂ ਨਾਲ ਪਤੀ ਨਾਲੋਂ ਵੱਖ ਜਾ ਕੇ ਸੈਰ ਕਰਦੀਆਂ ਹਨ, ਉਹ ਆਪਣੇ ਘਰ ਵਿਚ ਜਿਸ ਨੂੰ ਚਾਹੁਣ ਸਦ ਸਕਦੀਆਂ ਹਨ, ਉਹ ਆਪਣੇ ਪਤੀ ਨੂੰ ਦੱਸੇ ਬਿਨਾ ਭੀ ਪੁਰਸ਼ ਜਾਂ ਇਸਤ੍ਰੀ ਮਿਤ੍ਰਾਂ ਨਾਲ ਚਿਠੀ ਪੱਤ੍ਰ ਕਰ ਸਕਦੀਆਂ ਹਨ, ਉਹ ਤਲਾਕ ਲੈ ਕੇ ਹੋਰ ਵਿਆਹ ਵੀ ਕਰ ਸਕਦੀਆਂ ਹਨ।

ਇਨ੍ਹਾਂ ਗੱਲਾਂ ਦਾ ਨਤੀਜਾ ਇਹ ਹੋਇਆ ਹੈ ਕਿ ਮਰਦ ਤੇ ਇਸਤ੍ਰੀਆਂ ਦੋਵੇਂ ਦੁਖੀ, ਅਤ੍ਰਿਪਤ, ਵਿਆਕੁਲ ਤੇ ਤੜਫਦੇ ਹੋਏ ਦਿਲਾਂ ਨੂੰ ਲੈ ਕੇ ਏਧਰ ਓਧਰ ਭਟਕ ਰਹੇ ਹਨ। ਉਨ੍ਹਾਂ ਨੂੰ ਸ਼ਾਂਤੀ ਨਹੀਂ ਮਿਲਦੀ। ਉਥੇ ਮਰਦ ਇਸਤ੍ਰੀਆਂ ਦਾ ਵਿਰੋਧ ਇਤਨਾ ਵਧ ਗਿਆ ਹੈ ਕਿ ਇਸਤ੍ਰੀਆਂ ਮਰਦਾਂ ਨੂੰ ਦੋਸ਼ ਦੇਂਦੀਆਂ ਹਨ, ਮਰਦ ਇਸਤ੍ਰੀਆਂ ਦੀ ਹਾਸੀ ਉਡਾਉਂਦੇ ਹਨ। ਇਸਤ੍ਰੀਆਂ ਮਰਦਾਂ ਦੇ ਵਿਰੋਧ ਲਈ ਸਭਾਵਾਂ ਬਣਾ ਰਹੀਆਂ ਹਨ ਅਤੇ ਮਰਦ ਇਸਤ੍ਰੀਆਂ ਨੂੰ ਬਾਈਕਾਟ ਕਰ ਰਹੇ ਹਨ। ਇਸ ਤਰ੍ਹਾਂ ਸਾਰੇ ਹੱਕ ਲੈ ਕੇ ਵੀ ਦੋਵੇਂ ਪ੍ਰਸੰਨ ਨਹੀਂ, ਅਰ ਆਪਣੀ ਆਪਣੀ ਕਿਸਮਤ ਨੂੰ ਰੋ ਰਹੇ ਹਨ। ਸਾਤਿਆਂ ਦੇ ਸਾਤੇ ਬੀਤ ਜਾਂਦੇ ਹਨ, ਪਤਨੀ ਜਾਂ ਪਤੀ ਦਾ ਕੋਈ ਪਤਾ ਨਹੀਂ ਲਗਦਾ ਕਿ ਕਿਧਰ ਗਏ! ਹੱਕਾਂ ਦਾ ਸਵਾਲ ਇੱਨਾ ਵਧ ਗਿਆ ਹੈ ਕਿ ਦੋਹਾਂ ਦੇ ਦਿਲਾਂ ਦੇ ਪ੍ਰੇਮ ਦੀ ਥਾਂ ਭੀ ਉਸ ਨੇ ਹੀ ਲੈ ਲਈ ਹੈ। ਸੋ ਜਿਥੇ ਪਤੀ ਪਤਨੀ ਵਿਚ ਪ੍ਰੇਮ ਨਹੀਂ, ਜਿਥੇ ਆਪਣੇ ਸੁਖ ਨਾਲੋਂ ਦੂਜੇ ਨੂੰ ਸੁਖੀ ਕਰਨ ਦਾ ਭਾਵ ਨਹੀਂ ਉਥੇ ਸੁਖ ਕਿਸ ਤਰ੍ਹਾਂ ਮਿਲ ਸਕਦਾ ਹੈ ? ਪਤੀ ਜੇਕਰ ਬੀਮਾਰ ਪੈਂਦਾ ਹੈ ਤਾਂ ਪਤਨੀ ਡਾਕਟਰ ਤੇ ਨਰਸਾਂ ਨੂੰ ਬੁਲਾ ਦੇਂਦੀ ਹੈ ਅਤੇ ਰੋਜ਼ ਦੋ ਚਾਰ ਵਾਰੀ ਉਸ ਦਾ ਹਾਲ ਚਾਲ ਪੁਛਕੇ ਆਪਣੇ

ਫ਼ਰਜ਼ ਨੂੰ ਪੂਰਾ ਹੋ ਗਿਆ ਸਮਝਦੀ ਹੈ। ਪਰ ਏਧਰ ਹਿੰਦੁਸਤਾਨੀ ਇਸਤ੍ਰੀਆਂ (ਜੋ ਪੱਛਮ ਦੇ ਪ੍ਰਵਾਹ ਵਿਚ ਨਹੀਂ ਰੁੜ੍ਹੀਆਂ) ਆਪਣੇ ਬੀਮਾਰ ਪਤੀ ਨੂੰ ਇਕ ਪਲ ਭੀ ਅੱਖਾਂ ਤੋਂ ਉਹਲੇ ਨਹੀਂ ਕਰਦੀਆਂ। ਹਜ਼ਾਰ ਨੌਕਰ ਹੋਣ ਤੇ ਭੀ ਸਾਰਾ ਕੰਮ ਆਪਣੇ ਹਥੀਂ ਕਰਦੀਆਂ ਹਨ। ਪਤੀ ਦੀ ਵਧੀ ਹੋਈ ਬੀਮਾਰੀ ਨੂੰ ਵੇਖਕੇ ਉਹ ਇਹੋ ਚਾਹੁੰ-ਦੀਆਂ ਹਨ ਕਿ ਇਹ ਬੀਮਾਰੀ ਮੈਨੂੰ ਚੰਬੜ ਜਾਵੇ ਤੇ ਮੇਰਾ ਪਤੀ ਰਾਜ਼ੀ ਹੋ ਜਾਵੇ। ਸੋ ਇਨ੍ਹਾਂ ਦੋਹਾਂ ਤਰ੍ਹਾਂ ਦੇ ਖਿਆਲਾਂ ਵਿਚ ਕਿੰਨਾ ਫ਼ਰਕ ਹੈ! ਅਜੇਹਾ ਘਰੋਗੀ ਜੀਵਨ ਕਿਉਂ ਨਾ ਸੁਖ ਨੂੰ ਵਧਾਵੇ।

ਹੱਕ ਇਕ ਜੜ੍ਹ ਚੀਜ਼ ਹੈ, ਹੱਕ ਰਾਹੀਂ ਧਨ ਮਿਲ ਸਕਦਾ ਹੈ, ਹੱਕ ਰਾਹੀਂ ਜੱਸ ਮਿਲ ਸਕਦਾ ਹੈ, ਹੱਕ ਰਾਹੀਂ ਚੰਗਾ ਮਕਾਨ ਤੇ ਹੋਰ ਚੰਗੀਆਂ ਚੀਜ਼ਾਂ ਮਿਲ ਸਕਦੀਆਂ ਹਨ ਪਰ ਹਕ ਆਖ ਕੇ ਦਿਲ ਨੂੰ ਵੱਸ ਨਹੀਂ ਕਰ ਸਕੀਦਾ। ਮਨੁੱਖ ਦਾ ਦਿਲ ਜੜ੍ਹ ਚੀਜ਼ਾਂ ਨਾਲ ਤ੍ਰਿਪਤ ਨਹੀਂ ਸਕਦਾ। ਸੁਖ ਦੇ ਦਿਲ ਵਿਚ ਪ੍ਰੇਮ ਤੇ ਸ਼ਾਂਤੀ ਚਾਹੀਦੀ ਹੈ। ਪ੍ਰੇਮ ਤੇ ਸ਼ਾਂਤੀ ਹੋਣ ਪੁਰ ਜੜ੍ਹ ਚੀਜ਼ਾਂ ਰਾਹੀਂ ਸੁਖ ਵਧ ਸਕਦਾ ਹੈ, ਪਰ ਕੇਵਲ ਇਨ੍ਹਾਂ ਚੀਜ਼ਾਂ ਨੂੰ ਲੈ ਕੇ ਸੁਖ ਨੂੰ ਢੂੰਡਣਾ ਮੂਰਖਤਾ ਹੈ। ਸੁਖ ਦਿਲ ਦੀ ਸ਼ਾਂਤੀ ਤੇ ਸੰਤੋਖੀ ਅਵਸਥਾ ਦਾ ਨਾਮ ਹੈ। ਉਹ ਧਨ, ਜੱਸ ਜਾਂ ਕਾਨੂੰਨ ਨਾਲ ਨਹੀਂ ਪ੍ਰਾਪਤ ਹੁੰਦਾ ਸਗੋਂ ਇਨ੍ਹਾਂ ਨਾਲ ਨਸ਼ਟ ਹੋ ਜਾਂਦਾ ਹੈ। ਸੋ ਜਿਹੜੀਆਂ ਆਪਣਾ ਵਿਆ-ਹਿਤ ਜੀਵਨ ਸੁਖ ਨਾਲ ਬਿਤਾਉਣਾ ਚਾਹੁੰਦੀਆਂ ਹਨ ਉਹ ਉਕਤ ਗੱਲਾਂ ਨੂੰ ਚੰਗੀ ਤਰ੍ਹਾਂ ਨਾਲ ਸਮਝ ਲੈਣ। ਜੇਕਰ ਉਹ ਰੋਟੀ ਪਾਣੀ ਤੇ ਸੰਸਾਰ ਦੀਆਂ ਹੋਰ ਸਹੂਲਤਾਂ ਚਾਹੁੰਦੀਆਂ ਹਨ ਅਤੇ ਇਸੇ ਵਿਚ ਸੁਖ ਸਮਝਦੀਆਂ ਹਨ ਤਦ ਤਾਂ ਉਹ ਇਨ੍ਹਾਂ ਹੱਕਾਂ ਦੇ ਝਗੜੇ ਵਿਚ ਖੁਸ਼ੀ ਨਾਲ ਪੈਣ, ਪਰ ਜੇ ਉਹ ਦਿਲ ਦੀ ਸੁਖ ਸ਼ਾਂਤੀ ਤੇ ਪ੍ਰੇਮ ਚਾਹੁੰਦੀਆਂ ਹਨ ਤਾਂ ਇਸ ਮ੍ਰਿਗ-ਤ੍ਰਿਸ਼ਨਾਂ ਦੇ ਚੱਕਰ ਵਿਚ ਨਾ ਪੈਣ। ਇਨ੍ਹਾਂ ਹੱਕਾਂ ਨਾਲ ਉਨ੍ਹਾਂ ਦੀ ਪਿਆਸ ਨਹੀਂ ਬੁਝੇਗੀ।

ਇਟਲੀ ਦੀ ਇਕ ਪ੍ਰਸਿਧ ਵਿਦਵਾਨ ਇਸਤ੍ਰੀ ਨੇ ਇਸ ਸੰਬੰਧੀ ਉਦਾਸ ਹੋ ਕੇ ਇਸ ਤਰ੍ਹਾਂ ਲਿਖਿਆ ਸੀ—

"......ਪਰ ਇਨ੍ਹਾਂ ਕਾਮਯਾਬੀਆਂ ਨਾਲ ਇਸਤ੍ਰੀਆਂ ਦੇ ਸੁਖ ਵਿਚ ਕੀ ਵਾਧਾ ਹੈ ?" ਜਦ ਮੈਥੋਂ ਇਹ ਸਵਾਲ ਪੁਛਿਆ ਜਾਂਦਾ ਹੈ ਤਾਂ ਮੈਂ ਇਸ ਦਾ ਇਹ ਜਵਾਬ ਦੇਂਦੀ ਹਾਂ ਕਿ ਮੈਨੂੰ ਇਸ ਵਿਚ ਸ਼ੱਕ ਹੈ, ਮੇਰੇ ਖਿਆਲ ਵਿਚ ਤਾਂ ਪ੍ਰੇਮ ਹੀ ਇਸਤ੍ਰੀਆਂ ਦੀ ਨਿਸਚਿੰਤ ਅਰ ਕਦੇ ਨਾ ਬਦਲਣ ਵਾਲੀ ਇੱਛਾ ਹੈ। ਪ੍ਰੇਮ ਉਨ੍ਹਾਂ ਦੀ ਖੁਸ਼ੀ ਦਾ ਚਮਕਦਾ ਸੂਰਜ ਹੈ, ਪਰ ਸਰੀਰਕ ਖਿੱਚ ਦੇ ਰੂਪ ਵਿਚ ਵਾਹਯਾਤ ਤੇ ਵਾਸ਼ਨਾ ਪੂਰਣ ਪ੍ਰੇਮ ਨਹੀਂ, ਸਗੋਂ ਉਹ ਪ੍ਰੇਮ ਜਿਸ ਵਿਚ ਮਾਤਾ ਤੇ ਬਾਲ ਦੀ ਤਰ੍ਹਾਂ ਇਕ ਦੂਜੇ ਦਾ ਖਿਆਲ ਤੇ ਸ਼ਰਧਾ ਰਹੇ ਠੀਕ ਹੁੰਦਾ ਹੈ। ਸੋ ਇਸਤ੍ਰੀਆਂ ਐਸੇ ਪ੍ਰੇਮ ਨੂੰ ਜੇਕਰ ਆਦਰਸ਼ ਬਨਾਣ ਤਾਂ ਹੱਕਾਂ ਦੀ ਆਜ਼ਾਦੀ ਨਾਲੋਂ ਵਧੇਰੇ ਸੁਖ ਮਿਲੇਗਾ ।

ਪ੍ਰੇਮ ਤੋਂ ਹੀਣੀ ਇਸਤ੍ਰੀ, ਇਸਤ੍ਰੀ ਨਹੀਂ । ਇਸਤ੍ਰੀ ਦਿਲ ਦੀ ਦੇਵੀ ਹੈ, ਤੇ ਪੁਰਸ਼ ਦਿਮਾਗ਼ ਤੇ ਸਰੀਰ ਦਾ ਰਾਜਾ ਹੈ। ਇਸ ਕਰ ਕੇ ਪ੍ਰੇਮ-ਹੀਨ ਪੁਰਸ਼ ਓਨਾ ਭੈੜਾ ਨਹੀਂ ਲਗਦਾ, ਪਰ ਪ੍ਰੇਮ ਹੀਨ ਇਸਤ੍ਰੀ ਤਾਂ ਪ੍ਰਵਾਰ ਤਥਾ ਆਪਣੇ ਜੀਵਨ ਲਈ ਹੀ ਭਾਰੂ ਹੈ। ਇਸਤ੍ਰੀ ਜੇਕਰ ਸਚ ਮੁਚ ਹੀ ਇਸਤ੍ਰੀ ਹੈ ਤਾਂ ਪ੍ਰੇਮ ਹੀ ਉਸਦਾ ਸਰਬੰਧ ਹੈ। ਉਹ ਪ੍ਰੇਮ ਨਾਲ ਹੀ ਜਿੱਤ ਪ੍ਰਾਪਤ ਕਰ ਸਕਦੀ ਤੇ ਪ੍ਰੇਮ ਹੀ ਚਾਹੁੰਦੀ ਹੈ। ਪ੍ਰੇਮ ਦੇ ਸਾਹਮਣੇ ਹੱਕਾਂ ਦਾ ਝਗੜਾ ਉਠ ਹੀ ਨਹੀਂ ਸਕਦਾ। ਇਹ ਤਾਂ ਉਥੇ ਉਠਦਾ ਹੈ ਜਿਥੇ ਪ੍ਰੇਮ ਦਾ ਅਭਾਵ ਹੈ। ਜਿਥੇ ਪਰੇਮ ਹੈ ਉਥੇ ਸਵਾਰਥ ਦੀ, ਆਪਣੇ ਸੁਖ ਦੀ ਭਾਵਨਾ ਨਹੀਂ ਉਠ ਸਕਦੀ । ਉਥੇ ਲੈਣ ਨਾਲੋਂ ਵਧ ਤੋਂ ਵੱਧ ਦੇਣ ਦਾ—ਆਤਮ ਸਮਰਪਨ ਦਾ ਭਾਵ ਹੁੰਦਾ ਹੈ, ਇਸ ਲਈ ਕਦੇ ਅਸੰਤੋਖ ਦਾ ਸਵਾਲ ਉੱਠ ਹੀ ਨਹੀਂ ਸਕਦਾ।

ਜੇਕਰ ਉਸੇ ਨਜ਼ਰ ਨਾਲ ਵੇਖੀਏ ਤਾਂ ਕਾਨੂੰਨ ਨਾਲ ਮਿਲੇ ਹੱਕਾਂ ਦੀ ਰਾਹੀਂ ਘਰੋਗੀ ਸੁਖ ਨਹੀਂ ਵਧ ਸਕਦਾ, ਪਰੇਮ ਦਾ ਹੱਕ ਹੀ ਸੱਚਾ ਹੱਕ ਹੈ। ਜਿਥੇ ਦੇਣ ਵਿਚ ਦੇਣ ਵਾਲੇ ਦੀ ਮਰਜ਼ੀ ਨਹੀਂ, ਜਿਥੇ ਦੇਣ ਵਾਲੇ ਨੂੰ ਪ੍ਰਸੰਨਤਾ ਨਹੀਂ ਹੁੰਦੀ, ਸਗੋਂ ਦੁਖ ਹੁੰਦਾ ਹੈ, ਉਥੇ ਨਾ ਤਾਂ ਦੇਣ ਦਾ ਕੁਝ ਅਰਥ ਹੈ ਅਤੇ ਨਾ ਲੈਣ ਵਿਚ ਹੀ ਕੁਝ ਖ਼ੁਸ਼ੀ ਹੈ, ਸਗੋਂ ਐਸੀ ਜਗ੍ਹਾ ਤੋਂ ਮਿਲੀ ਹੋਈ ਚੀਜ਼ ਲੈਣ ਵਿਚ, ਲੈਣ ਵਾਲੇ ਲਈ ਸ਼ਰਮ, ਦੁਖ, ਨਿਰਾਸਤਾ ਤੇ ਨਿਰਾਦਰ ਹੈ।

ਇਸ ਲਈ ਤਿਆਗ, ਸੇਵਾ ਤੇ ਪਰੇਮ ਵਾਲਾ ਜੀਵਨ ਹੱਕਾਂ ਵਾਲੇ ਜੀਵਨ ਤੋਂ ਚੰਗਾ ਹੈ। ਇਕ ਜਾ ਬਹੁਤੇ ਡਿੱਗੇ ਹੋਏ ਮਰਦਾਂ ਦੇ ਦ੍ਰਿਸ਼ਟਾਂਤ ਲੈ ਕੇ ਆਪ ਭੀ ਇਹੋ ਜਿਹੇ ਹੱਕਾਂ ਲਈ ਲੜਨਾ ਕੋਈ ਚੰਗਾ ਆਦਰਸ਼ ਨਹੀਂ। ਇਸਤ੍ਰੀਆਂ ਦਾ ਆਦਰਸ਼ ਇਸਤ੍ਰੀਆਂ ਹਨ, ਪੁਰਸ਼ ਨਹੀਂ। ਇਸਤ੍ਰੀਆਂ ਨੂੰ ਆਪਣਾ ਆਦਰਸ਼, ਸੀਤਾ, ਸਾਵਿਤ੍ਰੀ, ਦਮਯੰਤੀ, ਬੀਬੀ ਨਾਨਕੀ ਤੇ ਬੀਬੀ ਭਾਨੀ ਆਦਿ ਦੇ ਜੀਵਨ ਤੋਂ ਚੁਨਣਾ ਚਾਹੀਦਾ ਹੈ।

ਦੂਜੇ ਦੇ ਦਿਲ ਉਤੇ ਹੱਕ ਜਮਾਉਣ ਲਈ ਸੇਵਾ ਤੇ ਪਰੇਮ ਨਾਲੋਂ ਵਧ ਤਾਕਤ ਵਾਲਾ ਹੋਰ ਕੋਈ ਉਪਾਉ ਨਹੀਂ। ਇਨ੍ਹਾਂ ਨਾਲ ਸਹਿਜੇ ਹੀ ਪ੍ਰਾਪਤ ਹੋ ਜਾਂਦੇ ਹਨ। ਜੇਕਰ ਪਰੇਮ ਕਰਨ ਤੋਂ ਬਦਲੇ ਵਿਚ ਪਰੇਮ ਨਾ ਭੀ ਮਿਲੇ ਤਾਂ ਭੀ ਤੁਸੀਂ ਨਫ਼ੇ ਵਿਚ ਰਹੋਗੀਆਂ। ਕਿਉਂਕਿ ਪਰੇਮ ਕਰਨ ਨਾਲ ਤੁਹਾਡਾ ਦਿਲ ਨਿਰਮਲ ਤੇ ਸ਼ਾਂਤ ਹੋਵੇਗਾ। ਤੁਹਾਡੇ ਅੰਦਰ ਇਕ ਅਨੋਖੀ ਸ਼ਕਤੀ ਆਵੇਗੀ ਤੇ ਦੂਜਿਆਂ ਦੇ ਦਿਲ ਜਿਤ ਲਓਗੀਆਂ। ਦੂਜਿਆਂ ਨੂੰ ਸੁਖੀ ਵੇਖਕੇ ਸੜਨ ਵਾਲੀਆਂ ਇਸਤ੍ਰੀਆਂ ਵਾਂਗ ਤੁਸੀਂ ਅਸ਼ਾਂਤ ਅਤੇ ਕੁੜ੍ਹਦੀਆਂ ਨਹੀਂ ਰਹੋਗੀਆਂ। ਤੁਸੀਂ ਜਿਥੇ ਜਾਓਗੀਆਂ, ਆਪਣੇ ਮਨ ਦੀ ਪਵਿਤ੍ਰਤਾ ਅਤੇ ਸੇਵਾ ਭਾਵ ਨਾਲ ਦੂਜਿਆਂ ਦੇ ਭਾਰ ਨੂੰ ਹੌਲਾ

ਕਰੋਗੀਆਂ। ਤੁਹਾਡੇ ਪਰੇਮ ਤੇ ਪ੍ਰਤਾਪ ਅਗੇ ਸਭ ਦੁਖ ਤੇ ਘ੍ਰਿਣਾ ਪੰਘਰ ਜਾਵੇਗੀ।

ਕਈ ਇਸਤ੍ਰੀਆਂ ਪਰੇਮ ਨੂੰ ਦਿਲ ਦੇ ਬਾਜ਼ਾਰ ਵਿਚ ਵਿਕਣ ਵਾਲੀ ਚੀਜ਼ ਸਮਝਦੀਆਂ ਹਨ ਪੁਰਸ਼ ਦੀ ਗੱਲ ਨਹੀਂ, ਉਹ ਤਾਂ ਪ੍ਰੇਮ ਦੀ ਰਮਜ਼ ਨੂੰ ਚੰਗੀ ਤਰ੍ਹਾਂ ਸਮਝਦਾ ਹੀ ਨਹੀਂ, ਉਹ ਤਾਂ ਉਸ ਦੀ ਅਸਲ ਕੀਮਤ ਭੀ ਬਹੁਟ ਘੱਟ ਦੇਂਦਾ ਹੈ, ਪਰ ਉਪ੍ਰੋਕਤ ਖ਼ਿਆਲ ਦੀਆਂ ਇਸਤ੍ਰੀਆਂ ਸਾਰੀ ਉਮਰ ਦੁਖੀ ਤੇ ਨਿਰਾਸ ਰਹਿੰਦੀਆਂ ਹਨ, ਕਿਉਂਕਿ ਉਹ ਸਹਿਜੇ ਹੀ ਜਿਸ ਪ੍ਰੇਮ ਨੂੰ ਪ੍ਰਾਪਤ ਕਰਨਾ ਚਾਹੁੰਦੀਆਂ ਹਨ, ਉਹ ਉਨ੍ਹਾਂ ਨੂੰ ਨਹੀਂ ਮਿਲਦਾ। ਇਸ ਵਿਚ ਦੋਸ਼ ਉਨ੍ਹਾਂ ਦਾ ਹੀ ਹੈ। ਅਜੇਹੀਆਂ ਭੈਣਾਂ ਜੇਕਰ ਇਹ ਸਮਝ ਲੈਣ ਤਾਂ ਉਹ ਆਪਣੇ ਆਪ ਉਤੇ ਵੱਡਾ ਉਪਕਾਰ ਕਰਨਗੀਆਂ ਕਿ ਪ੍ਰੇਮ ਤਦੇ ਪੂਰਾ ਹੁੰਦਾ ਹੈ, ਜਦ ਉਸ ਵਿਚ ਸਭ ਕੁਝ ਚੜ੍ਹਾ ਦੇਣ ਦਾ ਭਾਵ ਹੋਵੇ। ਪ੍ਰੇਮ ਦਾ ਮੁਲ ਭਗਤੀ, ਤਿਆਗ ਤੇ ਪ੍ਰੇਮ ਹੈ। ਜਿਥੇ ਅਜਿਹਾ ਪ੍ਰੇਮ ਹੁੰਦਾ ਹੈ, ਉਥੇ ਕਦੇ ਅਸੰਤੋਖ ਅਤੇ ਅਤ੍ਰਿਪਤੀ ਪ੍ਰਤੀਤ ਨਹੀਂ ਹੁੰਦੀ। ਉਥੇ ਜ਼ਰੂਰ ਹੀ ਪ੍ਰੇਮ ਪਾਤ੍ਰ ਉਤੇ ਉਸ ਦਾ ਅਸਰ ਪਵੇਗਾ। ਜੇਕਰ ਤੁਹਾਡੇ ਅੰਦਰ ਸੱਚੀ ਪ੍ਰੀਤੀ ਹੋਵੇਗੀ ਤਾਂ ਤੁਹਾਡੇ ਅੰਦਰ ਸਦਾ ਹੀ ਤਿਆਗ ਦੀ ਲਹਿਰ ਆਵੇਗੀ। ਤੁਸੀਂ ਆਪਣਾ ਤਨ, ਮਨ, ਧਨ, ਸਭ ਕੁਝ ਪਤੀ ਅਰਪਣ ਕਰ ਦਿਓਗੀਆਂ। ਅਜੇਹੇ ਪ੍ਰੇਮ ਦਾ ਫਲ ਕਦੇ ਬੁਰਾ ਨਹੀਂ ਹੋ ਸਕਦਾ। ਉਸ ਵਿਚ ਤੁਹਾਡੇ ਜੀਵਨ ਨੂੰ ਸੱਚੀ ਸ਼ਾਂਤੀ ਅਤੇ ਦਿਲ ਦਾ ਸੱਚਾ ਸੁਖ ਪ੍ਰਾਪਤ ਹੋਵੇਗਾ।

ਸੋ ਜਿਸ ਇਸਤ੍ਰੀ ਦੇ ਦਿਲ ਵਿਚ ਸੱਚਾ ਪ੍ਰੇਮ ਹੁੰਦਾ ਹੈ ਉਹ ਸਹੁਰੇ ਘਰ ਦੇ ਘਰ ਬਾਰ, ਨੌਕਰ ਚਾਕਰ ਤੇ ਰੁਪਏ ਪੈਸੇ ਨੂੰ ਨਹੀਂ ਵੇਖਦੀ। ਉਹ ਕੇਵਲ ਚੰਗਾ ਪਤੀ ਪਾ ਕੇ ਹੀ ਪ੍ਰਸੰਨ ਹੋ ਜਾਂਦੀ ਹੈ। ਉਹ ਇਸਤ੍ਰੀਆਂ ਵੱਡੀਆਂ ਹੋਛੀਆਂ ਹਨ ਅਤੇ ਸਦਾ ਦੁਖੀ ਰਹਿੰਦੀਆਂ

ਹਨ, ਜੋ ਆਪਣੇ ਝੂਠੇ ਨਖਰੇ ਲਈ ਕਦੇ ਗਹਿਣੇ, ਕਦੇ ਕਪੜੇ ਤੇ ਹੋਰ ਚੀਜ਼ਾਂ ਲਈ ਝਗੜੇ ਕਰਦੀਆਂ ਤੇ ਆਪਣੇ ਦਿਲ ਤਥਾ ਪਤੀ ਵਿਚ ਇਕ ਕੰਧ ਖੜੀ ਕਰ ਲੈਂਦੀਆਂ ਹਨ। ਪਤੀ ਪਤਨੀ ਨੂੰ ਚਾਹੀਦਾ ਹੈ ਕਿ ਇਕ ਦੂਜੇ ਦੀ ਬੁਰਾਈ ਭਲਾਈ ਤੇ ਘਾਟੇ ਵਾਧੇ ਨੂੰ ਆਪਣੀ ਹੀ ਬੁਰਾਈ ਤੇ ਘਾਟਾ ਵਾਧਾ ਸਮਝ ਕੇ ਇਕ ਦੂਜੇ ਦੀ ਸਹਾਇਤਾ ਕਰਨ, ਧੀਰਜ ਦਿਲਾਸਾ ਦੇਣ। ਛੋਟੀਆਂ ਛੋਟੀਆਂ ਗੱਲਾਂ ਪਿੱਛੇ ਝਗੜਾ ਕਰਨ ਵਿਚ ਇਕ ਦੂਜੇ ਤੋਂ ਦੂਰ ਜਾ ਪੈਂਦੇ ਤੇ ਅੰਤ ਨੂੰ ਪਛਤਾਉਂਦੇ ਹਨ। ਇਸ ਲਈ ਤੁਸੀਂ ਆਪਣੇ ਦਿਲ ਦਰਿਆ ਨੂੰ ਸਦਾ ਪ੍ਰੇਮ ਜਲ ਨਾਲ ਭਰਿਆ ਰਖੋ। ਪ੍ਰੇਮ ਦੀ ਇਸ ਧਾਰਾ ਵਿਚ ਘਰ ਤੇ ਆਸ ਪਾਸ ਦੀ ਸਾਰੀ ਮੈਲ ਰੁੜ੍ਹ ਜਾਵੇਗੀ ਤੇ ਤੁਸੀਂ ਸਦਾ ਪਵਿਤ੍ਰ ਤੇ ਸੁਖੀ ਰਹੋਗੀਆਂ।

ਬਿਨਾਂ ਕਿਸੇ ਇਛਾ ਦੇ, ਬਿਨਾਂ ਕਿਸੇ ਸਵਾਰਥ ਦੇ ਪ੍ਰੇਮ ਕਰਨ ਵਿਚ ਜੋ ਸੁਖ ਹੈ, ਉਸਦੀ ਥਾਂ ਸੰਸਾਰ ਦੀ ਵੱਡੀ ਤੋਂ ਵੱਡੀ ਹਕੂਮਤ ਭੀ ਨਹੀਂ ਲੈ ਸਕਦੀ। ਪ੍ਰੇਮ ਸੰਸਾਰ ਵਿਚ ਸਭ ਤੋਂ ਵੱਡਾ ਸੁਖ ਹੈ। ਉਹ ਇਸਤ੍ਰੀਆਂ ਭੁਲਦੀਆਂ ਹਨ, ਅਜਿਹੇ ਅੰਮ੍ਰਿਤ ਵਰਗੇ ਸੁਖਾਂ ਰੂਪੀ ਹੀਰੇ ਨੂੰ ਹੱਕਾਂ ਰੂਪੀ ਕੱਚ ਨਾਲ ਬਦਲਣ ਵਾਸਤੇ ਤਿਆਰ ਹੋ ਜਾਂਦੀਆਂ ਹਨ। ਤੁਸੀਂ ਯੂਰਪ ਦੀ ਚਮਕ ਦਮਕ ਨੂੰ ਵੇਖ ਕੇ ਨਾ ਭੁਲੋ। ਹਾਂ ਉਥੋਂ ਦੀਆਂ ਇਸਤ੍ਰੀਆਂ ਪਾਸੋਂ ਸਾਹਸ, ਬੀਰਤਾ, ਧੀਰਤਾ, ਗੰਭੀਰਤਾ ਤੇ ਹਰ ਇਕ ਕੰਮ ਲਈ ਹੁਸ਼ਿਆਰੀ, ਚਲਾਕੀ ਆਦਿ ਗੁਣ ਸਿਖੋ। ਪੁਰਸ਼ਾਂ ਜਾਂ ਇਸ-ਤ੍ਰੀਆਂ ਦੀ ਧੜੇਬਾਜ਼ੀ ਵਿਚ ਨਾ ਪਵੋ। ਇਹ ਉਹ ਜ਼ਹਿਰ ਹੈ ਜੋ ਸਾਰੀ ਉਮਰ ਦੀ ਕਮਾਈ ਨੂੰ ਨਸ਼ਟ ਕਰ ਦੇਵੇਗਾ।

# ਪਤੀਬ੍ਰਤ

ਪਤਿਬ੍ਰਤਾ ਦਾ ਅਰਥ ਹੈ ਤਨ. ਮਨ ਕਰ ਕੇ ਪਤੀ ਦਾ ਭਲਾ ਮੰਗਣਾ ਤੇ ਉਸ ਦੇ ਬਿਨਾਂ ਸਰੀਰਕ ਸੁਖਾਂ ਭੋਗਾਂ ਲਈ ਹੋਰ ਕਿਸੇ ਪੁਰਸ਼ ਨੂੰ ਨਾ ਚਾਹੁਣਾ । ਜਿਹੜੀਆਂ ਸ਼ਰਮੋ ਸ਼ਰਮੀ, ਡਰ ਜਾਂ ਹੋਰ ਕਿਸੇ ਕਾਰਨ ਆਪਣੀ ਸਰੀਰਕ ਪਵਿਤ੍ਰਤਾ ਰੱਖਦੀਆਂ ਹਨ, ਉਹ ਸੱਚੇ ਅਰਥਾਂ ਵਿਚ ਪਤੀਬ੍ਰਤਾ ਨਹੀਂ ਹਨ ਕਿਉਂਕਿ ਉਨ੍ਹਾਂ ਦੇ ਮਨ ਵਿਚ ਤਾਂ ਅਪਵਿਤ੍ਰਤਾ ਭਰੀ ਹੋਈ ਹੈ, ਉਪਰੋਂ ਭਾਵੇਂ ਉਹ ਬਚੀਆਂ ਹੀ ਰਹਿੰਦੀਆਂ ਹਨ। ਉਸ ਬਚਣ ਦਾ ਕਾਰਨ ਉਨ੍ਹਾਂ ਦਾ ਸੰਜਮ, ਉਨ੍ਹਾਂ ਦਾ ਸਦਾਚਾਰ ਅਤੇ ਆਤਮ ਬਲ ਨਹੀਂ, ਉਹ ਤਾਂ ਆਪਣੀ ਕੌਮ ਤੇ ਦੇਸ਼ ਦੇ ਬੰਧਨ ਤੇ ਬੇਇਜ਼ਤੀ ਦਾ ਡਰ ਆਦਿ ਹੈ । ਜੇਕਰ ਉਕਤ ਗਲਾਂ ਨਾ ਹੋਣ ਤਾਂ ਫੇਰ ਉਨ੍ਹਾਂ ਦੇ ਡਿਗਣ ਵਿਚ ਕੋਈ ਦੇਰ ਨਾ ਲਗੇ । ਇਸ ਤਰ੍ਹਾਂ ਉਨ੍ਹਾਂ ਦੀ ਕੋਈ ਖਾਸ ਵਡਿਆਈ ਨਹੀਂ । ਸੱਚੀ ਪਤੀਬ੍ਰਤਾ ਉਹ ਹੈ, ਜਿਸ ਦੇ ਮਨ ਵਿਚ ਸਰੀਰਕ ਸੁਖ ਲਈ ਪਤੀ ਦੇ ਬਿਨਾਂ ਹੋਰ ਕਿਸੇ ਦਾ ਖਿਆਲ ਦਿਲ ਵਿਚ ਵੀ ਨਾ ਆਵੇ । ਰੁਕਾਵਟਾਂ ਨਾ ਹੋਣ ਪਰ ਜੋ ਨਾ ਡਿੱਗੇ, ਉਹ ਪਤੀਬ੍ਰਤਾ ਹੈ । ਅਰਥਾਤ ਜਿਸ ਦੇ ਪਾਪ ਨੂੰ ਵੇਖਣ ਵਾਲਾ ਕੋਈ ਨਾ ਹੋਵੇ, ਉਸ ਪਰ ਸ਼ੱਕ ਕਰਨ ਵਾਲਾ ਭੀ ਕੋਈ ਨ ਹੋਵੇ, ਉਸ ਨੂੰ ਬਦਨਾਮ ਹੋਣ ਜਾਂ ਹੋਰ ਕਿਸੇ ਤਰ੍ਹਾਂ ਦਾ ਭੀ ਡਰ ਨਾ ਹੋਵੇ ਤੇ ਫੇਰ ਭੀ ਉਸ ਦਾ ਮਨ ਨਿਰਮਲ ਰਹੇ, ਉਸ ਦੇ ਮਨ ਵਿਚ ਕੋਈ ਬੁਰਾਈ ਨਾ ਆਵੇ, ਹਰ ਸਮੇਂ ਤੇ ਹਰ ਦਸ਼ਾ ਵਿਚ

ਉਸ ਦਾ ਪਤੀ ਵਿਚ ਹੀ ਪ੍ਰੇਮ ਲਗਾ ਰਹੇ, ਤਦ ਸਮਝੋ ਕਿ ਉਹ ਇਸਤ੍ਰੀ ਸੱਚੀ ਪਤੀਬ੍ਰਤਾ ਹੈ।

ਹਿੰਦੀ ਇਸਤ੍ਰੀ ਸੈਂਕੜੇ ਵਰ੍ਹਿਆਂ ਤੋਂ ਉਕਤ ਦਸੇ ਹੋਏ ਉੱਚੇ ਆਦਰਸ਼ ਨੂੰ ਨਿਭਾਉਂਦੀ ਚਲੀ ਆਈ ਹੈ। ਉਸ ਨੇ ਇਸ ਦਾ ਸੱਚਾ ਭਾਵ ਸਮਝਿਆ ਹੈ। ਸੱਤ ਨੂੰ ਕਾਇਮ ਰਖਣ ਲਈ ਉਸ ਨੇ ਆਤਮਘਾਤ ਕੀਤੇ ਅਤੇ ਅੱਗ ਵਿਚ ਸੜ ਮੋਈ। ਉਸ ਨੇ ਆਪਣੀ ਤਪੱਸਿਆ, ਆਪਣੇ ਤਿਆਗ ਅਤੇ ਕਸ਼ਟਾਂ ਦੇ ਸਹਿਣ ਨਾਲ ਸੰਸਾਰ ਦੇ ਸਾਹਮਣੇ ਇਸਤ੍ਰੀ ਦਾ ਅਪੂਰਵ ਤੇਜਸਵੀ ਰੂਪ ਪ੍ਰਗਟ ਕੀਤਾ। ਇਸ ਅਪਵਿਤ੍ਰ ਤੇ ਨੀਚ ਸਰੀਰ ਨੂੰ ਉਸ ਨੇ ਪਤੀ-ਪ੍ਰੇਮ ਦੀ ਅੱਗ ਵਿਚ ਸਾੜ ਕੇ ਪਵਿਤ੍ਰ ਤੇ ਨਿਰਮਲ ਕਰ ਦਿਤਾ। ਇਤਿਹਾਸ ਅਜੇਹੀਆਂ ਅਨੇਕਾਂ ਇਸਤ੍ਰੀਆਂ ਦੇ ਚਰਿਤ੍ਰਾਂ ਨਾਲ ਭਰਿਆ ਪਿਆ ਹੈ।

ਪੁਰਾਣੇ ਗ੍ਰੰਥਾਂ ਵਿਚ ਕਿਤੇ ਕਿਤੇ ਇਹ ਲਿਖਿਆ ਹੈ ਕਿ ਪਤੀ ਕਿਹਾ ਹੀ ਕਰੂਪ, ਲੰਗੜਾ, ਲੂਲ੍ਹਾ, ਅਥਵਾ ਗੁਣਹੀਣ ਹੋਵੇ, ਪਤਨੀ ਸਚੇ ਦਿਲ ਨਾਲ ਉਸ ਦੀ ਪੂਜਾ ਕਰੇ। ਸੰਸਾਰਕ ਨਜ਼ਰ ਨਾਲ ਵੇਖਣ ਤੋਂ ਇਹ ਬੇਇਨਸਾਫੀ ਮਾਲੂਮ ਹੁੰਦੀ ਹੈ। ਪਰ ਜੇਕਰ ਵਿਆਹ ਨੂੰ ਕੇਵਲ ਸਰੀਰਕ ਸੰਬੰਧ ਨ ਸਮਝ ਕੇ ਇਕ ਆਤਮਕ ਬੰਧਨ ਮੰਨੀਏ ਤਾਂ ਇਸ ਗਲ ਤੋਂ ਇਕ ਬਹੁਤ ਭਾਰੀ ਭਾਵ ਪ੍ਰਗਟਦਾ ਹੈ ਜਿਸ ਸੰਬੰਧੀ ਭਾਰਤ ਦੇ ਇਕ ਸੰਸਾਰ ਪ੍ਰਸਿਧ ਵਿਦਵਾਨ ਨੇ ਲਿਖਿਆ ਹੈ ਕਿ ਜਦ ਅਸੀਂ ਕਿਸੇ ਮਹਾਂ ਪੁਰਸ਼ ਦੀ ਤਸਵੀਰ ਦੀ ਇਜ਼ਤ ਕਰਦੇ ਹਾਂ, ਤਾਂ ਉਸ ਵੇਲੇ ਇਹ ਨਹੀਂ ਵੇਖਦੇ ਕਿ ਇਹ ਕਿਸ ਰੰਗ ਤੇ ਕਿਸ ਕਾਗਜ਼ ਉਪਰ ਛਪੀ ਹੋਈ ਹੈ। ਕਾਗਜ਼ ਤੇ ਰੰਗ ਭਾਵੇਂ ਮਾਮੂਲੀ ਹੋਣ ਤਦ ਭੀ ਅਸੀਂ ਉਸ ਦੀ ਉਤਨੀ ਹੀ ਇਜ਼ਤ ਕਰਦੇ ਹਾਂ, ਜਿਤਨੀ ਚੰਗੇ ਹੋਣ ਉਤੇ ਕਰਨੀ ਸੀ। ਕਿਉਂਕਿ ਇਜ਼ਤ ਅਸੀਂ ਕਾਗਜ਼ ਦੀ

ਨਹੀਂ ਕਰਦੇ ਸਗੋਂ ਉਸ ਦੇ ਅੰਦਰ ਜੋ ਭਾਵ ਲੁਕਿਆ ਹੋਇਆ ਹੈ, ਅਸੀਂ ਉਸ ਦੀ ਕਰਦੇ ਹਾਂ। ਲੁਕੇ ਭਾਵ ਨੂੰ ਸਤਿਕਾਰਦੇ ਹਾਂ। ਜਦ ਅਸੀਂ ਆਪਣੇ ਮਾਤਾ ਪਿਤਾ ਨੂੰ ਆਦਰ ਨਾਲ ਸਤਿਕਾਰਦੇ ਹਾਂ ਤਾਂ ਅਸੀਂ ਉਸ ਵੇਲੇ ਇਹ ਨਹੀਂ ਸੋਚਦੇ ਕਿ ਉਹ ਸਰੂਪ ਹਨ ਜਾਂ ਕੁਰੂਪ, ਸਮਰਥ ਹਨ ਕਿ ਅਸਮਰਥ। ਉਹ ਜੇਹੇ ਵੀ ਹੋਣ ਪੂਜਨੀਕ ਹਨ। ਇਸੇ ਤਰ੍ਹਾਂ ਪਤੀ ਲਈ ਜੋ ਕੁਝ ਭੀ ਹੈ। ਉਸ ਦਾ ਸਰੀਰ ਭਾਵੇਂ ਕਿਸ ਤਰ੍ਹਾਂ ਦਾ ਹੋਵੇ, ਪਰ ਉਸ ਲਈ ਉੱਚਾ ਭਾਵ ਦਿਲ ਵਿਚ ਰਖ ਸਕੀਦਾ ਹੈ। ਉਪਾਸ਼ਨਾ ਤੇ ਪ੍ਰੇਮ ਸਰੀਰ ਨਾਲ ਨਹੀਂ। ਪਤੀਬ੍ਰਤਾ ਇਸਤ੍ਰੀਆਂ ਪਤੀ ਭਾਵ ਦੀ ਪੂਜਾ ਕਰਦੀਆਂ ਹੇਨ। ਉਹ ਪਤੀ ਹੈ, ਇਸ ਲਈ ਪੂਜਨੀਕ ਤੇ ਪ੍ਰੇਮ ਯੋਗ ਹੈ। ਇਹ ਨਹੀਂ ਕਿ ਉਹ ਸੁੰਦਰ ਹੈ ਯਾ ਗੁਣਵਾਨ ਹੈ, ਇਸ ਲਈ ਪੂਜ ਹੈ। ਜਦ ਅਸੀਂ ਕਿਸੇ ਛੋਟੇ ਜਾਂ ਅਯੋਗ ਮਨੁਖ ਨੂੰ ਵੀ ਸਭਾ-ਪਤੀ ਦੀ ਕੁਰਸੀ ਉਤੇ ਬਿਠਾਲ ਦੇਂਦੇ ਹਾਂ, ਤਾਂ ਉਸ ਦੇ ਬੈਠਣ ਵੇਲੇ ਤਕ ਅਸੀਂ ਉਸ ਦਾ ਆਦਰ ਕਰਦੇ ਹਾਂ। ਅਸੀਂ ਉਸ ਦੇ ਮੋਟੇ ਸਰੀਰ ਜਾਂ ਅਕਾਰ ਦਾ ਆਦਰ ਨਹੀਂ ਕਰਦੇ ਅਸੀਂ ਤਾਂ ਉਸ ਸਥਾਨ ਦਾ ਤੇ ਉਸ ਪਦਵੀ ਦਾ ਆਦਰ ਕਰਦੇ ਹਾਂ। ਪਤੀ ਹੋਣ ਦੇ ਕਾਰਨ ਹੀ ਪੁਰਸ਼ ਇਸਤ੍ਰੀ ਦਾ ਆਦਰ-ਪਾਤ੍ਰ ਹੈ। ਇਹੋ ਹੀ ਭਾਵ ਦੀ ਸ੍ਰੇਸ਼ਟਤਾ ਹੈ, ਇਹ ਸਰੀਰ ਯਾ ਸਾਧਨ ਦੀ ਪੂਜਾ ਨਹੀਂ।

## ਰੂਪ ਦਾ ਜਾਦੂ

ਹੁਣ ਸਮਾਂ ਬਹੁਤ ਕਠਨ ਅ ਗਿਆ ਹੈ। ਲੋਭ ਵਧ ਗਏ ਹਨ, ਔਕੜਾਂ ਦਿਨ ਪਰ ਦਿਨ ਵਧਦੀਆਂ ਜਾਂਦੀਆਂ ਹਨ। ਸਾਡੇ ਅੰਦਰ ਉਪਰ ਦਸੇ ਮੂਜਬ ਉੱਚਾ ਭਾਵ ਨਹੀਂ ਰਿਹਾ। ਪੁਰਸ਼ ਆਪ ਸਰੀਰਕ ਸੁਹਣੱਪ ਪਿਛੇ ਪਾਗਲ ਹੋ ਰਹੇ ਹਨ। ਕਿਸੇ ਲੜਕੀ

ਵਿਚ ਜੇਕਰ ਸਾਰੇ ਗੁਣ ਹੋਣ ਅਤੇ ਉਹ ਸੋਹਣੀ ਨਾ ਹੋਵੇ, ਤਾਂ ਅਜ ਕਲ ਦੇ ਜਵਾਨਾਂ ਦੀ ਨਜ਼ਰ ਵਿਚ ਉਹ ਵਿਆਹ ਯੋਗ ਹੀ ਨਹੀਂ। ਜੇ ਕਰ ਕੋਈ ਉਸ ਨਾਲ ਵਿਆਹ ਕਰ ਲੈਂਦਾ ਹੈ ਤਾਂ ਜਾਣੋਂ ਉਹ ਉਸ ਉਤੇ ਵੱਡਾ ਉਪਕਾਰ ਕਰਦਾ ਹੈ। ਇਹ ਸਾਡੀ ਮਾਨਸਕ ਗਿਰਾਵਟ ਹੈ। ਅਸੀਂ ਸਰੀਰ ਨੂੰ ਗੁਣਾਂ ਨਾਲੋਂ—ਦਯਾ, ਖਿਮਾ, ਪ੍ਰੇਮ, ਸੀਲ, ਤਿਆਗ ਸੇਵਾ ਆਦਿ ਨਾਲੋਂ—ਬਹੁਤ ਮਹੱਤ੍ਵ ਦੇ ਦਿਤਾ ਹੈ।

ਉਹ ਰੂਪ ਜਦ ਥੋੜੇ ਦਿਨਾਂ ਪਿਛੋਂ ਨਸ਼ਟ ਹੋ ਜਾਂਦਾ ਹੈ, ਤਾਂ ਪਤੀ ਦਾ ਪਤਨੀ ਤੋਂ ਤੇ ਕੁਝ ਪਤਨੀ ਦਾ ਵੀ ਪਤੀ ਉਪਰੋਂ ਮਨ ਉਦਾਸ ਹੋ ਜਾਂਦਾ ਹੈ। ਇਸ ਲਈ ਇਸ ਗਲ ਦੀ ਲੋੜ ਹੈ ਕਿ ਸਾਰੇ ਮਰਦ ਤੀਵੀਆਂ ਰੂਪ ਦੀ, ਸਰੀਰਕ ਸੁੰਦਰਤਾ ਦੀ ਅਸਾਰਤਾ ਨੂੰ ਚੰਗੀ ਤਰ੍ਹਾਂ ਸਮਝ ਲੈਣ ਅਤੇ ਸਰੀਰ ਦੀ ਥਾਂ ਦਿਲ ਦਾ ਸੰਬੰਧ ਜੋੜਨ ਤੇ ਵਧਾਉਣ ਦਾ ਯਤਨ ਕਰਨ। ਪਰ ਇਹ ਤਦ ਹੀ ਹੋ ਸਕਦਾ ਹੈ ਜਦ ਪੁਰਸ਼ ਇਸਤ੍ਰੀ ਦੋਹਾਂ ਦੇ ਦਿਲਾਂ ਵਿਚੋਂ ਰੂਪ ਦਾ ਮੋਹ ਨਿਕਲ ਜਾਵੇ।

## ਸਾਹਸ ਦੀ ਲੋੜ

ਅਜ ਕੌਮ ਦੀ ਭਾਈਚਾਰਕ ਹਾਲਤ ਠੀਕ ਨਹੀਂ, ਪੁਰਸ਼ ਸਦਾਚਾਰ ਤੋਂ ਬਹੁਤ ਹੇਠਾਂ ਗਿਰ ਗਏ ਹਨ ਕਿਉਂਕਿ ਕਾਲਜਾਂ ਸਕੂਲਾਂ ਵਿਚ ਚਾਲ ਚਲਨ ਚੰਗਾ ਹੋਣਾ ਤਾਂ ਕਿਤੇ ਰਿਹਾ, ਬਹੁਤਾ ਵਿਗੜ ਹੀ ਜਾਂਦਾ ਹੈ। ਬਹੁਤ ਸਾਰੇ ਮਨੁੱਖ ਇੰਨੇ ਗਿਰ ਗਏ ਹਨ ਕਿ ਉਹ ਦਿਨ ਰਾਤ ਵਿਸ਼ੇ ਵਾਸ਼ਨਾਂ ਦੀਆਂ ਹੀ ਗੱਲਾਂ ਸੋਚਦੇ ਤੇ ਕਰਦੇ ਰਹਿੰਦੇ ਹਨ। ਯਾਰਾਂ ਦੋਸਤਾਂ ਵਿਚ, ਖਾਣ ਪੀਣ ਵਿਚ, ਹਾਸੇ ਠੱਠੇ ਵਿਚ ਕੇਵਲ ਇਸਤ੍ਰੀਆਂ ਦਾ ਹੀ ਖਿਆਲ ਉਨ੍ਹਾਂ ਨੂੰ

ਰਹਿੰਦਾ ਹੈ। ਉਹ ਇਹੋ ਹੀ ਸੋਚਦੇ ਰਹਿੰਦੇ ਹਨ ਕਿ ਫਲਾਣੇ ਦੀ ਇਸਤ੍ਰੀ ਐਸੀ ਹੈ, ਫਲਾਣੇ ਮਿੱਤ੍ਰ ਨੂੰ ਡਾਢੀ ਸੋਹਣੀ ਪਤਨੀ ਮਿਲ ਗਈ ਹੈ।

ਸੰਸਾਰ ਵਿਚ ਐਸੀਆਂ ਫਫੇ-ਕੁਟਣੀਆਂ ਭੀ ਹਨ ਜਿਹੜੀਆਂ ਅਜਿਹੇ ਲੋਕਾਂ ਦੀ ਭਾਲ ਵਿਚ ਆਪਣੇ ਖਾਣ ਪੀਣ ਦੇ ਲਾਲਚ ਪਿਛੇ ਇੱਲਾਂ ਵਾਂਗਰ ਤਕਦੀਆਂ ਰਹਿੰਦੀਆਂ ਹਨ । ਸ਼ੁਕਰ ਦੀ ਗਲ ਹੈ ਕਿ ਇਸਤ੍ਰੀਆਂ ਫੇਰ ਵੀ ਪੁਰਸ਼ਾਂ ਨਾਲੋਂ ਵਧੇਰੇ ਵਫਾਦਾਰ ਹਨ।

ਅਜ ਕਲ ਕਿਧਰੇ ਵੀ ਕਿਸੇ ਸੁੰਦਰ ਇਸਤ੍ਰੀ ਦਾ ਪਾਪੀ ਪੁਰਸ਼ਾਂ ਦੀ ਨਜ਼ਰੋਂ ਬਚ ਨਿਕਲਣਾ ਬੜਾ ਔਖਾ ਹੈ । ਉਸ ਦੇ ਘਰੋਂ ਬਾਹਰ ਹੋਣ ਪਰ ਸੈਂਕੜੇ ਅੱਖਾਂ ਉਸ ਨੂੰ ਪੀ ਜਾਣ ਲਈ ਤਿਆਰ ਹੁੰਦੀਆਂ ਹਨ। ਇਸ ਲਈ ਅਜਿਹੇ ਕਠਿਨ ਸਮੇਂ ਵਿਚ ਇਸਤ੍ਰੀਆਂ ਨੂੰ ਦਲੇਰ ਹੋਣ ਦੀ ਬਹੁਤ ਲੋੜ ਹੈ; ਕਿਉਂਕਿ ਇਸਤ੍ਰੀਆਂ ਅਜੇ ਵੀ ਲੋੜ ਨਾਲੋਂ ਵਧ ਭੋਲੀਆਂ ਭਾਲੀਆਂ ਤੇ ਸ਼ਰਮੀਲੀਆਂ ਹਨ, ਭਾਵੇਂ ਇਹ ਭੋਲਾਪਨ, ਸ਼ਰਮ ਹਯਾ ਕੋਈ ਬੁਰੀ ਚੀਜ਼ ਨਹੀਂ, ਪਰ ਜਦ ਇਸਤ੍ਰੀ ਆਪ ਹੀ ਬਿਪਤਾ ਵਿਚ ਹੋਵੇ, ਤਾਂ ਉਸ ਵੇਲੇ ਦੀ ਸ਼ਰਮ ਲੱਜਾ ਸਾਰੀ ਉਮਰ ਲਈ ਸਭ ਤੋਂ ਵੱਡੀ ਕੀਮਤੀ ਚੀਜ਼ ਨਸ਼ਟ ਕਰ ਦੇਣ ਵਾਲੀ ਹੈ ।

ਵਿਆਹ ਤੋਂ ਪਹਿਲਾਂ ਲੜਕੀ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝਾ ਦੇਣੀ ਚਾਹੀਦੀ ਹੈ ਕਿ ਉਸਦਾ ਸਤੀਤ੍ਵ ਉਸ ਦੀ ਜ਼ਿੰਦਗੀ ਨਾਲੋਂ ਭੀ ਵਧ ਕੀਮਤੀ ਚੀਜ਼ ਹੈ। ਆਪਣੀ ਜਾਨ ਦੇ ਕੇ ਤਥਾ ਸਭ ਤਰ੍ਹਾਂ ਦੇ ਉਪਾਵਾਂ ਨਾਲ ਭੀ ਉਸ ਦੀ ਰਖਿਆ ਕਰਨੀ ਚਾਹੀਦੀ ਹੈ।

ਪਾਪੀ ਪੁਰਸ਼ਾਂ ਨੂੰ ਗੰਦੀਆਂ ਤੇ ਅਯੋਗ ਗੱਲਾਂ ਤੇ ਇਸ਼ਾਰੇ ਕਰਦੇ ਵੇਖ ਕੇ ਕਈ ਭੈਣਾਂ ਸ਼ਰਮ ਕਰਦੀਆਂ ਹੋਈਆਂ ਚੁਪ ਚਾਪ ਉਸ ਨਿਰਾਦਰੀ ਨੂੰ ਕੌੜਾ ਘੁਟ ਕਰ ਕੇ ਪੀ ਜਾਂਦੀਆਂ ਹਨ।

ਸੰਗ ਸ਼ਰਮ ਦਾ ਵੱਡਾ ਕਾਰਨ ਕੌਮ ਦੀ ਵਰਤਮਾਨ ਭਾਈ-ਚਾਰਕ ਦਸ਼ਾ ਹੈ। ਇਸਤ੍ਰੀਆਂ, ਉਨ੍ਹਾਂ ਦੇ ਪਤੀ, ਮਾਤਾ ਪਿਤਾ ਤੇ ਸਸ ਸਹੁਰੇ ਇਹ ਖਿਆਲ ਕਰ ਕੇ ਝਟ ਡਰ ਜਾਂਦੇ ਹਨ ਕਿ ਲੋਕੀ ਇਹ ਗੱਲ ਸੁਨਣਗੇ ਤਾਂ ਕੀ ਆਖਣਗੇ ? ਸੋ ਇਸ ਝੂਠੀ ਨਿੰਦਿਆ ਤੇ ਝੂਠੀ ਸ਼ਰਮ ਨਾਲ ਦਬੀਆਂ ਹੋਈਆਂ ਇਸਤ੍ਰੀਆਂ ਦਿਨੋ ਦਿਨ ਕਮਜ਼ੋਰ ਹੁੰਦੀਆਂ ਜਾਂਦੀਆਂ ਹਨ। ਜਿਸ ਕਰ ਕੇ ਪਾਪ ਵਧਦਾ ਜਾਂਦਾ ਹੈ। ਇਸ 'ਚੁਪ-ਚਾਪ' ਦੀ ਬੀਮਾਰੀ ਨੇ ਕੌਮ ਨੂੰ ਤਬਾਹ ਕਰ ਦਿਤਾ ਹੈ ।

ਉਧਰ ਉਨ੍ਹਾਂ ਨੀਚਾਂ ਦਾ ਹੌਂਸਲਾ ਸਗੋਂ ਹੋਰ ਵਧ ਜਾਂਦਾ ਹੈ। ਜਿਸ ਕਰ ਕੇ ਕਈ ਭੈਣਾਂ ਪਿਛੋਂ ਬੜੀ ਬਿਪਤਾ ਵਿਚ ਫੱਸ ਜਾਂਦੀਆਂ ਹਨ ।

ਅਜੇਹੇ ਸਮੇਂ ਦਿਲ ਵਿਚ ਹੌਂਸਲਾ ਰਖ ਕੇ ਡਰ ਕੇ ਨੇੜੇ ਨਹੀਂ ਆਉਣ ਦੇਣਾ ਚਾਹੀਦਾ । ਕੋਈ ਸ਼ਰਾਰਤ ਕਰੇ ਤਾਂ ਉਸ ਨੂੰ ਝਾੜ ਦੇਣਾ ਚਾਹੀਦਾ ਹੈ। ਮਤਲਬ ਇਹ ਕਿ ਆਪਣੇ ਸਤ ਦੀ ਰਖਿਆ ਲਈ ਜੇਕਰ ਪ੍ਰਾਣ ਵੀ ਦੇਣੇ ਪੈਣ ਤਾਂ ਉਸ ਦੇ ਲਈ ਤਿਆਰ ਰਹਿਣਾ ਚਾਹੀਦਾ ਹੈ । ਜੇ ਕੋਈ ਭੈਣ ਉਪਰ ਦਸੇ ਵਾਂਗ ਆਪਣੇ ਧਰਮ ਦੀ ਰਖਿਆ ਲਈ ਕਿਸੇ ਪਾਪੀ ਪੁਰਸ਼ ਦਾ ਟਾਕਰਾ ਕਰਨ ਲਈ ਤਿਆਰ ਹੋ ਜਾਵੇ, ਤਾਂ ਫੇਰ ਕਿਸੇ ਪਾਪੀ ਵਿਚ ਤਾਕਤ ਨਹੀਂ ਕਿ ਉਹ ਸਾਹਮਣੇ ਟਿਕ ਸਕੇ । ਸਗੋਂ ਉਸ ਭੈਣ ਦੀ ਮਦਦ ਕਰਨ ਲਈ ਕਈ ਪੁਰਸ਼ ਨਿਤਰ ਆਉਣਗੇ।

ਇਕ ਵੇਰ ਇਕ ਸਿੱਖ ਇਸਤ੍ਰੀ ਇਕੱਲੀ ਹੀ ਰੇਲ ਵਿਚ ਦਿੱਲੀ ਗਈ। ਅੱਧੀ ਰਾਤ ਨੂੰ ਗੱਡੀ ਪੁੱਜੀ । ਉਸ ਨੇ ਟਾਂਗਾ ਕਰਾਏ ਕੀਤਾ ਤੇ ਉਸ ਵਿਚ ਆਪਣਾ ਅਸਬਾਬ ਰਖ ਕੇ ਬੈਠ ਗਈ। ਟਾਂਗੇ ਵਾਲੇ ਦਾ ਦਿਲ ਬੇਈਮਾਨ ਹੋ ਗਿਆ । ਉਹ ਉਸ ਨੂੰ ਉਸ ਦੇ ਘਰ ਵਲ ਨ ਲਿਜਾ ਕੇ ਦਿੱਲੀ ਦੀ ਨਵੀਂ ਛਾਉਣੀ ਵਲ

ਲੈ ਗਿਆ। ਰਾਹ ਵਿਚ ਜੰਗਲ ਅਤੇ ਉਚੇ ਨੀਵੇਂ ਟਿੱਬੇ ਸਨ। ਉਥੇ ਉਸ ਨੇ ਟਾਂਗਾ ਖੜਾ ਕਰ ਦਿਤਾ ਤੇ ਉਸ ਇਸਤ੍ਰੀ ਨੂੰ ਉਤਰਨ ਲਈ ਕਿਹਾ। ਉਹ ਵੀ ਉਸ ਦੀ ਬੇਈਮਾਨੀ ਨੂੰ ਸਮਝ ਕੇ ਉਤਰ ਪਈ ਤੇ ਗਾਤਰੇ ਪਈ ਹੋਈ ਕ੍ਰਿਪਾਨ ਨੂੰ ਸੰਭਾਲ ਕੇ ਮਰਨ ਮਾਰਨ ਲਈ ਤਿਆਰ ਹੋ ਗਈ। ਜਦ ਉਸ ਟਾਂਗੇ ਵਾਲੇ ਨੇ ਉਸ ਨੂੰ ਛੇੜਨ ਲਈ ਕਦਮ ਚੁਕਿਆ, ਤਾਂ ਉਸ ਸ਼ੇਰਨੀ ਨੇ ਝਪਟ ਕੇ ਉਸ ਨੂੰ ਜ਼ਖ਼ਮੀ ਕਰ ਕੇ ਡੇਗ ਦਿਤਾ। ਬਸ ਉਸ ਬੇਈਮਾਨ ਦੀ ਅਕਲ ਟਿਕਾਣੇ ਆ ਗਈ। ਉਸ ਨੇ ਵਾਸਤੇ ਪਾ ਕੇ ਕਿਹਾ ਕਿ ਮੈਨੂੰ ਜਾਨੋਂ ਨਾ ਮਾਰੀਂ। ਤੂੰ ਮੇਰੀ ਮਾਂ ਹੈਂ! ਤੂੰ ਮੇਰੀ ਭੈਣ ਹੈਂ! ਮੈਂ ਤੈਨੂੰ ਜ਼ਰੂਰ ਤੇਰੇ ਘਰ ਪੁਚਾ ਕੇ ਆਵਾਂਗਾ। ਉਸ ਦੀ ਗਿੜ-ਗਿੜਾਹਟ ਨੂੰ ਵੇਖ ਕੇ ਉਸ ਨੇ ਉਸ ਨੂੰ ਜਾਨੋਂ ਨਾ ਮਾਰਿਆ। ਉਸ ਨੇ ਪੱਟ ਉਤੇ ਪੱਟੀ ਬੰਨ੍ਹੀ ਅਤੇ ਉਸ ਦੇਵੀ ਨੂੰ ਟਾਂਗੇ ਵਿਚ ਬੈਠਾ ਕੇ ਉਸ ਦੇ ਘਰ ਛਡ ਆਇਆ।

ਇਸੇ ਤਰ੍ਹਾਂ ਬੜੋਦਾ ਰਿਆਸਤ ਵਿਚ ਇਕ ਇਸਤ੍ਰੀ ਆਪਣੇ ਪਤੀ ਨਾਲ ਟਾਂਗੇ ਉਤੇ ਕਿਧਰੇ ਜਾਣ ਲੱਗੀ, ਤਾਂ ਇਕ ਹੋਰ ਆਦਮੀ ਵੀ ਉਸ ਟਾਂਗੇ ਵਿਚ ਆ ਕੇ ਬੈਠ ਗਿਆ ਤੇ ਟਾਂਗਾ ਤੁਰ ਪਿਆ। ਉਸ ਇਸਤ੍ਰੀ ਦੇ ਪਤੀ ਦੀ ਨਜ਼ਰ ਕਿਸੇ ਹੋਰ ਪਾਸੇ ਸੀ, ਇਸ ਲਈ ਮੌਕਾ ਤਾੜ ਕੇ ਦੂਜੇ ਆਦਮੀ ਨੇ ਜੇਬ ਵਿਚੋਂ ਕਈ ਨੋਟ ਕੱਢ ਕੇ ਉਸ ਇਸਤ੍ਰੀ ਨੂੰ ਵਿਖਾਏ, ਉਸ ਨੇ ਉਹ ਨੋਟ ਖੋਹ ਕੇ ਹਵਾ ਵਿਚ ਉਡਾ ਦਿਤੇ ਤੇ ਕੱਸ ਕੇ ਇਕ ਚਪੇੜ ਉਸ ਆਦਮੀ ਨੂੰ ਮੂੰਹ ਉਤੇ ਠੋਕੀ, ਫੇਰ ਤਾਂ ਉਸ ਦੇ ਪਤੀ ਤੇ ਟਾਂਗੇ ਵਾਲੇ ਨੇ ਭੀ ਉਸ ਦੀ ਖ਼ੂਬ ਖਾਤਰ ਕੀਤੀ।

ਇਸੇ ਤਰ੍ਹਾਂ ਦੀ ਇਕ ਹੋਰ ਵਾਰਦਾਤ ਦਿਲੀ ਵਿਚ ਹੋਈ ਸੀ। ਇਕ ਥਾਣੇਦਾਰ ਨੇ ਇਕ ਇਸਤ੍ਰੀ ਦਾ ਹਥ ਫੜ ਲਿਆ ਤੇ ਉਸ ਭੈਣ ਨੇ ਕੱਸ ਕੇ ਥੱਪੜ ਉਸ ਦੇ ਮੂੰਹ ਉਤੇ ਠੋਕਿਆ ਅਤੇ

ਕਿਹਾ—"ਹਟ ਪਰੇ ! ਤੂੰ ਮੈਨੂੰ ਗ੍ਰਿਫਤਾਰ ਕਰ ਸਕਦਾ ਹੈਂ, ਗੋਲੀ ਮਾਰ ਸਕਦਾ ਹੈਂ, ਪਰ ਨਾ ਤਾਂ ਹੱਥ ਲਾ ਸਕਦਾ ਹੈਂ ਤੇ ਨਾ ਧੱਕੇ ਦੇ ਸਕਦਾ ਹੈ।"

ਸੋ ਇਸ ਤਰ੍ਹਾਂ ਦਾ ਹੌਂਸਲਾ ਇਸਤ੍ਰੀਆਂ ਲਈ ਬਹੁਤ ਜ਼ਰੂਰੀ ਹੋ ਗਿਆ ਹੈ। ਕਿਉਂਕਿ ਲਾਲਚ, ਲੋਭ ਤੇ ਭੋਗ ਵਿਆਸ ਦੇ ਸਾਧਨਾਂ ਨੇ ਪੁਰਸ਼ਾਂ ਦਾ ਸਦਾਚਾਰ ਨਸ਼ਟ ਕਰ ਦਿਤਾ ਅਤੇ ਖਤਰਾ ਬਹੁਤ ਵਧ ਗਿਆ ਹੈ। ਇਸ ਲਈ ਸ਼ਰਮ ਦੇ ਕਾਰਨ ਚੁਪ ਰਹਿਣਾ ਬਹੁਤ ਖਤਰਨਾਕ ਹੈ।

ਕੌਮ ਵਿਚੋਂ ਸਿੱਧੇ ਸਾਦੇ ਤੇ ਮੂਰਖ ਮਨੁੱਖ ਹੁਣ ਘਟਦੇ ਜਾਂਦੇ ਹਨ। ਉਨ੍ਹਾਂ ਦੀ ਥਾਂ ਧੋਖੇ ਬਾਜ਼ਾਂ ਤੇ ਚਲਾਕਾਂ ਦੀ ਗਿਣਤੀ ਵਧਕੀ ਜਾਂਦੀ ਹੈ। ਪਹਿਲੇ ਸਮੇਂ ਵਿਚ ਰਾਜ-ਮੱਦ ਵਿਚ ਮੱਤੇ ਰਾਜ-ਕਰਮਚਾਰੀ ਜਦ ਕਿਸੇ ਸੁੰਦਰ ਇਸਤ੍ਰੀ ਨੂੰ ਵੇਖਦੇ ਸਨ ਤਾਂ ਰਾਜਸੀ ਘੁਮੰਡ ਵਿਚ ਉਸ ਨੂੰ ਚੁਕ ਕੇ ਲੈ ਜਾਂਦੇ ਸਨ। ਇਸ ਲਈ ਉਸ ਸਮੇਂ ਇਸਤ੍ਰੀ ਦੀ ਰਖਿਆ ਕਰਨ ਲਈ ਮਰ ਮਿਟਣ ਵਾਲੇ ਬਹੁਤ ਸਾਰੇ ਤਿਆਰ ਹੋ ਜਾਂਦੇ ਸਨ। ਉਹ ਇਸਤ੍ਰੀਆਂ ਆਪ ਭੀ ਇਹ ਸਮਝ ਕੇ ਕਿ ਸਾਡਾ ਧਰਮ ਖਤਰੇ ਵਿਚ ਹੈ, ਮਰ ਮਾਰ ਕੇ ਆਪਣੀ ਰਖਿਆ ਕਰਨ ਲਈ ਸਦਾ ਤਿਆਰ ਰਹਿੰਦੀਆਂ ਸਨ। ਹੁਣ ਉਨ੍ਹਾਂ ਦੀ ਜਗ੍ਹਾ ਆਪਣੀ ਹੀ ਕੌਮ ਵਿਚੋਂ ਕਈ ਚਤਰ ਚਾਲਾਕ ਪੈਦਾ ਹੋ ਗਏ ਹਨ, ਜੋ ਇਸਤ੍ਰੀਆਂ ਨੂੰ ਦਿਨ ਦਿਹਾੜੇ ਲੁਟਦੇ ਹਨ। ਕੋਈ ਮਿੱਤਰ ਬਣ ਕੇ, ਕੋਈ ਭਰਾ ਬਣਕੇ, ਤੇ ਕੋਈ ਹਿਤੈਸ਼ੀ ਬਣ ਕੇ ਤੇ ਕੋਈ ਗੁਰੂ ਬਣਕੇ ਇਸਤ੍ਰੀਆਂ ਨੂੰ ਆਪਣੇ ਜਾਲ ਵਿਚ ਫਸਾਉਣ ਦਾ ਯਤਨ ਕਰਦਾ ਹੈ।

ਇਸਤ੍ਰੀਆਂ ਲਈ ਆਪਣੇ ਵੈਰੀਆਂ, ਆਪਣੇ ਉਤੇ ਹਮਲਾ ਕਰਨ ਵਾਲਿਆਂ ਨੂੰ ਪਛਾਣ ਲੈਣਾ ਤਾਂ ਸੌਖਾ ਹੈ,ਪਰ ਇਨ੍ਹਾਂ ਭਰਾਵਾਂ ਨੂੰ, ਹਿਤੈਸ਼ੀਆਂ, ਉਸਤਾਦਾਂ ਨੂੰ ਪਛਾਣਨਾ ਬੜਾ ਔਖਾ ਹੈ।

ਪਹਿਲਾਂ ਤਾਂ ਅਜਿਹੇ ਲੋਕ ਦੁਖੀ ਇਸਤ੍ਰੀਆਂ ਦੀ ਸੇਵਾ, ਸਹਾਇਤਾ ਤੇ ਹਮਦਰਦੀ ਕਰਦੇ ਹਨ ਅਤੇ ਹੋਰਨਾਂ ਕਈ ਉਪਾਵਾਂ ਨਾਲ ਉਨ੍ਹਾਂ ਦੇ ਪਾਸ ਬੈਠਣ ਉਠਣ ਕਰਦੇ ਹਨ, ਫੇਰ ਮੌਕਾ ਮਿਲਦਿਆਂ ਹੀ ਉਨ੍ਹਾਂ ਦੇ ਮਨ ਨੂੰ ਕਮਜ਼ੋਰ ਕਰਦੇ ਤੇ ਧੋਖਾ ਦੇ ਕੇ ਹੇਠਾਂ ਡੇਗਣ ਦਾ ਯਤਨ ਕਰਦੇ ਹਨ।

ਕੌਮ ਵਿਚ ਅਜ ਕਲ ਅਜੇਹੇ ਆਦਮੀ ਪੈਦਾ ਹੋ ਰਹੇ ਹਨ, ਜੋ ਇਸਤ੍ਰੀਆਂ ਨੂੰ ਧੋਖਾ ਦੇਣ ਵਿਚ ਬੜੇ ਚਤੁਰ ਹਨ। ਜਿਹੜੇ ਕਈ ਮਹੀਨੇ ਪਹਿਲਾਂ ਤੋਂ ਹੀ ਅਨੇਕਾਂ ਰੂਪਾਂ ਵਿਚ ਆਪਣਾ ਜਾਲ ਵਿਛਾਉਣਾ ਆਰੰਭ ਕਰ ਦੇਂਦੇ ਹਨ। ਇਹ ਡਰਾਉਣੇ ਜੀਵ ਹਨ। ਇਹ ਮਿਤ੍ਰ ਬਣ ਕੇ ਧੋਖਾ ਦੇਂਦੇ ਹਨ, ਅਤੇ ਜਿਨ੍ਹਾਂ ਨੂੰ ਧੋਖਾ ਦਿਤਾ ਜਾਂਦਾ ਹੈ ਉਨ੍ਹਾਂ ਨੂੰ ਅੰਤ ਤਕ ਪਤਾ ਹੀ ਨਹੀਂ ਲਗਣ ਦੇਂਦੇ। ਇਨ੍ਹਾਂ ਦੁਸ਼ਟਾਂ ਕੋਲੋਂ ਬਚਣਾ ਅਜ ਕਲ ਇਸਤ੍ਰੀਆਂ ਲਈ ਬਹੁਤ ਮੁਸ਼ਕਲ ਹੋ ਗਿਆ ਹੈ। ਅਜਿਹੇ ਨਚਾਰਿਆਂ ਨੂੰ ਦੇਖ ਕੇ ਚੰਗਿਆਂ ਉਤੋਂ ਭੀ ਬਹੁਤਿਆਂ ਦਾ ਭਰੋਸਾ ਤੇ ਇਤਬਾਰ ਉਠ ਗਿਆ ਹੈ। ਇਸੇ ਕਰਕੇ ਜਿਹੜੇ ਕੋਈ ਸਚੇ ਅਤੇ ਜ਼ਿਮੇ-ਵਾਰੀ ਨੂੰ ਸਮਝਣ ਵਾਲੇ ਹਨ, ਉਨ੍ਹਾਂ ਨਾਲ ਭੀ ਕਈ ਵਾਰੀ ਬੇਇਨਸਾਫੀ ਹੋ ਜਾਂਦੀ ਹੈ। ਬਹੁਤ ਸਾਰੇ ਸਚੇ ਆਦਮੀ ਸ਼ੱਕ ਦਾ ਸ਼ਿਕਾਰ ਹੋ ਜਾਂਦੇ ਅਤੇ ਬਹੁਤੇ ਪਾਪੀ ਸੱਚੇ ਸਮਝ ਲਈਦੇ ਹਨ। ਬੁਰੇ ਭਲੇ ਦੀ ਪਛਾਣ ਕਰਨੀ ਔਖੀ ਹੋ ਰਹੀ ਹੈ। ਸੰਸਾਰਕ ਪੱਖਪਾਤ, ਸ਼ੱਕੀ ਸੁਭਾਵ ਤੇ ਅਕਾਰਣ ਹੀ ਨਿੰਦਿਆ ਉਸਤਤ ਸੁਣ ੨ ਕੇ ਅਸੀਂ ਸਭ ਤਰ੍ਹਾਂ ਦੇ ਮੇਲ ਮਿਲਾਪ ਨੂੰ ਬੁਰਾ ਜਾਣਨ ਲਗ ਪਏ ਹਾਂ।

ਜਿਹੜੀ ਸੱਚੀ ਤੇ ਪਵਿਤ੍ਰ ਇਸਤ੍ਰੀ ਹੈ, ਜਿਸ ਨੇ ਸੱਚੇ ਦਿਲ ਨਾਲ ਆਪਣੇ ਪਤੀ ਨੂੰ ਅਪਨਾ ਲਿਆ ਹੈ, ਜਿਸ ਦੇ ਦਿਲ ਵਿਚ ਸਾਹਸ ਹੈ ਕਿ ਮੈਨੂੰ ਕੋਈ ਨਹੀਂ ਡੇਗ ਸਕਦਾ, ਉਸ ਨੂੰ ਸਚ ਮੁਚ ਦੁਨੀਆਂ ਦੀ ਕੋਈ ਤਾਕਤ ਡੇਗ ਨਹੀਂ ਸਕਦੀ। ਮਨੁਖ ਵਿਚਾਰਾ

ਤਾਂ ਕੀ ਚੀਜ਼ ਹੈ ? ਜਿਥੇ ਕੌਮ ਵਿਚ ਪਤਿਤ ਪੁਰਸ਼ ਤੇ ਪਤਿਤ ਇਸ-ਤ੍ਰੀਆਂ ਭੀ ਹਨ, ਉਥੇ ਅਜਿਹੇ ਭੈਣ ਭਰਾ ਭੀ ਹਨ, ਜਿਨ੍ਹਾਂ ਨੂੰ ਸੰਸਾਰ ਦੀ ਕੋਈ ਨਿੰਦਾ ਉਸਤਤ ਉਨ੍ਹਾਂ ਨੂੰ ਸੱਚੇ ਤੇ ਸ਼ੁਧ ਖ਼ਿਆਲਾਂ ਤੋਂ ਦੂਰ ਨਹੀਂ ਕਰ ਸਕਦੀ।

ਇਸ ਲਈ ਇਸਤ੍ਰੀਆਂ ਦੇ ਸਤ ਦਾ ਸਭ ਤੋਂ ਵਡਾ ਰੱਖਿਅਕ ਉਨ੍ਹਾਂ ਦਾ ਵਿਸ਼ਵਾਸ ਤਥਾ ਦਿਲ ਦਾ ਤੇਜਸ੍ਵੀ ਤੇ ਸਾਹਸ ਪੂਰਣ ਹੋਣਾ ਹੀ ਹੈ। ਇਸ ਦਾ ਦੂਜਾ ਉਪਾਉ ਪਤੀ ਵਿਚ ਸੱਚੀ ਸ਼ਰਧਾ ਤੇ ਪ੍ਰੇਮ ਹੈ। ਤੀਜਾ ਆਪਣਾ ਪਾਪ ਹੀਣ ਦਿਲ, ਆਤਮ ਸੰਜਮ ਤੇ ਅਭਿ-ਆਸ। ਚੌਥਾ ਇਸ ਚਲਦੇ ਸਮੇਂ ਵਿਚ ਹਰੇਕ ਮਨੁਖ ਨੂੰ ਚਾਹੀਦਾ ਹੈ ਕਿ ਉਹ ਬਹੁਤ ਸਮਝ ਸੋਚ ਕੇ ਆਪਣੀਆਂ ਜ਼ਿਮੇਵਾਰੀਆਂ ਦਾ ਖਿਆਲ ਰਖ ਕੇ ਮਿਤ੍ਰ ਚੁਣੇ। ਬਹੁਤੇ ਮਨੁਖਾਂ ਨਾਲ ਬਹੁਤਾ ਮਿਲਾਪ ਕਦੇ ਸੁਖਦਾਈ ਨਹੀਂ ਹੁੰਦਾ। ਇਸ ਜੀਵਨ ਵਿਚ ਦੋ ਇਕ ਸੱਚੇ ਮਿਤ੍ਰ ਹੀ ਚੁਣਨ ਦਾ ਯਤਨ ਕਰਨਾ ਚਾਹੀਦਾ ਹੈ। ਅਜਿਹਾ ਇਕ ਵੀ ਮਿਲ ਜਾਵੇ, ਜੋ ਸਚਾਈ ਨਾਲ ਨਿਰਬਾਹ ਕਰ ਸਕੇ; ਤਾਂ ਸਮਝੋ ਕਿ ਸਾਨੂੰ ਸਭ ਕੁਝ ਮਿਲ ਗਿਆ, ਕਿਉਂਕਿ ਸੱਚੇ ਮਿਤ੍ਰ ਨਾਲੋਂ ਵਧ ਕੇ ਦੂਜੀ ਦੁਰਲਭ ਚੀਜ਼ ਦੁਨੀਆਂ ਵਿਚ ਹੋਰ ਕੋਈ ਨਹੀਂ।

ਜੇਕਰ ਇਸਤ੍ਰੀ ਪੱਕੀ, ਸੱਚੀ ਤੇ ਸਤੀ ਹੋਵੇ ਤਾਂ ਉਸ ਨੂੰ ਕੋਈ ਨਹੀਂ ਡੇਗ ਸਕਦਾ ਤੇ ਜਦ ਤਕ ਕੋਈ ਇਸਤ੍ਰੀ ਆਪਣੇ ਮਨ ਨੂੰ ਪਰ ਪੁਰਸ਼ ਦੇ ਵਿਕਾਰਾਂ ਤੋਂ ਬਚਾ ਕੇ ਰਖਦੀ ਹੈ, ਜਦ ਤਕ ਉਹ ਸੱਚੇ ਦਿਲੋਂ ਪਤੀ ਦਾ ਭਲਾ ਚਾਹੁਣ ਵਾਲੀ ਹੈ, ਤਦ ਤਕ ਜਬਰਨ ਉਸ ਦੀ ਮਰਜ਼ੀ ਨਾ ਹੋਣ ਪਰ ਵੀ ਉਸ ਦਾ ਸਰੀਰ ਜੇਕਰ ਅਪ-ਵਿਤ੍ਰ ਹੋ ਜਾਵੇ, ਤਾਂ ਉਸ ਦੇ ਸਤ ਵਿਚ ਕੋਈ ਫ਼ਰਕ ਨਹੀਂ ਪੈ ਸਕਦਾ। ਅਜਿਹੀ ਦਸ਼ਾ ਵਿਚ ਉਸ ਦੇ ਪਤੀ ਦਾ ਇਹ ਫ਼ਰਜ਼ ਹੈ ਕਿ ਆਪਣੀ ਪਤਨੀ ਨੂੰ ਉਹ ਪਹਿਲੇ ਦੀ ਤਰ੍ਹਾਂ ਹੀ ਆਪਣੇ ਦਿਲ ਵਿਚ ਥਾਂ ਦੇਵੇ ਅਥਵਾ ਪਿਆਰ ਕਰੇ।

# ਕੁਝ ਜ਼ਰੂਰੀ ਗੱਲਾਂ

ਅਜੇਹੇ ਸਮੇਂ ਬਹੁਤ ਆਉਂਦੇ ਹਨ—ਜਦ ਝੂਠੇ ਖ਼ਿਆਲ ਸਾਨੂੰ ਜੋਸ਼ੀਲਾ ਬਣਾ ਦੇਂਦੇ ਹਨ। ਉਸ ਵੇਲੇ ਅਕਲ ਉਤੇ ਪਰਦਾ ਪੈ ਜਾਂਦਾ ਹੈ। ਲੋਕ ਅਨੁਮਾਨ ਤੋਂ ਹੀ ਅਜਿਹੀਆਂ ਗੱਲਾਂ ਦੀ ਕਲਪਣਾ ਕਰ ਲੈਂਦੇ ਹਨ ਜਿਨ੍ਹਾਂ ਦਾ ਨਾ ਸਿਰ ਹੁੰਦਾ ਹੈ ਨਾ ਪੈਰ। ਇਸ ਤਰ੍ਹਾਂ ਝੂਠੇ ਵਹਿਮਾਂ ਕਰ ਕੇ ਕਦੇ ਕਦੇ ਗ਼ਲਤ-ਫ਼ਹਿਮੀ ਪੈਦਾ ਹੋ ਜਾਂਦੀ ਹੈ, ਉਹ ਅੰਤ ਵਿਚ ਨਿਰਾਸਤਾ ਤੇ ਚੁਪ ਦੇ ਕਾਰਣ ਸੱਚੀ ਜਾਪਦੀ ਹੈ। ਦਿਨ ਰਾਤ ਝੂਠੀਆਂ ਸੱਚੀਆਂ ਗੱਲਾਂ ਸੁਣਦਿਆਂ ਸੁਣਦਿਆਂ ਮਨ ਖੱਟਾ ਤੇ ਵਹਿਮੀ ਹੋ ਜਾਂਦਾ ਹੈ। ਥੋੜੀ ਥੋੜੀ ਗੱਲ ਉਤੇ ਸ਼ੱਕ ਹੋ ਪੈਂਦਾ ਹੈ। ਇਕ ਦੂਸਰੇ ਦੇ ਚਾਲ-ਚਲਣ ਉਤੇ ਸ਼ੱਕ ਕਰਨਾ ਤੇ ਲੁਕ ਲੁਕ ਕੇ ਭੇਦ ਲੈਂਦੇ ਫਿਰਨਾ ਆਦਿਕ ਅਜਿਹੀਆਂ ਗੱਲਾਂ ਹਨ, ਜਿਨ੍ਹਾਂ ਤੋਂ ਪਤੀ ਪਤਨੀ ਦੇ ਦਿਲ ਵਿਚ ਭਾਰੀ ਫ਼ਰਕ ਪੈ ਜਾਂਦਾ ਹੈ। ਇਸ ਲਈ ਕਿਸੇ ਨਿਰਦੋਸ਼ ਉਤੇ ਸ਼ੱਕ ਕਰਨਾ ਜਾਂ ਉਸ ਦੀ ਨਿੰਦਿਆ ਕਰਨੀ ਠੀਕ ਨਹੀਂ। ਪਤੀ ਪਤਨੀ ਦੋਹਾਂ ਦਾ ਫ਼ਰਜ਼ ਹੈ ਕਿ ਉਹ ਇਕ ਦੂਜੇ ਨੂੰ ਚੰਗੀ ਤਰ੍ਹਾਂ ਸਮਝ ਲੈਣ ਤੇ ਵਿਸ਼-ਵਾਸ ਰੱਖਣ। ਜਿਥੇ ਸੱਚਾ ਭਰੋਸਾ ਹੁੰਦਾ ਹੈ, ਉਥੇ ਇਕ ਤਰ੍ਹਾਂ ਦਾ ਸੁਖ ਹੁੰਦਾ ਹੈ।

ਦੂਜੀ ਗੱਲ ਆਲਸ ਤੇ ਬੇਕਾਰੀ ਹੈ, ਇਨ੍ਹਾਂ ਦੋਹਾਂ ਗੱਲਾਂ ਤੋਂ ਸਦਾ ਬਚਣਾ ਚਾਹੀਦਾ ਹੈ। ਬਹੁਤ ਸਾਰੀਆਂ ਇਸਤ੍ਰੀਆਂ ਅਜੇਹੀਆਂ ਹੁੰਦੀਆਂ ਹਨ, ਜਿਹੜੀਆਂ ਆਪਣਾ ਸਮਾਂ ਦੂਜਿਆਂ ਘਰਾਂ ਦੀ ਜਾਂਚ-ਪੜਤਾਲ ਤੇ ਬੁਰਿਆਈਆਂ ਦੀ ਛਾਣ-ਬੀਣ ਕਰਨ ਵਿਚ ਗੁਜ਼ਾ-

ਰਦੀਆਂ ਹਨ। "ਫਲਾਣੀ ਅਜਿਹੀ ਹੈ, ਫਲਾਣੀ ਦੇ ਕੋਲ ਫਲਾਣਾ ਆਦਮੀ ਬਹੁਤ ਆਉਂਦਾ ਹੈ, ਉਹ ਅਜਿਹਾ ਹੈ, ਫਲਾਣੀ ਕੁੜੀ ਉਸ ਜਵਾਨ ਲੜਕੇ ਨਾਲ ਪਤਾ ਨਹੀਂ ਕੀ ਕੀ ਗੱਲਾਂ ਕਰਦੀ ਹੈ।" ਇਸ ਤਰ੍ਹਾਂ ਸੰਸਾਰ ਭਰ ਦੀਆਂ ਵਾਧੂ ਇਸਤ੍ਰੀਆਂ ਵਿਹਲੀਆਂ ਇਸ-ਤ੍ਰੀਆਂ ਵਿਚ ਛਿੜ ਪੈਂਦੀਆਂ ਹਨ। ਪਤਾ ਨਹੀਂ ਉਨ੍ਹਾਂ ਨੂੰ ਏਸ ਕੰਮ ਲਈ ਕਿਥੋਂ ਸਮਾਂ ਲੱਭ ਪੈਂਦਾ ਹੈ। ਅਜਿਹੇ ਆਦਮੀ ਤਾਂ ਬਹੁਤ ਹਨ ਜਿਨ੍ਹਾਂ ਦੇ ਕੰਨਾਂ ਤਕ ਕਦੇ ਭੀ ਘਰੋਗੀ ਜੀਵਨ ਦੀਆਂ ਝੂਠੀਆਂ ਖ਼ਬਰਾਂ ਨਹੀਂ ਪਹੁੰਚਦੀਆਂ, ਪਰ ਉੱਚੇ ਤੋਂ ਉੱਚੇ ਵਿਚਾਰ ਵਾਲੀ ਇਸਤ੍ਰੀ ਦੇ ਕੰਨਾਂ ਤਕ ਵੀ ਕਿਸੇ ਪੁਰਸ਼ ਜਾਂ ਕਿਸੇ ਇਸਤ੍ਰੀ ਦੀ ਬੁਰਾਈ ਦੇ ਸਰਟੀਫ਼ਿਕੇਟ ਜ਼ਰੂਰ ਪਹੁੰਚ ਜਾਂਦੇ ਹਨ।

ਪੁਰਸ਼ ਸੁਭਾਵ ਤੋਂ ਹੀ ਵਿਹਾਰੀ ਤੇ ਕੁਝ ਗੰਭੀਰ ਹੁੰਦਾ ਹੈ, ਇਸ ਲਈ ਉਸ ਦੇ ਪਾਸ ਪਹਿਲਾਂ ਤਾਂ ਅਜੇਹੀਆਂ ਗੱਲਾਂ ਦਾ ਪਹੁੰਚਣਾ ਹੀ ਔਖਾ ਹੈ, ਜੇਕਰ ਪਹੁੰਚਦੀਆਂ ਭੀ ਹਨ, ਤਾਂ ਉਸ ਨੂੰ ਇਨ੍ਹਾਂ ਵਲ ਬਹੁਤਾ ਧਿਆਨ ਦੇਣ ਦਾ ਸਮਾਂ ਤੇ ਆਦਤ ਨਹੀਂ ਹੁੰਦੀ। ਪਰ ਇਸਤ੍ਰੀਆਂ-ਕਿਸੇ ਨਾਲ ਜ਼ਰਾ ਜਾਣ ਪਛਾਣ ਹੋਈ ਕਿ ਬਸ ਇਕ ਹੀ ਦਿਨ ਵਿਚ ਆਪਣੇ ਦਿਲ ਦਾ ਸਾਰਾ ਕੱਚਾ ਚਿੱਠਾ ਉਸ ਦੇ ਅੱਗੇ ਰਖ ਦੇਂਦੀਆਂ ਹਨ। ਬਹੁਤ ਸਾਰੀਆਂ ਇਸ-ਤ੍ਰੀਆਂ ਨੂੰ ਅਜਿਹੀਆਂ ਗੁਪਤ ਗੱਲਾਂ-ਬਹੁਤ ਕਰਕੇ ਝੂਠੀਆਂ ਗੱਲਾਂ-ਵਿਚ ਇਕ ਤਰ੍ਹਾਂ ਦਾ ਸੁਆਦ ਆਉਂਦਾ ਹੈ।

ਅਜਿਹੀਆਂ ਇਸਤ੍ਰੀਆਂ ਆਪਣਾ ਜੀਵਨ ਤੇ ਸਮਾਂ ਨਸ਼ਟ ਕਰਦੀਆਂ ਹਨ। ਫੇਰ ਜਿਨ੍ਹਾਂ ਨੂੰ ਉਹ ਸਖੀ ਸਹੇਲੀ ਬਣਾ ਕੇ ਐਸੀਆਂ ਗੱਲਾਂ ਕਹਿੰਦੀਆਂ ਸੁਣਦੀਆਂ ਹਨ, ਉਨ੍ਹਾਂ ਨੂੰ ਭੀ ਚੌੜ ਕਰ ਦੇਂਦੀਆਂ ਹਨ, ਜਿਨ੍ਹਾਂ ਦੀ ਝੂਠੀ ਸੱਚੀ ਨਿੰਦਿਆ ਦਾ ਪ੍ਰਚਾਰ ਕਰਦੀਆਂ ਹਨ, ਉਨ੍ਹਾਂ ਦਾ ਜੀਵਨ ਭੀ ਨਸ਼ਟ ਹੋ ਜਾਂਦਾ ਹੈ। ਚੰਗੀਆਂ ਇਸਤ੍ਰੀਆਂ ਉਹ ਹਨ, ਜੋ ਆਪਣੇ ਦਿਲ ਨੂੰ ਸਦਾ ਸਾਫ਼

ਤੇ ਨਿਰਮਲ ਰਖਦੀਆਂ ਹਨ। ਆਪਣੇ ਘਰ ਨੂੰ ਸੁਖ ਸ਼ਾਂਤੀ ਵਾਲਾ ਬਨਾਉਣ ਤੇ ਹੋਰ ਜ਼ਰੂਰੀ ਕੰਮਾਂ ਵਿਚ ਲਗੀਆਂ ਰਹਿੰਦੀਆਂ ਹਨ, ਅਤੇ ਅਜੇਹੀਆਂ ਗੱਲਾਂ ਉਪਰ ਧਿਆਨ ਹੀ ਨਹੀਂ ਦੇਂਦੀਆਂ।

ਸੁਖ ਅਜੇਹੀਆਂ ਇਸਤ੍ਰੀਆਂ ਨੂੰ ਹੀ ਮਿਲਦਾ ਹੈ, ਜਿਹੜੀਆਂ ਸਦਾ ਆਪਣੇ ਕੰਮਾਂ ਵਿਚ ਲਗੀਆਂ ਰਹਿੰਦੀਆਂ ਹਨ। ਅਜੇਹੀਆਂ ਇਸਤ੍ਰੀਆਂ ਜਦ ਕਿਸੇ ਭੈਣ ਭਰਾ ਨੂੰ ਉੱਚਾ ਉਠਦਾ ਦੇਖਦੀਆਂ ਹਨ, ਤਾਂ ਦਿਲ ਵਿਚ ਪ੍ਰਸੰਨ ਹੁੰਦੀਆਂ ਹਨ ਅਤੇ ਜੇ ਕਿਸੇ ਨੂੰ ਹੇਠਾਂ ਡਿਗਦਾ ਵੇਖਦੀਆਂ ਹਨ ਤਾਂ ਦੁਖੀ। ਉਸ ਤੇ ਨਫ਼ਰਤ ਕਰਨ ਦੀ ਥਾਂ ਸਗੋਂ ਦਇਆ ਕਰਦੀਆਂ ਹਨ ਅਤੇ ਵਸ ਚਲੇ ਤਾਂ ਉਸ ਨੂੰ ਬਚਾਉਣ ਦਾ ਯਤਨ ਕਰਦੀਆਂ ਹਨ । ਉਸ ਨੂੰ ਬਦਨਾਮੀ ਤੋਂ ਬਚਾਉਂਦੀਆਂ ਹਨ। ਉਹ ਇਹ ਨਹੀਂ ਕਰਦੀਆਂ ਕਿ ਦੋ ਚਾਰ ਹੋਰ ਆਪਣੀ ਵਲੋਂ ਘੜ ਕੇ ਲਾ ਦੇਣ। ਅਜਿਹੀਆਂ ਇਸਤ੍ਰੀਆਂ ਖੁਦ ਸੁਖੀ ਵਸਦੀਆਂ, ਦੂਜਿਆਂ ਨੂੰ ਸੁਖੀ ਕਰਦੀਆਂ ਤੇ ਪਤੀ ਨੂੰ ਭੀ ਚਿੰਤਾ, ਫ਼ਿਕਰਾਂ ਤੋਂ ਬਚਾਈ ਰਖਦੀਆਂ ਹਨ । ਇਸ ਲਈ ਸਦਾ ਹੀ ਵੇਹਲੇ ਰਹਿਣ ਤੋਂ ਬਚੇ ਅਤੇ ਨਿੰਦਕ ਇਸਤ੍ਰੀਆਂ ਪਾਸੋਂ ਦੂਰ ਰਹੋ। ਸਦਾ ਪਤੀ ਉਪਰ ਭਰੋਸਾ ਰਖੋ। ਕੋਈ ਬੁਰਾਈ ਕਦੇ ਵੇਖੋ ਤਾਂ ਪਤੀ ਨੂੰ ਉਸ ਵਲੋਂ ਹਟਣ ਲਈ ਪਿਆਰ ਨਾਲ ਆਖੋ, ਉਸ ਦੀ ਗ਼ਲਤੀ ਨੂੰ ਆਪ ਦੂਰ ਕਰਨਾ ਬੜੀ ਭਾਰੀ ਸਿਆਣਪ ਹੈ।

ਤੀਜੀ ਗੱਲ ਇਹ ਹੈ ਕਿ ਵਿਆਹਿਤ-ਜੀਵਨ ਵਿਚ ਇਕ ਦੂਜੇ ਲਈ ਤਿਆਗ ਕਰਨਾ ਪੈਂਦਾ ਹੈ। ਪਤੀ ਲਈ ਪਤਨੀ ਨੂੰ ਅਤੇ ਪਤਨੀ ਲਈ ਪਤੀ ਨੂੰ ਸਦਾ ਹੀ ਕਸ਼ਟ ਸਹਿਣ ਲਈ ਤਿਆਰ ਰਹਿਣਾ ਚਾਹੀਦਾ ਹੈ। ਇਕ ਦੀ ਗ਼ਲਤੀ ਨੂੰ ਜਦ ਦੂਜਾ ਭੀ ਆਪਣੀ ਗ਼ਲਤੀ ਸਮਝੇਗਾ, ਓਦੋਂ ਹੀ ਸੱਚਾ ਆਨੰਦ ਪ੍ਰਾਪਤ ਹੋਵੇਗਾ। ਜਿਹੜੇ ਇਸਤ੍ਰੀ ਪੁਰਸ਼ ਇਕ ਦੂਜੇ ਨੂੰ ਪਿਆਰ ਕਰਦੇ ਹਨ, ਉਨ੍ਹਾਂ

ਨੂੰ ਇਕ ਦੂਜੇ ਦੀ ਸਿਹਤ ਦਾ, ਇਕ ਦੂਜੇ ਦੇ ਸੁਖ ਦੁਖ ਦਾ ਬੜਾ ਧਿਆਨ ਰਹਿੰਦਾ ਹੈ।

ਚੌਥੀ ਗੱਲ ਇਹ ਹੈ ਕਿ ਇਸਤ੍ਰੀਆਂ ਆਪਣੇ ਸ਼ਿੰਗਾਰ ਤੇ ਗਹਿਣੇ ਕਪੜੇ ਵਿਚ ਬਹੁਤ ਸਾਰਾ ਸਮਾਂ ਤੇ ਧਨ ਨਸ਼ਟ ਕਰਦੀਆਂ ਹਨ। ਸੁੰਦਰਤਾ ਕਾਲੇ ਗੋਰੇ ਹੋਣ ਵਿਚ ਨਹੀਂ, ਸੱਚੀ ਸੁੰਦ੍ਰਤਾ ਤਾਂ ਦਿਲ ਦੀ ਹੈ ਜੋ ਸਾਰੀ ਉਮਰ ਕਾਇਮ ਰਹਿੰਦੀ ਹੈ। ਜਿਨ੍ਹਾਂ ਨੂੰ ਵਾਹਿਗੁਰੂ ਨੇ ਸੁੰਦਰ ਸਰੀਰ ਦਿਤਾ ਹੈ, ਉਹ ਸੋਨੇ ਚਾਂਦੀ ਦੇ ਵਾਧੂ ਗਹਿਣਿਆਂ ਨਾਲ ਸਗੋਂ ਉਸ ਨੂੰ ਭੈੜਾ ਤੇ ਬਨਾਵਟੀ ਬਣਾ ਲੈਂਦੀਆਂ ਹਨ।

ਸਾਦਗੀ ਨਾਲੋਂ ਵਧ ਕੋਈ ਸੁੰਦ੍ਰਤਾ ਨਹੀਂ। ਵਿਆਹਤਾ ਇਸਤ੍ਰੀ ਲਈ ਪਤੀ ਨਾਲੋਂ ਵਡਾ ਹੋਰ ਕੋਈ ਗਹਿਣਾ ਹੀ ਨਹੀਂ। ਬਹੁਤ ਸਾਰੀਆਂ ਇਸਤ੍ਰੀਆਂ ਪਤੀ ਨੂੰ ਗਹਿਣੇ ਕਪੜੇ ਲਈ ਬਹੁਤ ਤੰਗ ਕਰਦੀਆਂ ਹਨ। ਇਥੋਂ ਤਕ ਕਿ ਛੋਟੀਆਂ ਛੋਟੀਆਂ ਗੱਲਾਂ ਲਈ ਘਰ ਵਿਚ ਲੜਾਈ ਪੈ ਜਾਂਦੀ ਹੈ। ਸਭ ਤੋਂ ਪਹਿਲੀ ਗੱਲ ਇਸ ਸੰਬੰਧੀ ਇਹ ਯਾਦ ਰਖਣੀ ਚਾਹੀਦੀ ਹੈ ਕਿ ਗਹਿਣੇ ਸਰੀਰ ਨੂੰ ਬਣਾਉਟੀ ਬਣਾ ਛਡਦੇ ਹਨ। ਗਹਿਣਿਆਂ ਵਿਚ ਵਿਖਾਵੇ ਦਾ ਤੇ ਆਪਣੇ ਘਰ ਦੀ ਗ਼ਰੀਬੀ ਨੂੰ ਛੁਪਾ ਕੇ ਝੂਠੀ ਇਜ਼ਤ ਵਡਿਆਈ ਪ੍ਰਾਪਤ ਕਰਨ ਲਈ ਆਪਣੇ ਆਪ ਨੂੰ ਧਨਵਾਨ ਵਿਖਾਉਣ ਦਾ ਹੀ ਭਾਵ ਹੁੰਦਾ ਹੈ। ਇਨ੍ਹਾਂ ਹੀ ਗੱਲਾਂ ਤੋਂ ਲੋਕ ਇਸਤ੍ਰੀ ਨੂੰ ਮਨ ਪਰਚਾਉਣ ਤੇ ਭੋਗਣ ਦੀ ਚੀਜ਼ ਸਮਝਦੇ ਹਨ।

ਇਕ ਇਸਤ੍ਰੀ ਨੂੰ ਚੰਗੇ ਚੰਗੇ ਕਪੜੇ ਤੇ ਗਹਿਣੇ ਪਾਕੀ ਵੇਖਕੇ ਦੂਜਿਆਂ ਦੇ ਮਨ ਵਿਚ ਵੀ ਉਹੋ ਜਿਹੇ ਪਾਉਣ ਦਾ ਲੋਭ ਪੈਦਾ ਹੁੰਦਾ ਹੈ ਤੇ ਉਹ ਆਪਣੇ ਪਤੀ ਨੂੰ ਬਣਵਾ ਦੇਣ ਲਈ ਤੰਗ ਕਰਦੀਆਂ ਹਨ, ਭਾਵੇਂ ਉਸ ਵਿਚਾਰੇ ਵਿਚ ਹਿੰਮਤ ਹੋਵੇ ਜਾਂ ਨਾ। ਇਸ ਵਿਚ ਇਹ ਭੀ ਦੋਸ਼ ਹੈ ਕਿ ਇਸ ਤਰ੍ਹਾਂ ਅੰਨ੍ਹੇ ਵਾਹ ਨਕਲ

ਕਰਨ ਦੀ ਆਦਤ ਪੈ ਜਾਂਦੀ ਹੈ।

ਰਾਜਨੀਤੀ ਤੇ ਮਨੁੱਖ-ਪੁਣੇ ਦੀ ਨਜ਼ਰ ਵਿਚ ਭੀ ਇਹ ਆਦਤ ਬਹੁਤ ਬੁਰੀ ਹੈ। ਸਾਡੇ ਗ਼ਰੀਬ ਦੇਸ ਵਿਚ ਕਿੰਨੀਆਂ ਹੀ ਦੁਖੀ ਭੈਣਾਂ ਨੂੰ ਰਜਵੀਂ ਰੋਟੀ ਨਸੀਬ ਨਹੀਂ ਹੁੰਦੀ, ਕਈ ਗ਼ਰੀਬ ਮਾਵਾਂ ਆਪਣੇ ਬੱਚਿਆਂ ਨੂੰ ਪੈਸੇ ਦਾ ਦੁਧ ਲੈ ਕੇ ਨਹੀਂ ਪਿਆ ਸਕਦੀਆਂ, ਅਤੇ ਨਾ ੳਨ੍ਹਾਂ ਦੀ ਛਾਤੀ ਵਿਚ ਭੁੱਖ ਕਰ ਕੇ ਦੁਧ ਪੈਦਾ ਹੀ ਹੁੰਦਾ ਹੈ। ਪਤਾ ਨਹੀਂ ਦੇਸ ਵਿਚ ਕਿੰਨੇ ਭੈਣ ਭਰਾਵਾਂ ਨੂੰ ਰੋਟੀ ਲਈ ਨਿਰਾਦਰ ਸਹਿਣਾ ਪੈਂਦਾ ਹੈ, ਪਤਾ ਨਹੀਂ ਇਸ ਤਰ੍ਹਾਂ ਕਿੰਨੇ ਹਜ਼ਾਰਾਂ ਰੋਜ਼ ਭੁੱਖੇ ਰਹਿੰਦੇ ਹਨ, ਪਤਾ ਨਹੀਂ ਅੱਜ ਕਿੰਨੀਆਂ ਭੈਣਾਂ ਨੂੰ ਸਿਰਫ਼ ਪੇਟ ਦੀ ਖ਼ਾਤਰ ਹੀ ਆਪਣਾ ਸਤ ਵੇਚਣਾ ਪੈਂਦਾ ਹੈ। (ਫੇਰ ਭੀ ਇਹ ਅਭਾਗਾ ਦੇਸ਼ ਇਸ ਹੀਣੀ ਹਾਲਤ ਵਿਚ ਪੈਰਾਂ ਹੇਠ ਲਤਾੜਿਆ ਤੇ ਕਈ ਤਰ੍ਹਾਂ ਨਾਲ ਦਿਨ ਰਾਤ ਲੁਟਿਆ ਜਾ ਰਿਹਾ ਹੈ) ਅਜਿਹੀ ਹਾਲਤ ਵਿਚ ਭੈਣਾਂ ਦਾ ਨਿਰੋਲ ਦਿਖਾਵੇ ਤੇ ਫ਼ੈਸ਼ਨ ਲਈ ਕਪੜੇ ਤੇ ਗਹਿਣੇ ਪਾ ਕੇ ਨਿਕਲਣਾ ਉਨ੍ਹਾਂ ਗ਼ਰੀਬ ਭੁਖਿਆਂ ਤੇ ਦੁਖੀਆਂ ਦੇ ਦੁਖ ਉਤੇ ਹਾਸੀ ਕਰਨੀ ਹੈ। ਮਾਇਕ ਨਜ਼ਰ ਨਾਲ ਵੀ ਗਹਿਣਾ ਘਾਟੇਵੰਦਾ ਸੌਦਾ ਹੈ। ਜੇ ਗਹਿਣੇ ਵਿਚ ਖਰਚ ਕੀਤੇ ਜਾਣ ਵਾਲੇ ਰੁਪਏ ਨੂੰ ਕਿਸੇ ਬੈਂਕ ਵਿਚ ਜਮਾ ਕਰ ਦੇਈਏ ਤਾਂ ਘਟੋ ਘਟ ਅਠ ਆਨੇ ਸੂਦ ਮਾਹਵਾਰੀ ਮਿਲੇ, ਤਾਂ ਸਾਲ ਵਿਚ ੬) ਰੁਪਏ ਹੋਰ ਵਧ ਗਏ। ਜੇਕਰ ੧੫-੧੬ ਵਰ੍ਹੇ ਤਕ ਉਹ ਰੁਪਿਆ ਬੈਂਕ ਵਿਚ ਪਿਆ ਰਹੇ ਤਾਂ ਫੇਰ ੧੦੦) ਦੇ ਦੂਣੇ ੨੦੦) ਰੁਪਏ ਹੋ ਜਾਂਦੇ ਹਨ। ਪਰ ਗਹਿਣਿਆਂ ਦਾ ਤਾਂ ੧੫-੧੬ ਸਾਲਾਂ ਪਿਛੋਂ ਅੱਧਾ ਮੁੱਲ ਭੀ ਨਹੀਂ ਵਟੀਂਦਾ। ਇਸ ਤਰ੍ਹਾਂ ਬੈਂਕ ਵਿਚ ਰਖਣ ਨਾਲ ਜਿਥੇ ਦੋ ਰੁਪਏ ਦੀ ਥਾਂ ੪) ਰੁਪਏ ਹੁੰਦੇ ਹਨ ਉਥੇ ਗਹਿਣਿਆਂ ਦੀ ਹਾਲਤ ਵਿਚ ੨) ਦਾ ਅੱਧਾ ੧) ਰੁਪਿਆ ਹੀ ਰਹਿ ਜਾਂਦਾ ਹੈ। ਇਹ ਸਿਰਫ ਸੂਦ ਦੀ ਗੱਲ ਹੈ।

ਜੇਕਰ ਉਸ ਗਹਿਣੇ ਵਾਲੇ ਰੁਪਏ ਨੂੰ ਵਪਾਰ ਵਿਚ ਲਾ ਦੇਈਏ ਤਾਂ ਇਕ ਸਾਲ ਵਿਚ ਹੀ ਦੂਣੇ ਹੋ ਜਾਣ । ਇਸ ਤਰ੍ਹਾਂ ਦੇਸ਼ ਦਾ ਰੁਪਿਆ ਗਹਿਣਿਆਂ ਵਿਚ ਹੀ ਕਈ ਕਰੋੜਾਂ ਲੱਗਾ ਪਿਆ ਹੈ, ਜਿਹੜਾ ਕਿਸੇ ਅਰਥ ਨਹੀਂ । ਸਗੋਂ ਉਸ ਵਿਚ ਦਿਨ ਰਾਤ ਘਾਟਾ ਹੀ ਘਾਟਾ ਹੋ ਰਿਹਾ ਹੈ ਤੇ ਚੋਰ ਡਾਕੂ ਵੱਖ ਲੁਟ ਮਾਰ ਤੇ ਖ਼ੂਨ ਕਰ ਰਹੇ ਹਨ । ਫੇਰ ਕੁਟੰਬੀ ਨਜ਼ਰ ਨਾਲ ਵੇਖੀਏ ਤਾਂ ਗਹਿਣੇ ਪਾਣ ਦੀ ਇਹ ਬੁਰਾਈ ਹੈ ਕਿ ਵਿਚਾਰਾ ਪਤੀ ਇਨ੍ਹਾਂ ਗਹਿਣਿਆਂ ਪਿੱਛੇ ਪਿੱਸ ਜਾਂਦਾ ਹੈ । ਉਸ ਨੂੰ ਆਪਣੀ ਇੱਜ਼ਤ ਛਿੱਕੇ ਤੇ ਟੰਗਣੀ ਪੈਂਦੀ ਹੈ । ਉਸ ਨੂੰ ਝੂਠ ਫਰੇਬ, ਹੇਰੀ ਧੋਖੇ ਨਾਲ ਰੁਪਿਆ ਕਠਾ ਕਰਨਾ ਪੈਂਦਾ ਹੈ । ਇਸ ਤਰ੍ਹਾਂ ਕਮਾਈ ਦਾ ਜਿਹੜਾ ਹਿੱਸਾ ਬਾਲਾਂ ਤੇ ਪਾਲਣ ਪੋਸਣ, ਵੱਡਿਆਂ ਬੁੱਢਿਆਂ ਦੀ ਸੇਵਾ ਤੇ ਦੀਨ ਦੁਖੀਆਂ ਦੀ ਰੋਟੀ ਵਿਚ ਖਰਚ ਹੋਣਾ ਸੀ, ਉਹ ਇਸ ਝੂਠੇ ਦਿਖਾਵੇ ਦੀ ਭੇਟ ਹੋ ਜਾਂਦਾ ਹੈ । ਇਸ ਤਰ੍ਹਾਂ ਗਹਿਣੇ ਬਨਾਉਣੇ ਤੇ ਪਾਉਣੇ ਨੀਤੀ, ਰਾਜਨੀਤੀ, ਮਨੁਖੀ ਆਰਥਿਕ ਤੇ ਕੁਟੰਬਕ ਆਦਿ ਹਰ ਤਰ੍ਹਾਂ ਨਾਲ ਬੁਰੇ ਹਨ । ਸੋ ਇਨ੍ਹਾਂ ਦੇ ਮੋਹ ਤੋਂ ਦੂਰ ਰਹਿਣਾ ਹੀ ਚੰਗਾ ਹੈ ।

ਪੰਜਵੀਂ ਗੱਲ ਇਹ ਹੈ ਕਿ ਆਪਣੀ ਸਿਹਤ ਤੇ ਸਦਾਚਾਰ ਦਾ ਸਦਾ ਧਿਆਨ ਰਖੋ । ਇਨ੍ਹਾਂ ਦੋਹਾਂ ਗਲਾਂ ਲਈ ਮਨ ਦੀ ਪਵਿਤ੍ਰਤਾ ਤੇ ਕੰਮ ਵਿਚ ਸਦਾ ਲਗੇ ਰਹਿਣਾ ਬਹੁਤ ਜ਼ਰੂਰੀ ਹੈ । ਨਿਕੰਮੀਆਂ ਤੇ ਆਲਸੀ ਇਸਤ੍ਰੀਆਂ ਛੇਤੀ ਭੈੜੇ ਖਿਆਲਾਂ ਤੇ ਬੁਰੀਆਂ ਗੱਲਾਂ ਦੇ ਜਾਲ ਵਿਚ ਫੱਸ ਜਾਂਦੀਆਂ ਹਨ । ਕਿਉਂਕਿ ਨਿਕੰਮਾ ਤੇ ਆਲਸੀ ਜੀਵਨ ਪਾਪਾਂ ਵਲ ਪ੍ਰੇਰਦਾ ਹੈ । ਪੁਰਸ਼ ਭਾਵੇਂ ਇਸਤ੍ਰੀ, ਨਿਕੰਮੇ ਰਹਿਣਾ ਦੋਹਾਂ ਲਈ ਬੁਰਾ ਹੈ । ਇਸ ਵਿਚ ਪਤਿਤ ਹੋਣ ਦੀ ਬਹੁਤੀ ਗੁੰਜਾਇਸ਼ ਹੈ । ਫੇਰ ਜਿਹੜੇ ਕੰਮ ਕਾਰ ਵਿਚ ਲਗੇ ਰਹਿੰਦੇ ਹਨ, ਉਨ੍ਹਾਂ ਨੂੰ ਚਿੰਤਾ ਤੇ ਫਿਕਰਾਂ ਦੇ

ਹੱਥੋਂ ਵੀ ਛੁਟਕਾਰਾ ਮਿਲ ਜਾਂਦਾ ਹੈ, ਕਿਉਂਕਿ ਵੇਹਲਾ ਸਮਾਂ ਹੀ ਨਹੀਂ ਹੁੰਦਾ। ਖਿੜੇ ਮੱਥੇ ਘਰਾਂ ਦੇ ਕੰਮ ਕਰਨ ਵਾਲੀਆਂ ਇਸਤ੍ਰੀਆਂ ਸਦਾ ਅਰੋਗ ਤੇ ਸੁਖੀ ਰਹਿੰਦੀਆਂ ਹਨ ।

ਛੇਵੀਂ ਗੱਲ ਇਹ ਹੈ ਕਿ ਸਦਾ ਖੁਸ਼ ਰਹਿਣ ਦੀ ਆਦਤ ਪਾਓ । ਖੁਸ਼ ਰਹਿਣ ਵਾਲੀ ਇਸਤ੍ਰੀ ਚੰਗੀ ਤੇ ਲਾਇਕ ਪਤਨੀ ਸਮਝੀ ਜਾਂਦੀ ਹੈ। ਖੁਸ਼ ਮਿਜ਼ਾਜ ਹੋਣਾ ਇਸਤ੍ਰੀ ਦਾ ਸਭ ਤੋਂ ਵੱਡਾ ਗੁਣ ਹੈ । ਇਸਤ੍ਰੀਆਂ ਦੇ ਜੀਵਨ ਵਿਚ ਛੋਟੀਆਂ ਮੋਟੀਆਂ ਕਈ ਗੱਲਾਂ ਹੋ ਜਾਂਦੀਆਂ ਹਨ, ਜਿਨ੍ਹਾਂ ਕਰਕੇ ਉਨ੍ਹਾਂ ਨੂੰ ਰੋਣਾ ਪੈਂਦਾ ਹੈ। ਪਰ ਸੱਚੀ ਗੁਣਵਾਨ ਇਸਤ੍ਰੀ ਰੋਣ ਦੀ ਗਲ ਨੂੰ ਹਾਸੇ ਵਿਚ ਹੀ ਟਾਲ ਛਡਦੀ ਹੈ, ਹੰਝੂਆਂ ਨੂੰ ਮੁਸਕਰਾਹਟ ਨਾਲ ਲੁਕਾ ਲੈਂਦੀ ਹੈ। ਇਸ ਨਾਲ ਉਹ ਆਪ ਭੀ ਅਰੋਗ ਰਹਿੰਦੀ ਹੈ ਤੇ ਦੂਜਿਆਂ ਦੇ ਦੁਖ ਦਾ ਕਾਰਨ ਭੀ ਨਹੀਂ ਬਣਦੀ । ਹਰ ਵੇਲੇ ਰਊ ਰਊਂ ਕਰਨ ਵਾਲੀਆਂ ਸਦਾ ਬੀਮਾਰ ਹੀ ਰਹਿੰਦੀਆਂ ਹਨ। ਚਿੜਚਿੜੀ, ਸੋਗੀ ਸੁਭਾਵ ਵਾਲੀ ਤੇ ਸਦਾ ਮੂੰਹ ਸੁਜਾਈ ਰਖਣ ਵਾਲੀ ਇਸਤ੍ਰੀ ਨੂੰ ਕੋਈ ਪਿਆਰ ਨਹੀਂ ਕਰਦਾ, ਸਾਰੇ ਹੀ ਉਸ ਤੋਂ ਤੰਗ ਤੇ ਦੁਖੀ ਰਹਿੰਦੇ ਹਨ । ਇਸਤ੍ਰੀ ਉਹ ਚੰਗੀ ਹੈ, ਜੋ ਦੁਖ ਭਰੀਆਂ ਗੱਲਾਂ ਨੂੰ ਹੱਸ ਕੇ ਟਾਲ ਦੇਵੇ, ਜਾਂ ਅਨ-ਸੁਣੀਆਂ ਕਰ ਛਡੇ । ਅਜਿਹੀਆਂ ਇਸਤ੍ਰੀਆਂ ਨੂੰ ਬੱਚੇ ਪਿਆਰ ਕਰਦੇ ਹਨ, ਜਵਾਨ ਆਪਣਾ ਸੱਚਾ ਮਿੱਤ੍ਰ ਸਮਝ ਹਨ ਤੇ ਬੁੱਢੇ ਬਜ਼ੁਰਗ ਉਨ੍ਹਾਂ ਤੇ ਕਿਰਪਾ ਰਖਦੇ ਹਨ। ਪਰ ਇਸ ਦਾ ਇਹ ਭੀ ਭਾਵ ਨਹੀਂ ਕਿ ਦਿਨ ਰਾਤ ਹਾਸੇ ਦੀਆਂ ਕਿਲਕਾਰੀਆਂ ਹੀ ਪੈਂਦੀਆਂ ਰਹਿਣ ਤੇ ਲੋੜ ਨਾਲੋਂ ਵਧ ਚੰਚਲਤਾ ਪ੍ਰਗਟ ਕੀਤੀ ਜਾਵੇ । ਨਹੀਂ ਸਗੋਂ ਸੰਜਮ ਤੇ ਗੰਭੀਰਤਾ ਨਾਲ ਸਾਰੇ ਕੰਮ ਕੀਤੇ ਜਾਣ ।

ਸਤਵੀਂ ਗੱਲ ਸਹਿਨ-ਸ਼ੀਲਤਾ ਹੈ। ਇਸਤ੍ਰੀ ਜੀਵਨ ਦਾ

ਇਹ ਭੀ ਜ਼ਰੂਰੀ ਗੁਣ ਹੈ । ਇਸ ਦੇ ਹੋਣ ਨਾਲ ਜੀਵਨ ਵਿਚ ਬਹੁਤ ਫ਼ਰਕ ਪੈ ਜਾਂਦਾ ਹੈ । ਇਕ ਅਮਰੀਕਨ ਇਸਤ੍ਰੀ ਨੇ ਠੀਕ ਲਿਖਿਆ ਹੈ ਕਿ—"ਇਕ ਇਸਤ੍ਰੀ ਤਾਂ ਮਾਮੂਲੀ ਭਾਜੀ ਲੈਕੇ ਉਸਨੂੰ ਅਜੇਹੀ ਸੁਆਦੀ ਬਣਾਵੇਗੀ ਕਿ ਖਾਣ ਵਾਲੇ ਉਂਗਲਾਂ ਪਏ ਚੱਟਣ; ਤੇ ਦੂਜੀ-ਮੂਰਖ ਤੇ ਕਾਹਲੀ ਇਸਤ੍ਰੀ- ਉਸੇ ਨੂੰ ਬੜੀ ਨਿਕੰਮੀ ਤੇ ਬੇਸੁਆਦ ਕਰ ਦੇਵੇਗੀ । ਚੀਜ਼ ਤਾਂ ਇਕੋ ਹੈ, ਪਰ ਰਿੰਨ੍ਹਣ ਵਾਲੀਆਂ ਵਿਚ ਫ਼ਰਕ ਹੈ।"

ਹਰ ਸਾਲ ਸਾਡੇ ਵਿਚੋਂ ਹਜ਼ਾਰਾਂ ਵਿਆਹ ਕਰਦੇ ਹਨ । ਪਰ ਚੌਥਾ ਪੰਜਵਾਂ ਹਿੱਸਾ ਤਾਂ ਐਵੇਂ ਹੀ ਨਸ਼ਟ ਹੋ ਜਾਂਦੇ ਹਨ। ਕਾਰਨ ਇਹ ਕਿ ਇਸਤ੍ਰੀ ਪੁਰਸ਼ ਦੋਵੇਂ ਹੀ ਆਪਸ ਵਿਚ ਵਡੇ ਸਵਾਰਥੀ ਹੁੰਦੇ ਹਨ। ਇਕ ਦੂਜੇ ਲਈ ਹਮਦਰਦੀ ਨਾ ਹੋਣ ਕਰਕੇ ਉਨ੍ਹਾਂ ਦਾ ਵਿਆਹ ਸੁਖਦਾਈ ਨਹੀਂ ਹੁੰਦਾ।

ਇਕ ਹੀ ਮਿਟੀ ਤੋਂ ਇਸਤ੍ਰੀ ਪੁਰਸ਼ ਦੋਵੇਂ ਬਣਦੇ ਹਨ। ਨਾ ਸਾਰੇ ਪੁਰਸ਼ ਦੇਵਤੇ ਹੁੰਦੇ ਹਨ ਤੇ ਨਾ ਸਾਰੀਆਂ ਇਸਤ੍ਰੀਆਂ ਦੇਵੀਆਂ। ਅਜੇਹਾ ਕੋਈ ਘਰ ਨਹੀਂ ਜਿਥੇ ਝਗੜਾ ਨਾ ਹੋਵੇ । ਇਸਤ੍ਰੀ ਪੁਰਸ਼ ਦੋਹਾਂ ਨੂੰ ਆਪਣੀਆਂ ਅਨੇਕਾਂ ਖਾਹਸ਼ਾਂ ਰੋਕਣੀਆਂ ਪੈਂਦੀਆਂ ਹਨ। ਕੇਵਲ ਸੰਤੋਖ, ਖਿਮਾਂ, ਸਹਿਨ ਸ਼ੀਲਤਾ, ਆਦਿ ਗੁਣਾਂ ਨਾਲ ਹੀ ਘਰ ਨੂੰ ਸੁਰਗ ਬਣਾ ਸਕੀਦਾ ਹੈ ।

ਜੀਵਨ ਦੇ ਸੁਖ ਤੇ ਕੁਟੰਬ ਦੀ ਸ਼ਾਂਤੀ ਲਈ ਸਹਿਨ-ਸ਼ੀਲਤਾ ਹੀ ਇਕ ਵੱਡਾ ਗੁਣ ਹੈ। ਗ੍ਰਹਿਸਤ ਵਿਚ ਸੰਜਮ ਜ਼ਰੂਰੀ ਹੈ। ਇਕ ਦੂਜੇ ਦੀ ਸਹਾਇਤਾ ਤੇ ਸੇਵਾ ਕਰਨ ਵਾਲਾ ਜੀਵਨ ਹੈ । ਉਸ ਵਿਚ ਪਤੀ ਪਤਨੀ, ਸਹੁਰੇ, ਸੱਸ, ਦੇਵਰ, ਜੇਠ ਕਿਸੇ ਨੂੰ ਵੀ ਇਹ ਹਠ ਨਹੀਂ ਕਰਨਾ ਚਾਹੀਦਾ ਕਿ ਸਿਰਫ ਮੇਰੀ ਹੀ ਗੱਲ ਮੰਨੀ ਜਾਵੇ, ਸਾਰਿਆਂ ਨੂੰ ਰਲ ਮਿਲਕੇ ਆਪੋ ਆਪਣੀਆਂ ਖਾਹਸ਼ਾਂ ਨੂੰ ਦੱਬ ਕੇ ਇਕ ਦੂਜੇ ਦੀ ਸਹਾਇਤਾ ਤੇ ਸੇਵਾ ਕਰਨ ਦਾ ਯਤਨ

ਕਰਨਾ ਤੇ ਸੰਤੋਖੀ ਹੋਣਾ ਚਾਹੀਦਾ ਹੈ।

ਇਹ ਸਚ ਹੈ ਕਿ ਤੁਸੀਂ ਜੇ ਨਿਰਦੋਸ਼ ਹੋਵੋ ਤੇ ਤੁਹਾਨੂੰ ਕੋਈ ਬੁਰਾ ਭਲਾ ਕਹੇ ਤਾਂ ਉਸ ਦਾ ਸਹਾਰਨਾ ਬਹੁਤ ਔਖਾ ਹੈ। ਪਰ ਸੰਸਾਰ ਵਿਚ ਜਿੰਨੀਆਂ ਚੀਜ਼ਾਂ ਹਨ, ਜਿੰਨੇ ਉਚੇ ਗੁਣ ਹਨ, ਸਭਨਾਂ ਦੀ ਇਹੋ ਹਾਲਤ ਹੈ। ਸਾਰੇ ਵੱਡੀ ਔਖਿਆਈ ਨਾਲ ਮਿਲਦੇ ਹਨ। ਜੇ ਤੁਸੀਂ ਸ਼ੁਰੂ ਵਿਚ ਹੀ ਤਕਲੀਫ ਸਹਿਕੇ ਤੇ ਆਪਣੇ ਮਨ ਉਤੇ ਕਾਬੂ ਰਖ ਕੇ ਸਹਿਨ-ਸ਼ੀਲਤਾ ਦਾ ਅਮੋਲਕ ਰਤਨ ਪ੍ਰਾਪਤ ਕਰ ਲਵੋ, ਤਾਂ ਤੁਸੀਂ ਆਪਣੇ ਅੰਦਰ ਇਕ ਅਪੂਰਵ ਅਸਰ ਨੂੰ ਪ੍ਰਤੀਤ ਕਰੋਗੇ। ਦੂਜਿਆਂ ਦੀ ਨਿੰਦਾ ਆਦਿ ਨੂੰ ਸਹਾਰ ਲੈਣਾ ਆਪਣੇ ਦਿਲ ਵਿਚ ਸੁਰਗ ਦੀ ਸ੍ਰਿਸ਼ਟੀ ਰਚਨ ਦੇ ਸਮਾਨ ਹੈ। ਦੂਜੇ ਕੀ ਆਖਦੇ ਹਨ, ਇਸ ਨੂੰ ਦੇਖਣ, ਦੁਖ ਤੇ ਚਿੰਤਾਵਾਨ ਰਹਿਣ ਨਾਲੋਂ ਤੁਸੀਂ ਇਹ ਸੋਚੋ ਕਿ ਤੁਸੀਂ ਬੇਕਸੂਰ ਨਹੀਂ। ਜੇਕਰ ਤੁਸੀਂ ਆਪਣੇ ਆਪ ਵਿਚ ਨਿਰਦੋਸ਼ ਹੋਵੋ, ਤਾਂ ਫੇਰ ਕਿਸੇ ਦੀ ਨਿੰਦਿਆ ਚੁਗਲੀ ਦੀ ਪ੍ਰਵਾਹ ਨਾ ਕਰੋ ਅਤੇ ਨਾ ਹੀ ਉਸ ਨਿੰਦਕ ਦਾ ਬੁਰਾ ਚਿਤਵੋ ਸੱਚ ਆਪੇ ਹੀ ਪ੍ਰਗਟ ਹੋ ਜਾਵੇਗਾ।

ਉਪਰ ਦਸੇ ਗੁਣਾਂ ਨੂੰ ਧਾਰਨ ਕਰ ਲੈਣ ਨਾਲ ਹਰ ਇਕ ਇਸਤ੍ਰੀ ਆਪਣੇ ਜੀਵਨ ਨੂੰ ਬਹੁਤ ਉੱਚਾ ਤੇ ਸੁਚਾ ਬਣਾ ਸਕਦੀ ਤੇ ਆਪਣੇ ਪ੍ਰਵਾਰ ਦਾ ਸੁਖ ਵਧਾ ਸਕਦੀ ਹੈ। ਇਹ ਸੱਚ ਹੈ ਕਿ ਸੁਖ ਪ੍ਰਵਾਰ ਦੇ ਹੋਰਨਾਂ ਮਨੁੱਖਾਂ ਦੇ ਸੁਭਾਵ ਉਤੇ ਭੀ ਨਿਰਭਰ ਹੈ। ਪਰ ਉੱਪਰ ਦੱਸੇ ਗੁਣਾਂ ਨੂੰ ਗ੍ਰਹਿਣ ਕਰ ਲੈਣ ਨਾਲ ਉਨ੍ਹਾਂ ਦਾ ਸੁਭਾਵ ਭੀ ਬਦਲ ਸਕੀਦਾ ਹੈ। ਜੇਕਰ ਭਲਾ ਇਹ ਨਾ ਭੀ ਹੋਵੇ ਤਾਂ ਆਪਣੇ ਮਨ ਨੂੰ ਤਾਂ ਸੰਤੋਖ ਸ਼ਾਂਤੀ ਮਿਲੇਗੀ। ਤੁਸੀਂ ਆਪ ਦੇਖ ਸਕਦੇ ਹੋ ਕਿ ਇਕ ਘਰ ਵਿਚ ਜਿਸਦੇ ਸਾਰੇ ਇਸਤ੍ਰੀ ਪੁਰਸ਼ ਸਿਆਣੇ ਤੇ ਹਸਮੁਖ ਹਨ, ਸੁਖ ਸ਼ਾਂਤੀ ਹੈ। ਪਤੀ ਖੁਸ਼ ਹੈ, ਪਤਨੀ ਖੁਸ਼ ਹੈ, ਸਹੁਰਾ ਖੁਸ਼ ਹੈ, ਸੱਸ ਖੁਸ਼ ਹੈ, ਸਾਰੇ ਅਰੋਗ ਤੇ ਚੰਗੇ ਹਨ,

ਬਰੇ ਭੀ ਹੱਸਦੇ ਖੇਡਦੇ ਤੇ ਰਿਸ਼ਟ ਪੁਸ਼ਟ ਹਨ। ਉਹ ਆਪਣੀਆਂ ਭੋਲੀਆਂ ਭਾਲੀਆਂ ਗਲਾਂ ਨਾਲ ਸਭਨਾਂ ਦੇ ਮਨ ਖੁਸ਼ ਕਰਦੇ ਰਹਿੰਦੇ ਹਨ।

ਘਰ ਭਾਵੇਂ ਛੋਟਾ ਜਿਹਾ ਹੈ, ਆਮਦਨ ਭੀ ਥੋੜੀ ਹੈ। ਪਰ ਸਾਰੇ ਕਿਉਂਕਿ ਇਕ ਦੂਜੇ ਨੂੰ ਆਪਣਾ ਕਰਕੇ ਸਮਝਦੇ ਤੇ ਪਿਆਰ ਕਰਦੇ ਹਨ, ਇਕ ਦੂਜੇ ਦੇ ਸੁਖ ਦੁਖ ਦਾ ਧਿਆਨ ਰਖਦੇ ਹਨ ਇਸ ਕਰਕੇ ਉਹ ਛੋਟਾ ਜਿਹਾ ਗਰੀਬ ਦਾ ਘਰ ਸੁਰਗ ਦਾ ਨਮੂਨਾ ਬਣ ਜਾਂਦਾ ਹੈ। ਇਸ ਦੇ ਉਲਟ ਦੂਜਾ ਘਰ ਹੈ। ਉਥੇ ਲੜਾਈ ਭੜਾਈ, ਗਾਲੀ-ਗਲੋਚ, ਮਾਰ ਕੁਟ ਤੇ ਅਸ਼ਾਂਤੀ ਦਾ ਰਾਜ ਹੈ। ਘਰ ਭੀ ਵੱਡਾ ਹੈ, ਮਾਲਕ ਕਮਾਊ ਹੈ, ਵਪਾਰ ਵਿਚੋਂ ਬਹੁਤੀ ਆਮਦਨੀ ਹੈ, ਪਰ ਇਸਤ੍ਰੀ ਮੂਰਖ ਹੈ ਉਸ ਦਾ ਕਿਸੇ ਕੰਮ ਵਿਚ ਮਨ ਨਹੀਂ ਲਗਦਾ। ਕਦੇ ਦਾਲ ਵਿਚ ਲੂਣ ਬਹੁਤਾ ਪਾ ਦੇਂਦੀ ਹੈ, ਤੇ ਕਦੇ ਰੋਟੀਆਂ ਸਾੜ ਛਡਦੀ ਹੈ। ਪਤੀ ਵੀ ਛੇਤੀ ਗੁਸੇ ਹੋ ਪੈਣ ਵਾਲਾ ਹੈ। ਉਹ ਜੇਕਰ ਗੁਸੇ ਹੁੰਦਾ ਹੈ ਤਾਂ ਪਤਨੀ ਉਸ ਨੂੰ ਦੋ ਚਾਰ ਸੁਣਾ ਕੇ ਹੋਰ ਭੜਕਾ ਦੇਂਦੀ ਹੈ। ਇਸ ਤਰ੍ਹਾਂ ਰੋਜ਼ ਝਗੜੇ ਪਏ ਰਹਿੰਦੇ ਹਨ। ਓਧਰ ਸਹੁਰਾ ਭੀ ਹਰ ਵੇਲੇ ਨੂੰਹ ਦੇ ਦੋਸ਼ ਹੀ ਕੱਢਦਾ ਰਹਿੰਦਾ ਹੈ। ਘਰ ਬਿਲਕੁਲ ਗੰਦਾ ਹੈ, ਕੋਈ ਚੀਜ਼ ਥਾਂ ਟਿਕਾਣੇ ਨਹੀਂ। ਰਸੋਈ ਵਿਚ ਮੈਲੇ ਕਪੜੇ ਪਏ ਹਨ। ਸੌਣ ਵਾਲੇ ਕਮਰੇ ਵਿਚ ਜੂਠੇ ਭਾਂਡੇ ਤੇ ਮਿੱਟੀ ਦੇ ਤੇਲ ਦਾ ਪੀਪਾ ਪਿਆ ਹੈ। ਮੇਜ਼ ਉਤੇ ਜੁਤੀਆਂ ਹਨ ਤੇ ਅਲਮਾਰੀ ਵਿਚ ਦਾਲਾਂ ਚੌਲਾਂ ਵਾਲੀਆਂ ਥਾਲੀਆਂ। ਚੂਹੇ ਇਧਰ ਦੌੜ ਕੇ ਮਾਨੋ ਖੁਸ਼ੀਆਂ ਮਨਾ ਰਹੇ ਹਨ, ਕਿਉਂਕਿ ਕਿਧਰੇ ਜੂਠ ਖਿਲਰੀ ਪਈ ਹੈ, ਕਿਧਰੇ ਸੁਕੀਆਂ ਰੋਟੀਆਂ ਪਈਆਂ ਹਨ, ਕਿਧਰੇ ਫਲਾਂ ਦੇ ਛਿਲੜ ਤੇ ਬੀ ਪਏ ਹਨ। ਮੱਖੀਆਂ ਵੀ ਹਰ ਇਕ ਦੀ ਥਾਲੀ ਵਿਚ ਬਿਨਾਂ ਬੁਲਾਏ ਰਲ ਖਾਣ ਲਈ ਆਣਕੇ ਬੈਠ ਜਾਂਦੀਆਂ ਹਨ। ਓਧਰ ਬਾਲ ਵਖਰੇ

ਹਨ, ਅਖਾਂ ਗਿਡਾਂ ਨਾਲ ਭਰੀਆਂ ਪਈਆਂ ਹਨ। ਕਿਧਰੇ ਆਪਸ ਵਿਚ ਲੜਦੇ ਭਿੜਦੇ ਹੋਏ ਮਾਰ ਕੁਟਾਈ ਤੇ ਰੋਣ ਨਾਲ ਘਰ ਨੂੰ ਸਿਰ ਤੇ ਚੁਕ ਰਖਿਆ ਹੈ । ਉਥੇ ਸ਼ਾਂਤੀ ਨਾਂ ਨੂੰ ਭੀ ਨਹੀਂ । ਇਸ ਤਰ੍ਹਾਂ ਨੇੜੇ ਵਸਦੇ ਹੋਏ ਦੋ ਘਰਾਂ ਵਿਚ ਵਖੋ ਵੱਖ ਨਜ਼ਾਰੇ ਦਿਸਦੇ ਹਨ ।

ਉਪਰ ਦੱਸੇ ਦੋਹਾਂ ਹੀ ਘਰਾਂ ਦੀਆਂ ਦੋਵੇਂ ਨੂੰਹਾਂ ਚਾਚੇ, ਤਾਏ ਦੀਆਂ ਧੀਆਂ, ਇਕੱਠੀਆਂ ਪਲੀਆਂ ਖੇਡਦੀਆਂ ਤੇ ਪੜ੍ਹੀਆਂ, ਸਿਆਣੀਆਂ ਹੋਣ ਪਰ ਦੋਹਾਂ ਨੂੰ ਦੋਹਾਂ ਦੇ ਮਾਪਿਆਂ ਨੇ ਵੱਡੀ ਧੂਮ ਧਾਮ ਨਾਲ ਵਿਆਹ ਦਿਤਾ । ਪਰ ਦੋਹਾਂ ਸੁਭਾਵਾਂ ਵਿਚ ਅਕਾਸ਼ ਪਤਾਲ ਦਾ ਫ਼ਰਕ ਹੈ। ਪਹਿਲੇ ਘਰ ਦੀ ਨੂੰਹ ਸੁਘੜ ਸਿਆਣੀ ਤੇ ਸਭਨਾਂ ਦੇ ਮਨ ਭਾਣੀ, ਤੇ ਦੂਜੇ ਘਰ ਵਾਲੀ ਪੜ੍ਹ ਲਿਖਕੇ ਵੀ ਮੂਰਖ, ਮਨਮੰਤਣ ਤੇ ਲੜਾਕੀ। ਪਹਿਲੇ ਘਰ ਵਾਲੀ ਨੂੰਹ ਜਦ ਭੀ ਕੋਈ ਗੱਲ ਕਰਦੀ ਤਾਂ ਜਾਣੋਂ ਉਸਦੇ ਮੂੰਹੋਂ ਫੁਲ ਝੜਦੇ। ਉਹ ਕਦੇ ਭੀ ਕੋਈ ਦਿਲ-ਦੁਖਾਵੀਂ ਗੱਲ ਮੂੰਹੋਂ ਨਹੀਂ ਕਢਦੀ। ਓਧਰ ਦੂਜੇ ਘਰ ਦੀ ਨੂੰਹ ਐਸੇ ਕੁਬੋਲ ਬੋਲਦੀ ਕਿ ਸੁਣਨ ਵਾਲੇ ਨੂੰ ਸਿਰ ਤੋਂ ਪੈਰਾਂ ਤੀਕ ਅੱਗ ਲਗ ਜਾਂਦੀ।

ਪਹਿਲੇ ਘਰ ਵਾਲੀ ਨੂੰਹ ਨੂੰ ਜੇ ਕੋਈ ਕੌੜਾ ਭੀ ਬੋਲਦਾ ਤਾਂ ਉਹ ਉਸ ਦਾ ਜਵਾਬ ਮਿਠਾਸ ਨਾਲ ਦੇਂਦੀ । ਅਪਣੇ ਪ੍ਰੇਮ ਤੇ ਭਗਤੀ-ਭਾਉ ਨਾਲ ਉਸ ਨੇ ਪਤੀ ਨੂੰ ਵਸ ਕਰ ਰਖਿਆ । ਉਹ ਆਪਣੀ ਸੇਵਾ, ਮਿਹਨਤ ਤੇ ਮਿੱਠੇ ਸੁਭਾਵ ਨਾਲ ਸੱਸ ਸਹੁਰੇ ਨੂੰ ਭੀ ਖੁਸ਼ ਰਖਦੀ, ਉਨ੍ਹਾਂ ਨੂੰ ਕਦੇ ਦੁਖੀ ਹੋਣ ਦਾ ਸਮਾਂ ਹੀ ਨਹੀਂ ਮਿਲਦਾ, ਉਹ ਦਿਉਰਾਂ ਜੇਠਾਂ, ਨਿਨਾਣਾਂ ਭਰਜਾਈਆਂ ਸਭਨਾਂ ਨਾਲ ਮਿੱਠਾ ਬੋਲਦੀ ਤੇ ਸਭ ਨੂੰ ਖ਼ੁਸ਼ ਰਖਣ ਦਾ ਯਤਨ ਕਰਦੀ। ਦਿਉਰਾਣੀਆਂ ਤਾਂ ਉਸ ਦੇ ਪਾਸ ਜਾ ਕੇ ਇਸ ਤਰ੍ਹਾਂ ਸਮਝਦੀਆਂ ਹਨ, ਜਾਣੋਂ ਉਨ੍ਹਾਂ ਦੀ ਸਕੀ ਮਾਂ ਹੈ, ਤੇ ਜਿਠਾਣੀਆਂ ਨੂੰ ਇਹ

ਮਾਲੂਮ ਹੁੰਦਾ ਕਿ ਜਾਣੋਂ ਉਨ੍ਹਾਂ ਦੀ ਛੋਟੀ ਭੈਣ ਹੈ। ਉਸ ਦੇ ਇਸ ਸੁਭਾਵ ਦਾ ਇਹ ਨਤੀਜਾ ਨਿਕਲਿਆ ਕਿ ਜੇ ਉਸ ਤੋਂ ਕੋਈ ਗ਼ਲਤੀ ਭੀ ਹੋ ਜਾਂਦੀ ਤਾਂ ਸਾਰੇ ਉਸ ਉਤੇ ਖਿਝਣ ਦੀ ਥਾਂ ਸਗੋਂ ਪਿਆਰ ਕਰਦੇ, ਦਿਲਾਸਾ ਦੇਂਦੇ ਕਿ ਕੋਈ ਡਰ ਨਹੀਂ। ਇਸ ਤਰ੍ਹਾਂ ਉਸ ਪ੍ਰਵਾਰ ਦੇ ਸਾਰੇ ਜਣੇ, ਇਕ ਦੂਜੇ ਦੀਆਂ ਭੁੱਲਾਂ ਨੂੰ ਸੰਭਾਲਣ ਦਾ ਯਤਨ ਕਰਦੇ।

ਸਾਰੇ ਪ੍ਰਵਾਰ ਦਾ ਚੰਗਾ ਹੋਣਾ ਨੇਕ ਨੂੰਹ ਦੇ ਚੰਗੇ ਸੁਭਾਵ ਕਰ ਕੇ ਹੈ, ਕਿਉਂਕਿ ਉਸ ਨੇ ਆਪਣੀ ਸੇਵਾ, ਆਪਣੇ ਪ੍ਰੇਮ, ਆਪਣੀ ਮਿਠਾਸ ਤੇ ਮਿਹਨਤ ਨਾਲ ਘਰ ਨੂੰ ਸੁਰਗ ਦਾ ਨਮੂਨਾ ਬਣਾ ਰਖਿਆ ਹੈ। ਉਹ ਛੋਟੀ ਤੋਂ ਛੋਟੀ ਗੱਲ ਦਾ ਭੀ ਧਿਆਨ ਰਖਦੀ ਜਿਸ ਤੋਂ ਕਿ ਮਨੁੱਖ ਦੇ ਦਿਲ ਉਤੇ ਵੱਡਾ ਅਸਰ ਪੈ ਜਾਂਦਾ ਹੈ।

ਇਸ ਲਈ ਕਿਸੇ ਘਰ ਨੂੰ ਚੰਗਾ, ਬੁਰਾ, ਸੁਖਦਾਈ ਜਾਂ ਦੁਖਦਾਈ ਬਣਾਉਣਾ, ਬਹੁਤ ਕਰ ਕੇ ਆਪਣੇ ਸੁਭਾਵ ਉਤੇ ਨਿਰਭਰ ਹੈ। ਆਪਣਾ ਸੁਭਾਵ ਚੰਗਾ ਬਣਾਓ, ਦੂਜਿਆਂ ਦੇ ਸੁਖ ਦੁਖ ਦਾ ਬਹੁਤਾ ਧਿਆਨ ਰਖੋ, ਕੋਈ ਕੌੜਾ ਬੋਲੇ ਤਾਂ ਭੀ ਉਸ ਦਾ ਹੱਸ ਕੇ ਜਵਾਬ ਦੇਵੋ, ਅਤੇ ਉਸ ਦੇ ਗੁੱਸੇ ਨੂੰ ਟਾਲ ਛੱਡੋ। ਫੇਰ ਭਾਵੇਂ ਕਿਤੇ ਭੀ ਰਹੋ ਤੁਸੀਂ ਸਦਾ ਸੁਖੀ ਰਹੋਗੀਆਂ।

ਸੰਸਾਰ ਵਿਚ ਅਜੇਹੇ ਭੀ ਕਈ ਘਰ ਹਨ, ਜਿਨ੍ਹਾਂ ਵਿਚ ਭਲੀਆਂ ਨੂੰਹਾਂ ਹਨ, ਪਰ ਉਨ੍ਹਾਂ ਨੂੰ ਫੇਰ ਭੀ ਦੁਖ ਭੋਗਣਾ ਪੈਂਦਾ ਹੈ। ਸੱਸ ਸਹੁਰੇ ਪੁਰਾਣੇ ਖ਼ਿਆਲਾਂ ਵਾਲੇ, ਤੇ ਵੱਡੇ ਛੋਟੇ ਖ਼ਿਆਲਾਂ ਵਾਲੇ ਹੁੰਦੇ ਹਨ। ਉਨ੍ਹਾਂ ਦਾ ਸੁਭਾਵ ਭੀ ਚਿੜ-ਚਿੜਾ ਤੇ ਦੂਜਿਆਂ ਦੇ ਨੁਕਸ ਕੱਢਣ ਵਾਲਾ ਹੁੰਦਾ ਹੈ। ਅਜੇਹੀ ਜਗ੍ਹਾ ਪਤੀ ਨੂੰ ਚਾਹੀਦਾ ਹੈ ਕਿ ਉਹ ਆਪਣੀ ਪਤਨੀ ਨੂੰ ਧੀਰਜ ਦੇਵੇ, ਨਾਲ ਹੀ ਉਸ ਦਾ ਇਹ ਭੀ ਫ਼ਰਜ਼ ਹੈ ਕਿ ਉਹ ਆਪਣੇ ਜਿੜਚਿੜੇ ਮਾਤਾ ਪਿਤਾ ਦਾ ਧਿਆਨ ਰਖੇ ਤੇ ਆਪਣੀ ਇਸਤ੍ਰੀ ਨਾਲ ਕੋਈ ਬੇ-

ਇਨਸਾਫ਼ੀ ਨਾ ਹੋਣ ਦੇਵੇ, ਜਿਸ ਨਾਲ ਉਹ ਦੁਖੀ ਹੋਵੇ ਤੇ ਉਸਦਾ ਦਿਲ ਟੁੱਟ ਜਾਵੇ। ਜਿਥੇ ਪਤੀ ਇਸ ਗੱਲ ਦਾ ਖ਼ਿਆਲ ਨਹੀਂ ਰਖਦੇ, ਉਥੇ ਨਤੀਜਾ ਇਹ ਹੁੰਦਾ ਹੈ ਕਿ ਉਹ ਆਪਣੇ ਮਨ ਵਿਚ ਸੋਚਦੀ ਹੈ ਕਿ ਪਤਾ ਨਹੀਂ ਮੈਂ ਕਿਹੜੇ ਪਾਪ ਕੀਤੇ ਸਨ ਕਿ ਐਸੇ ਘਰ ਆਣ ਪਈ ਹਾਂ, ਜਿਥੇ ਲਖ ਸੇਵਾ ਮਿਹਨਤਾਂ ਕਰਦਿਆਂ ਭੀ ਮੈਨੂੰ ਕੋਈ ਸੁਖ ਨਹੀਂ! ਕਈ ਇਸਤ੍ਰੀਆਂ ਤਾਂ ਬਹੁਤ ਦੁਖੀ ਹੋ ਜਾਂਦੀਆਂ ਹਨ।

ਇਹ ਸੱਚ ਹੈ ਕਿ ਇਸ ਤਰ੍ਹਾਂ ਦੇ ਵਿਚਾਰ ਮਨ ਵਿਚ ਲਿਆਉਣੇ ਇਕ ਤਰ੍ਹਾਂ ਦੀ ਕਮਜ਼ੋਰੀ ਹੈ, ਪਰ ਮਨੁੱਖ ਦਾ ਚਰਿਤ੍ਰ ਕੇਵਲ ਆਦਰਸ਼ਾਂ ਉਤੇ ਹੀ ਨਹੀਂ ਘੜਿਆ ਜਾਂਦਾ। ਸੰਸਾਰ ਵਿਚ ਹੋਰ ਕਈ ਹਾਲਤਾਂ ਦਾ ਭੀ ਉਸ ਉਤੇ ਬਹੁਤ ਅਸਰ ਪੈਂਦਾ ਹੈ। ਕੇਵਲ ਆਦਰਸ਼ਾਂ ਦੀ ਦੁਹਾਈ ਦੇਣ ਤੇ ਮਨ ਦੀਆਂ ਸੁਭਾਵਕ ਕਮਜ਼ੋਰੀਆਂ ਦੀ ਪ੍ਰਵਾਹ ਨਾ ਕਰਨ ਤੋਂ ਕਦੇ ਕਦੇ ਬਹੁਤ ਬੁਰਾ ਅਸਰ ਹੁੰਦਾ ਹੈ। ਜਿਸ ਤਰ੍ਹਾਂ ਦੀ ਨਿਰਾਸਤਾ ਤੇ ਮਨ ਦੇ ਦੁਖ ਦਾ ਵਰਨਣ ਉਪਰ ਕੀਤਾ ਹੈ, ਉਸ ਦਾ ਇਸਤ੍ਰੀ ਦੇ ਮਨ, ਵਿਚਾਰ ਤੇ ਸਿਹਤ ਉਤੇ ਬਹੁਤ ਬੁਰਾ ਅਸਰ ਪੈਂਦਾ ਹੈ ਕਿਉਂਕਿ ਘਰ ਦਾ ਸਾਰਾ ਭਾਰ ਉਸ ਤੇ ਹੁੰਦਾ ਹੈ, ਅਤੇ ਓਹੀ ਸਾਰੇ ਪ੍ਰਵਾਰ ਦੇ ਦੁਖ ਸੁਖ ਦਾ ਕੇਂਦਰ ਹੁੰਦੀ ਹੈ ਇਸ ਲਈ ਉਸ ਦੇ ਮਾਨਸਿਕ ਦੁਖ ਉਸ ਤਕ ਹੀ ਨਹੀਂ ਰਹਿੰਦੇ, ਸਗੋਂ ਉਸ ਦੇ ਲਖ ਛਿਪਾਣ ਤੇ ਮੂੰਹੋਂ ਨਾ ਉਭਾਸਰਨ ਤੇ ਭੀ ਘਰ ਦੇ ਹਰ ਕੰਮ ਅਤੇ ਹਰ ਆਦਮੀ ਉਤੇ ਉਸ ਦਾ ਅਸਰ ਪੈਂਦਾ ਹੈ। ਸੋ ਜਿਥੇ ਸਦਾ ਹਸਮੁਖ ਤੇ ਖ਼ੁਸ਼ੀ ਰਹਿ ਕੇ ਦੁਖਾਂ ਨੂੰ ਸਹਿੰਦੇ ਹੋਏ ਆਪਣੇ ਮਿੱਠੇ ਸੁਭਾਵ ਤੇ ਸਹਿਣ-ਸ਼ੀਲਤਾ ਨਾਲ ਸਾਰਿਆਂ ਦੀ ਸੇਵਾ ਕਰਨੀ ਪਤਨੀ ਦਾ ਫ਼ਰਜ਼ ਹੈ, ਉਥੇ ਉਸ ਨੂੰ ਵੀ ਬੇਇਨਸਾਫ਼ੀ ਤੋਂ ਬਚਾਣਾ ਤੇ ਉਸ ਨੂੰ ਹੌਸਲਾ ਦੇਣ ਦਾ ਫ਼ਰਜ਼ ਪਤੀ ਦਾ ਭੀ ਹੈ। ਏਸੇ ਤਰ੍ਹਾਂ ਆਪਣੀ ਗੰਭੀਰਤਾ ਤੇ ਅਸੀਸਾਂ

ਨਾਲ ਨੂੰਹ ਨੂੰ ਰਾਜ਼ੀ ਰਖਣਾ ਸੱਸ ਤੇ ਸਹੁਰੇ ਦਾ ਭੀ ਫ਼ਰਜ਼ ਹੈ।

ਪਤੀ ਆਪਣਾ ਫ਼ਰਜ਼ ਸਮਝੇ ਜਾਂ ਨਾ ਸਮਝੇ, ਸੱਸ ਸਹੁਰੇ ਆਪਣੇ ਫ਼ਰਜ਼ ਨੂੰ ਪਛਾਨਣ ਜਾਂ ਨਾ ਪਛਾਨਣ, ਪਰ ਨਵ-ਵਿਆਹੀਆਂ ਨੂੰ ਆਪਣੇ ਫ਼ਰਜ਼ ਦਾ ਖਿਆਲ ਜ਼ਰੂਰ ਰਖਣਾ ਚਾਹੀਦਾ ਹੈ। ਸਹਿਨ-ਸ਼ੀਲਤਾ ਤੇ ਮਿੱਠ ਸੁਭਾਵ ਨਾਲ ਜੇਕਰ ਤੁਸੀਂ ਕਿਸੇ ਦਾ ਸੁਭਾਵ ਨਾ ਭੀ ਬਦਲ ਸਕੋ ਤਾਂ ਭੀ ਤੁਹਾਡੇ ਮਨ ਨੂੰ ਤਾਂ ਜ਼ਰੂਰ ਸੰਤੋਖ ਆਵੇਗਾ ਕਿ ਮੈਂ ਆਪਣਾ ਫ਼ਰਜ਼ ਪੂਰਾ ਕਰ ਦਿਤਾ ਹੈ। ਇਸ ਭਾਵ ਦੇ ਕਾਰਨ ਤੁਹਾਨੂੰ ਤੁਹਾਡੇ ਅੰਦਰ ਇਕ ਤਰ੍ਹਾਂ ਦੀ ਸ਼ਾਂਤੀ ਪ੍ਰਤੀਤ ਹੋਵੇਗੀ।

ਇਹ ਸੱਚ ਹੈ ਕਿ ਆਪਣਾ ਸੁਖ ਦੁਖ ਭੀ ਨਾਲ ਰਹਿਣ ਵਾਲਿਆਂ ਦੇ ਸੁਖ ਦੁਖ ਉਤੇ ਨਿਰਭਰ ਹੁੰਦਾ ਹੈ, ਪਰ ਤੁਹਾਡੇ ਦਿਲ ਦਾ ਸੱਚਾ ਆਨੰਦ ਤਾਂ ਕੇਵਲ ਤੁਹਾਡੇ ਮਨ ਦੀ ਸ਼ਾਂਤੀ ਅਰ ਫ਼ਰਜ਼ ਪਾਲਣ ਉਪਰ ਹੀ ਨਿਰਭਰ ਹੁੰਦਾ ਹੈ, ਪਰ ਤੁਹਾਡੇ ਦਿਲ ਦਾ ਸੱਚਾ ਆਨੰਦ ਤਾਂ ਕੇਵਲ ਤੁਹਾਡੇ ਮਨ ਦੀ ਸ਼ਾਂਤੀ ਅਰ ਫ਼ਰਜ਼ ਪਾਲਣ ਉੱਤੇ ਹੀ ਨਿਰਭਰ ਹੈ। ਇਕ ਪ੍ਰੇਮੀ ਹੋਣ ਨੇ ਠੀਕ ਲਿਖਿਆ ਹੈ ਕਿ ਸਾਨੂੰ ਰੋਗ, ਸੋਗ ਤੇ ਮੌਤ ਦਾ ਦੁਖ ਦੇਖਣਾ ਪੈਂਦਾ ਹੈ। ਇਕ ਗਰੀਬ ਇਸਤ੍ਰੀ ਨੂੰ ਬੱਚਾ ਜਣਨ ਵਿਚ ਓਨਾਂ ਹੀ ਦੁਖ ਹੁੰਦਾ ਹੈ, ਜਿੰਨਾ ਕਿ ਇਕ ਲਖਪਤੀ ਦੀ ਘਰ ਵਾਲੀ ਨੂੰ। ਬੱਚੇ ਦੇ ਮਰਨ ਪਰ ਭੀ ਇਕੋ ਜਿਹਾ ਦੁਖ ਹੁੰਦਾ ਹੈ। ਬਹੁਤ ਸਾਰੀਆਂ ਗਰੀਬ ਇਸਤ੍ਰੀਆਂ ਦੁਖਾਂ ਭਰੇ ਜੀਵਨ ਵਿਚ ਸੁਖੀ ਤੇ ਸੰਤੁਸ਼ਟ ਹਨ। ਦੂਜੇ ਪਾਸੇ ਧਨਵਾਨ ਇਸਤ੍ਰੀਆਂ ਦੀ ਹਾਇ ਹਾਇ ਅਕਾਸ਼ ਨੂੰ ਭੀ ਕੰਬਾ ਰਹੀ ਹੈ। ਸੱਚ ਹੈ ਕਿ ਧਨ ਧਾਮ ਦੀਆਂ ਬਾਹਰਲੀਆਂ ਸਹੂਲਤਾਂ ਨਾਲ ਦਿਲ ਦੀ ਸ਼ਾਂਤੀ ਤੇ ਸੁਖ ਘੱਟ ਹੀ ਮਿਲਦਾ ਹੈ, ਇਸ ਤਰ੍ਹਾਂ ਦੀਆਂ ਮੁਸ਼ਕਲਾਂ ਦੇ ਹੁੰਦਿਆਂ ਭੀ ਤੁਸੀਂ ਆਪਣੇ ਫ਼ਰਜ਼ ਨੂੰ ਬਹੁਤ ਨਿਭਾ ਸਕਦੀਆਂ ਹੋ। ਆਪਣੇ ਦਿਲ ਨੂੰ ਸ਼ੁੱਧ ਤੇ ਸਾਫ਼ ਰਖ ਸਕਦੀਆਂ ਹੋ। ਕਿਸਮਤ

ਨੂੰ ਰੋਣਾ, ਨਿਰਾਸਤਾ ਤੇ ਕਮਜ਼ੋਰੀ ਦੀ ਨਿਸ਼ਾਨੀ ਹੈ। ਜੇਕਰ ਤੁਸੀਂ ਉਕਤ ਗੱਲਾਂ ਉਤੇ ਧਿਆਨ ਦੇ ਕੇ ਆਪਣੀ ਜ਼ਿੰਦਗੀ ਦੀ ਕੰਧ ਉਸਾਰਨ ਦਾ ਯਤਨ ਕਰੋ ਤਾਂ ਜ਼ਰੂਰ ਹੀ ਤੁਹਾਡੇ ਅੰਦਰ ਇਕ ਅਪੂਰਵ ਸ਼ਾਂਤੀ ਅਤੇ ਵਿਚਿਤ੍ਰ ਜੋਤ ਪ੍ਰਤੀਤ ਹੋਵੇਗੀ, ਜਿਸ ਤੋਂ ਤੁਹਾਨੂੰ ਅਗੋਂ ਆਉਣ ਵਾਲੀਆਂ ਤਕਲੀਫ਼ਾਂ ਸਹਾਰਨ ਦੀ ਤਾਕਤ ਪ੍ਰਗਟ ਹੋ ਜਾਵੇਗੀ, ਤੁਸੀਂ ਦੁਖ ਨੂੰ ਭੀ ਹੱਸ ਕੇ ਟਾਲ ਸਕੋਗੀਆਂ। ਇਹ ਗੱਲ ਸਦਾ ਯਾਦ ਰਖੋ ਕਿ ਚੰਗਾ ਜਾਂ ਬੁਰਾ ਬਣਨਾ ਸਭ ਤੁਹਾਡੇ ਆਪਣੇ ਹੱਥ ਹੈ।

## ਪੱਥਰ ਦਾ ਜਵਾਬ ਫੁੱਲ

ਘਰ ਨੂੰ ਸੰਭਾਲਣ ਵਾਲੀਆਂ ਗੱਲਾਂ ਦੇ ਨਾਲ ਨਾਲ ਆਪਣੇ ਪਤੀ ਦਾ ਖ਼ਿਆਲ ਕਦੇ ਨਹੀਂ ਭੁਲਾਉਣਾ ਚਾਹੀਦਾ। ਆਮ ਆਦਮੀ ਸੰਸਾਰ ਦੇ ਬਾਹਰਲੇ ਕੰਮਾਂ ਵਿਚ ਲਗੇ ਰਹਿੰਦੇ ਹਨ। ਕੋਈ ਨੌਕਰ ਹੈ, ਕੋਈ ਵਪਾਰੀ ਹੈ, ਕੋਈ ਕਾਲਜ ਦਾ ਪ੍ਰੋਫ਼ੈਸਰ, ਤੇ ਕੋਈ ਵਕੀਲ, ਕੋਈ ਐਡੀਟਰ ਤੇ ਕੋਈ ਉਪਦੇਸ਼ਕ ਜਾਂ ਪ੍ਰਚਾਰਕ। ਉਨ੍ਹਾਂ ਨੂੰ ਇਨ੍ਹਾਂ ਕੰਮਾਂ ਵਿਚ ਕਈ ਔਕੜਾਂ ਪੇਸ਼ ਆਉਂਦੀਆਂ ਹਨ। ਕਈ ਤਰ੍ਹਾਂ ਦੇ ਫ਼ਿਕਰ ਉਨ੍ਹਾਂ ਨੂੰ ਰਹਿੰਦੇ ਹਨ, ਉਨ੍ਹਾਂ ਨੂੰ ਲਾਲਚ ਭੀ ਘੱਟ ਨਹੀਂ ਮਿਲਦੇ। ਸੁ ਦਿਨ ਭਰ ਦਾ ਥੱਕਾ ਟੁੱਟਾ ਪੁਰਸ਼ ਜਦ ਚਿੰਤਾ ਫ਼ਿਕਰਾਂ ਦੇ ਭਾਰ ਨਾਲ ਲਦਿਆ ਹੋਇਆ ਘਰ ਆਵੇ ਤਾਂ ਉਹ ਉਥੇ ਆਰਾਮ ਚਾਹੁੰਦਾ ਹੈ। ਜੇਕਰ ਉਹ ਛੋਟੇ ਦਿਲ ਵਾਲਾ ਹੋਵੇ ਤਾਂ ਉਹ ਥੋੜੀ ਥੋੜੀ ਗਲ ਉਤੇ ਖਿੱਝਦਾ ਹੈ। ਉਸ ਵੇਲੇ ਹੁਸ਼ਿਆਰ ਘਰ ਵਾਲੀ ਦਾ ਕੰਮ ਹੈ ਕਿ ਉਹ ਆਏ ਪਤੀ ਦਾ ਸਵਾਗਤ ਕਰੇ। ਉਸ ਦੇ ਤਪੇ ਤੇ ਥੱਕੇ ਮਨ ਨੂੰ ਮਿੱਠੀਆਂ ਮਿੱਠੀਆਂ ਗੱਲਾਂ ਨਾਲ ਸ਼ਾਂਤ ਕਰੇ ਤੇ ਸੰਤੋਖ ਦੇਵੇ, ਗਰਮੀ ਹੋਵੇ ਤਾਂ ਪੱਖਾ

ਝਲੇ, ਪਾਣੀ ਪਿਲਾਵੇ। ਪਤਨੀ ਨੂੰ ਚਾਹੀਦਾ ਹੈ ਕਿ ਉਹ ਹਸਦੇ ਮੁਖੜੇ ਪਤੀ ਜਾਂ ਘਰ ਦੇ ਹੋਰ ਕੰਮ ਕਾਰ ਕਰਨ ਵਾਲਿਆਂ ਦਾ ਸੁਾਗਤ ਕਰੇ। ਇਸਤ੍ਰੀ ਨੂੰ ਆਪਣੇ ਪਤੀ ਦੇ ਕੰਮ ਕਾਰ ਦਾ ਵੀ ਗਿਆਨ ਰਖਣਾ ਚਾਹੀਦਾ ਹੈ, ਤਾਂਕਿ ਉਹ ਉਸ ਦੀਆਂ ਗੱਲਾਂ ਨੂੰ ਸਮਝ ਸਕੇ। ਪਤੀ ਦੀਆਂ ਚਿੜਚਿੜੀਆਂ ਗੱਲਾਂ ਦਾ ਜਵਾਬ ਨਿਮ੍ਰਤਾ ਤੇ ਸ਼ਾਂਤੀ ਨਾਲ ਦੇਵੇ। ਬਹੁਤ ਸਾਰੀਆਂ ਇਸਤ੍ਰੀਆਂ ਕੌੜੀ ਗੱਲ ਦਾ ਜਵਾਬ ਕੌੜਾ ਦੇ ਕੇ ਗਲ ਨੂੰ ਵਿਗਾੜ ਲੈਂਦੀਆਂ ਹਨ। ਉਹ ਪਤੀ ਦਾ ਦਿਲ ਦੁਖਾਉਂਦੀਆਂ ਤੇ ਨਾਲ ਹੀ ਆਪਣੇ ਸੁਖ ਸਾਂਤੀ ਉਤੇ ਭੀ ਕੁਹਾੜਾ ਮਾਰਦੀਆਂ ਹਨ। ਸਿਆਣੀ ਇਸਤ੍ਰੀ ਤਾਂ ਉਹ ਹੈ ਜੇਹੜੀ ਹਾਸੇ ਠੱਠੇ ਵਿਚ ਸਭਨਾਂ ਦੁੱਖਾਂ ਨੂੰ ਰੋੜ੍ਹ ਦੇਵੇ। ਜਦ ਬੱਚਾ ਮੱਛਰਦਾ ਹੈ ਅਤੇ ਮਾਂ ਨੂੰ ਗਾਲ੍ਹਾਂ ਕਢਦਾ ਹੈ ਤਾਂ ਉਸ ਦੇ ਉਤੇ ਉਹ ਗੁੱਸਾ ਨਹੀਂ ਕਰਦੀ, ਸਗੋਂ ਮਿੱਠੀਆਂ ਗੱਲਾਂ ਨਾਲ ਉਸਨੂੰ ਮਨਾ ਲੈਂਦੀ ਹੈ। ਇਸੇ ਤਰ੍ਹਾਂ ਹੀ ਜੇਕਰ ਪਤੀ ਰੁੱਠ ਜਾਵੇ ਜਾਂ ਖਿੱਝ ਜਾਵੇ, ਤਾਂ ਪਤਨੀ ਨੂੰ ਚਾਂਹੀਦਾ ਹੈ ਕਿ ਉਹ ਆਪਣੇ ਮਿੱਠੇ ਸੁਭਾਵ ਨਾਲ ਉਸ ਨੂੰ ਰਾਜ਼ੀ ਕਰ ਲਵੇ. ਅਤੇ ਉਸਦਾ ਗੁੱਸਾ ਉਤਾਰ ਦਵੇ। ਇਹ ਨਹੀਂ ਚਾਹੀਦਾ ਕਿ ਸਗੋਂ ਬਾਤ ਦਾ ਬਤੰਗੜ ਬਣਾ ਦੇਵੇ। ਜੇ ਇਸਤ੍ਰੀ ਸਿਆਣੀ ਹੋਵੇ ਤੇ ਉਸਦੇ ਅੰਦਰ ਪਤੀ ਦਾ ਪ੍ਰੇਮ ਹੋਵੇ ਤਾਂ ਉਹ ਸੁਭਾਵਕ ਹੀ ਹਰ ਵੇਲੇ ਪ੍ਰੇਮ ਭਰੀਆਂ ਤੇ ਰਸ-ਭਿੰਨੀਆਂ ਗਲਾਂ ਕਰੇਗੀ। ਇਹ ਯਾਦ ਰਖੋ ਕਿ ਪੁਰਸ਼ ਪ੍ਰੇਮ ਤੇ ਸੇਵਾ ਦਾ ਭੁੱਖਾ ਹੈ। ਜੇਕਰ ਉਸ ਨੂੰ ਇਹ ਤਸਲੀ ਹੋ ਜਾਵੇ ਕਿ ਉਸ ਦੀ ਘਰ ਵਾਲੀ ਉਸ ਨੂੰ ਦਿਲੋਂ ਪਿਆਰ ਕਰਦੀ ਹੈ, ਉਸਦੇ ਉਤੇ ਭਰੋਸਾ ਰਖਦੀ ਹੈ, ਤਾਂ ਉਹ ਸੁਖ ਸਹੂਲਤਾਂ ਵਲ ਜ਼ਰੂਰ ਧਿਆਨ ਦੇਵੇਗਾ, ਇਸ ਲਈ ਹਰ ਇਕ ਵਿਆਹੀ ਭੈਣ ਨੂੰ ਇਸ ਢੰਗ ਨਾਲ ਤੁਰਨਾ ਚਾਹੀਦਾ ਹੈ ਕਿ ਪਤੀ ਨੂੰ ਉਸਦੇ ਪ੍ਰੇਮ ਉਤੇ ਤਸੱਲੀ ਰਹੇ।

* * *

ਪਤੀ ਬਾਬਤ ਪਤਨੀ ਨੂੰ ਧਿਆਨ ਰਖਣਾ ਚਾਹੀਦਾ ਹੈ ਕਿ ਉਸ ਦਾ ਪਤੀ ਵੀ ਇਕ ਮਨੁੱਖ ਹੀ ਹੈ। ਉਸ ਵਿਚ ਗੁਣ ਦੋਸ਼ ਦੋਵੇਂ ਹਨ, ਇਹ ਸਮਝ ਕੇ ਉਸ ਦੀਆਂ ਕਮਜ਼ੋਰੀਆ ਨੂੰ ਸਦਾ ਭੁਲਾ ਦਿਤਾ ਕਰੇ। ਜੇ ਹੋ ਸਕੇ ਤਾਂ ਪ੍ਰੇਮ ਨਾਲ ਉਨ੍ਹਾਂ ਔਗੁਣਾਂ ਨੂੰ ਦੂਰ ਕਰਨ ਦਾ ਯਤਨ ਕਰੇ।

ਪਤੀ ਉਤੇ ਪ੍ਰੇਮ ਦੇ ਨਾਲ ਹੀ ਸ਼ਰਧਾ ਤੇ ਭਗਤੀ ਵੀ ਰੱਖੇ। ਪਤੀ ਨੂੰ ਸਦਾ ਆਪਣਾ ਰਾਖਾ ਤੇ ਰਾਹ ਦੱਸਣ ਵਾਲਾ ਸਮਝਕੇ ਸਦਾ ਉਸਦਾ ਮਾਨ ਤੇ ਆਦਰ ਕਰੇ, ਆਪਣੇ ਹਰ ਇਕ ਕੰਮ ਵਿਚ ਉਪਰਲੇ ਭਾਵ ਨੂੰ ਦੱਸੇ।

ਆਪਣੇ ਜੀਵਨ ਵਿਚ ਸੁਖ-ਦੁਖ ਜੋ ਭੀ ਆਵੇ, ਉਸ ਨੂੰ ਖੇਡ ਸਮਝਕੇ ਸਹਿ ਲਵੇ। ਜਦ ਕੋਈ ਖੇਡ ਖੇਡਦੇ ਹਾਂ, ਤਾਂ ਸੱਟ ਲਗ ਜਾਣ ਪਰ ਭੀ ਨਹੀਂ ਰੋਂਦੇ। ਤੁਸਾਂ ਇਹ ਵੇਖਿਆ ਹੋਵੇਗਾ ਕਿ ਜਦੋਂ ਕਿਸੇ ਖੇਡਦੇ ਹੋਏ ਬੱਚੇ ਨੂੰ ਸੱਟ ਲਗ ਜਾਂਦੀ ਹੈ। ਤੇ ਉਹ ਰੋਣ ਲਗ ਪੈਂਦਾ ਹੈ, ਤਾਂ ਹੋਰ ਬੱਚੇ ਉਸਦੀ ਹਾਸੀ ਉਡਾਉਂਦੇ ਹਨ। ਕਈ ਤਰ੍ਹਾਂ ਦੀਆਂ ਹੱਸਣ ਵਾਲੀਆਂ ਹਰਕਤਾਂ ਕਰਕੇ ਉਸ ਨੂੰ ਹਸਾ ਦੇਂਦੇ ਹਨ। ਜਦ ਖੇਡਣ ਲਗ ਪਏ ਤਾਂ ਰੋਣਾ ਕਿਉਂ? ਖੁਸ਼ੀ ਖੁਸ਼ੀ ਸਭਨਾਂ ਦੁੱਖਾਂ ਨੂੰ ਸਹਿ ਲੈਣਾ ਚਾਹੀਦਾ ਹੈ। ਇਸ ਲਈ ਇਸਤ੍ਰੀਆਂ ਨੂੰ ਆਪਣਾ ਸੁਭਾਵ ਉਪਰ ਦਸੇ ਸੱਚੇ ਵਿਚ ਢਾਲ ਲੈਣਾ ਚਾਹੀਦਾ ਹੈ, ਕਿਸੇ ਦੁਖ ਵੇਲੇ ਹਾਇ ਹਾਇ ਕਰਨ ਤੇ ਆਪਣੀ ਕਿਸਮਤ ਨੂੰ ਕੋਸਣ ਦੀ ਥਾਂ ਉਸ ਨੂੰ ਹੱਸਕੇ ਸਹਾਰਨਾ ਚਾਹੀਦਾ ਹੈ।

ਇਸ ਦੇ ਨਾਲ ਹੀ ਇਹ ਖਿਆਲ ਰਖਣਾ ਭੀ ਜ਼ਰੂਰੀ ਹੈ ਕਿ ਬਹੁਤ ਸਾਰੇ ਪੁਰਸ਼ ਅਜੇਹੇ ਹੁੰਦੇ ਹਨ, ਜਿਨ੍ਹਾਂ ਵਿਚ ਕੰਮ ਕਰਨ ਦੀ ਲਿਆਕਤ ਹੁੰਦੀ ਹੈ ਤੇ ਚੁਸਤੀ ਵੀ, ਪਰ ਉਨ੍ਹਾਂ ਦੇ ਸੁਭਾਵ ਵਿਚ ਨਿਰਾਸਤਾ ਭਰੀ ਹੁੰਦੀ। ਉਹ ਸੋਚਦੇ ਹਨ ਕਿ ਇੰਨੇ ਵੱਡੇ ਬਖੇੜੇ ਸਹੇੜ ਕੇ ਅਸੀਂ ਕੀ ਲੈਣਾ ਹੈ? ਇਹ ਸਭ ਦੁਖ ਕਿਸ ਲਈ

ਸਹੀਏ ? ਸੁ ਅਜੇਹੇ ਮਨੁਖਾਂ ਨੂੰ ਸਦਾ ਇਕ ਸਾਥੀ ਦੀ ਲੋੜ ਹੁੰਦੀ ਹੈ ਜੋ ਉਨ੍ਹਾਂ ਨੂੰ ਹਰ ਇਕ ਕੰਮ ਵਿਚ ਉਤਸ਼ਾਹ ਦੇਂਦਾ ਰਹੇ ਤੇ ਕੰਮ ਲੈਂਦਾ ਜਾਵੇ । ਲਾਇਕ ਪਤਨੀ ਹੀ ਇਸ ਕੰਮ ਨੂੰ ਚੰਗੀ ਤਰ੍ਹਾਂ ਕਰ ਸਕਦੀ ਹੈ । ਕਿਉਂਕਿ ਜੋ ਪਤਨੀ, ਪਤੀ ਦੀ ਸਹਾਇਕ ਹੁੰਦੀ ਹੈ, ਉਹ ਸੱਚੀ ਤੇ ਲਾਇਕ ਇਸਤ੍ਰੀ ਹੈ।

ਰੁਪਏ ਪੈਸੇ ਵਲੋਂ ਅਸੀਂ ਭਾਵੇਂ ਕਿੰਨੀ ਬੇਪਰਵਾਹੀ ਕਰੀਏ, ਪਰ ਅੱਜ ਕਲ ਦੇ ਸਮੇਂ ਵਿਚ ਰੁਪਏ ਦੀ ਕੀਮਤ ਬਹੁਤ ਵਧ ਗਈ ।ਪਤੀ ਜੋ ਕੁਝ ਖੱਟ ਕੇ ਲਿਆਉਂਦਾ ਹੈ; ਉਹ ਆਪਣੀ ਇਸਤ੍ਰੀ ਦੇ ਹਥ ਉਤੇ ਲਿਆ ਰਖਦਾ ਹੈ, ਸੋ ਪਤਨੀ ਦੀ ਇਸ ਗਲ ਵਿਚ ਹੀ ਸਿਆਣਪ ਹੈ ਕਿ ਉਹ ਉਤਨੇ ਹੀ ਰੁਪਿਆ ਵਿਚ ਸਾਰੇ ਖਰਚ ਚਲਾਵੇ ਜਰੋਂ ਹੋ ਸਕੇ ਤਾਂ ਕੁਝ ਬਚਾਵੇ ਭੀ। ਪਤੀ ਨੂੰ ਉਸ ਤੋਂ ਬਹੁਤੇ ਲਿਆਉਣ ਲਈ ਕਦ ਤੰਗ ਨਾ ਕਰੇ । ਮਗਰੋਂ ਕਈ ਇਸਤ੍ਰੀਆਂ ਪਤੀ ਦੇ ਬਿਨਾਂ ਜਾਣੇ ਦੇ ਕੁਝ ਨਾ ਬਚਾਈ ਜਾਂਦੀਆਂ ਹਨ ਤੇ ਜਦੋਂ ਕੋਈ ਦੁਖ ਸੁਖ ਆਣ ਪੈਂਦਾ ਹੈ ਤਾਂ ਉਸ ਵੇਲੇ ਜੋੜੇ ਹੋਏ ਪੈਸੇ ਨੂੰ ਕਢ ਕੇ ਉਹ ਵੇਲਾ ਟਪਾ ਛਡਦੀਆਂ ਹਨ । ਅਜੇਹੀਆਂ ਇਸਤ੍ਰੀਆਂ ਉਪਰ ਹੀ ਪਤੀ ਸਦਾ ਯਕੀਨ ਤੇ ਮਮਤਾ ਰਖਦੇ ਹਨ, ਉਹ ਉਸ ਨੂੰ ਪ੍ਰਾਪਤ ਕਰ ਕੇ ਸੁਖੀ ਤੇ ਸੰਤੁਸ਼ਟ ਰਹਿੰਦੇ ਹਨ ।

ਇਸ ਲਈ ਜਿਉਂ ਜਿਉਂ ਵਿਆਹ ਦੇ ਦਿਨ ਨੇੜੇ ਆਉਂਦੇ ਜਾਣ ਤਿਉਂ ਤਿਉਂ ਗੰਭੀਰਤਾ ਆਉਣੀ ਚਾਹੀਦੀ ਹੈ । ਰੋਣ ਧੋਣ ਤੇ ਇਹ ਸੋਚ ਕੇ ਦੁਖੀ ਹੋਣ ਨਾਲੋਂ ਕਿ ਮਾਤਾ ਪਿਤਾ ਦੀਆਂ ਛਾਵਾਂ ਤੋਂ ਦੂਰ ਹੋ ਕੇ ਪਰਾਏ ਘਰ ਜਾਣਾ ਪਵੇਗਾ ਇਹ ਚੰਗਾ ਹੈ ਕਿ ਜੋ ਕੁਝ ਹੋਣਾ ਹੈ ਉਸ ਲਈ ਤੁਸੀਂ ਆਪਣੇ ਆਪ ਨੂੰ ਛੇਤੀ ਤੋਂ ਛੇਤੀ ਤਿਆਰ ਕਰ ਲਵੋ। ਜੇ ਤੁਸਾਂ ਬੇਪ੍ਰਵਾਹੀ ਵਿਚ ਇਹ ਸਮਾਂ ਗੁਆ ਦਿਤਾ ਅਤੇ ਇਨ੍ਹਾਂ ਗੱਲਾਂ ਉਤੇ ਧਿਆਨ ਨਾ ਦਿਤਾ

ਤਾਂ ਸਾਰੀ ਉਮਰ ਲਈ ਰੋਣਾ ਹੀ ਪਵੇਗਾ । ਸੰਸਾਰ ਦੀ ਕੋਈ ਤਾਕਤ ਤੁਹਾਡੇ ਇਨ੍ਹਾਂ ਦੁਖਾਂ ਨੂੰ ਦੂਰ ਨਹੀਂ ਕਰ ਸਕੇਗੀ ।

## ਸੁਖੀ ਜੀਵਨ

ਹਰ ਇਕ ਇਸਤ੍ਰੀ ਪੁਰਸ਼ ਸੁਖ ਚਾਹੁੰਦਾ ਹੈ । ਪਰ ਇੱਛਾ ਹੋਣ ਤੇ ਭੀ ਸੁਖ ਬਹੁਤ ਘੱਟ ਹੀ ਪ੍ਰਾਪਤ ਕਰਦੇ ਹਨ । ਇਸ ਦੇ ਦੋ ਕਾਰਨ ਹਨ । ਇਕ ਤਾਂ ਇਹ ਕਿ ਬਹੁਤੇ ਸਾਰੀ ਉਮਰ ਇਹ ਭੀ ਨਹੀਂ ਸਮਝ ਸਕਦੇ ਕਿ ਉਹ ਚਾਹੁੰਦੇ ਕੀ ਹਨ ? ਉਨ੍ਹਾਂ ਦੇ ਜੀਵਨ ਦਾ ਭਾਵ ਕੀ ਹੈ ? ਅਤੇ ਨਾ ਉਹ ਇਹ ਹੀ ਜਾਣਦੇ ਹਨ ਕਿ ਸੁਖ ਕਿਸ ਤਰ੍ਹਾਂ ਤੇ ਕਿਨ੍ਹਾਂ ਚੀਜ਼ਾਂ ਨਾਲ ਮਿਲੇਗਾ । ਦੂਜੇ ਉਹ ਹਨ ਜੋ ਇਨ੍ਹਾਂ ਗੱਲਾਂ ਨੂੰ ਥੋੜਾ ਬਹੁਤ ਸਮਝਦੇ ਤਾਂ ਹਨ ਪਰ ਉਹ ਸੁਖ ਦੀ ਕੀਮਤ ਨਹੀਂ ਦੇਣੀ ਚਾਹੁੰਦੇ । ਉਹ ਚਾਹੁੰਦੇ ਹਨ ਕਿ ਸਾਨੂੰ ਸਭ ਕੁਝ ਮਿਲ ਜਾਵੇ, ਪਰ ਉਸ ਲਈ ਸਾਨੂੰ ਕੋਈ ਖਾਸ ਯਤਨ ਨਾ ਕਰਨਾ ਪਵੇ । ਬਹੁਤ ਸਾਰੇ ਦੁਨੀਆਂ ਦੀਆਂ ਬਾਹਰਲੀਆਂ ਚੀਜ਼ਾਂ ਲਈ ਘਰ ਬਾਰ, ਕਪੜੇ ਲੱਤੇ, ਸ਼ਾਨ ਸ਼ੌਕਤ, ਖਾਣ ਪੀਣ ਤੇ ਸਰੀਰਕ ਸੁਖ ਦੀਆਂ ਜੋ ਚੀਜ਼ਾਂ ਸੰਸਾਰ ਵਿਚ ਦਿਸਦੀਆਂ ਹਨ ਉਨ੍ਹਾਂ ਵਿਚ ਸੁਖ ਸਮਝਕੇ ਉਨ੍ਹਾਂ ਲਈ ਵਿਆਕੁਲ ਹੋ ਰਹੇ ਹਨ, ਉਨ੍ਹਾਂ ਦੀ ਦਸ਼ਾ ਉਸ ਹਰਨ ਵਰਗੀ ਹੈ ਜਿਸ ਦੀ ਧੁੰਨੀ ਵਿਚ ਕਸਤੂਰੀ ਹੈ, ਪਰ ਉਹ ਸਮਝਦਾ ਹੈ ਕਿ ਕਿਸੇ ਹੋਰ ਥਾਂ ਤੋਂ ਇਹ

ਖੁਸ਼ਬੋ ਆ ਰਹੀ ਹੈ, ਤੇ ਉਸ ਦੇ ਲੱਭਣ ਲਈ ਏਧਰ ਓਧਰ ਭਟਕਦਾ ਫਿਰਦਾ ਹੈ। ਸੋ ਇਹ ਗੰਢ ਬੰਨ੍ਹ ਲਵੇ ਕਿ ਸੁਖ ਬਾਹਰ ਕਿਧਰੇ ਨਹੀਂ। ਸੁਖ ਤਾਂ ਸੰਤੋਖ ਦੀ ਇਕ ਅਵਸਥਾ ਦਾ ਨਾਮ ਹੈ ਜਿਹੜਾ ਆਪਣੇ ਅੰਦਰੋਂ ਹੀ ਪ੍ਰਾਪਤ ਹੋ ਸਕਦਾ ਹੈ। ਜਿਹਾ ਕਿ "ਘਰ ਸੁਖ ਵਸਿਆ ਬਾਹਰ ਸੁਖ ਪਾਇਆ।" ਜੇ ਮਨੁਖ ਇਸ ਗੱਲ ਨੂੰ ਸਮਝ ਲਵੇ ਤਾਂ ਉਸ ਦੇ ਬਹੁਤ ਸਾਰੇ ਦੁਖ ਤੇ ਕਸ਼ਟ ਜੋ ਉਸ ਦੇ ਆਪਣੇ ਪੈਦਾ ਕੀਤੇ ਹੋਏ ਹਨ, ਆਪਣੇ ਆਪ ਮਿਟ ਜਾਣਗੇ। ਉਹ ਫੇਰ ਮਨ ਨੂੰ ਟਿਕਾਣੇ ਕਰ ਕੇ ਤੇ ਸੱਚੇ ਸੁਖ ਦੇ ਅੰਮ੍ਰਿਤ ਨੂੰ ਪੀ ਕੇ ਤ੍ਰਿਪਤ ਹੋ ਜਾਵੇਗਾ।

ਇਸ ਲਈ ਪਹਿਲੀ ਗਲ ਤਾਂ ਇਹ ਯਾਦ ਰਖੋ ਕਿ ਦੁਨੀਆਂ ਵਿਚ ਆਪਣੇ ਸਿਵਾ ਹੋਰ ਕੋਈ ਸ਼ਾਂਤੀ ਨਹੀਂ ਦੇ ਸਕਦਾ। ਦੂਜੇ ਉਸ ਸ਼ਾਂਤੀ ਨੂੰ, ਉਸ ਦੇ ਸੁਆਦ ਨੂੰ ਉਸ ਦੇ ਦੁਖ ਸੁਖ ਨੂੰ ਘਟਾ ਵਧਾ ਸਕਦੇ ਹਨ, ਪਰ ਉਸ ਨੂੰ ਬੀਜਣਾ, ਉਸ ਨੂੰ ਆਪਣੇ ਜੀਵਨ ਰੂਪੀ ਧਰਤੀ ਉਤੇ ਹਰਿਆ ਭਰਿਆ ਕਰਨਾ ਇਹ ਸਾਰਾ ਆਪਣਾ ਕੰਮ ਹੈ। ਇਸ ਨੂੰ ਹੋਰ ਕੋਈ, ਪਤੀ, ਭੈਣ, ਭਰਾ, ਮਾਤਾ, ਪਿਤਾ ਨਹੀਂ ਕਰ ਸਕਦਾ।

ਸਭ ਤੋਂ ਵੱਡੀ ਗਲ ਇਹ ਹੈ ਕਿ ਜੋ ਸੁਖ ਸੰਤੋਖ ਵਾਲਾ ਜੀਵਨ ਬਿਤਾਉਣਾ ਚਾਹੇ, ਉਸ ਨੂੰ ਸਦਾ ਆਪਣੀਆਂ ਖਾਹਸ਼ਾਂ, ਜੋ ਰੋਜ਼ ਨਵੀਆਂ ਤੋਂ ਨਵੀਆਂ ਪੈਦਾ ਹੋ ਜਾਂਦੀਆਂ ਹਨ, ਉਹ ਘਟ ਕਰਨੀਆਂ ਪੈਣਗੀਆਂ। ਮਨੁਖ ਦੀਆਂ ਖਾਹਸ਼ਾਂ ਦਾ ਕੋਈ ਅੰਤ ਨਹੀਂ। ਜੇ ਉਹ ਸਾਰੀਆਂ ਪੂਰੀਆਂ ਭੀ ਹੁੰਦੀਆਂ ਜਾਣ ਤਾਂ ਭੀ ਨਹੀਂ ਮੁਕਦੀਆਂ। ਇਸ ਲਈ ਜਿਹੜੇ ਆਪਣੀਆਂ ਖਾਹਸ਼ਾਂ ਨੂੰ ਨਹੀਂ ਘਟਾ ਸਕਦੇ ਤੇ ਉਨ੍ਹਾਂ ਦੇ ਪੂਰਾ ਕਰਨ ਲਈ ਪਏ ਭਟਕਦੇ ਹਨ, ਉਹ ਕਦੇ ਵੀ ਇਕ ਚੀਜ਼ ਪ੍ਰਾਪਤ ਕਰ ਆਰਾਮ ਨਾਲ ਨਹੀਂ ਬੈਠ ਸਕਦੇ।

ਉਹ ਸੰਤੋਖ ਤੇ ਸ਼ਾਂਤੀ ਅਨੁਭਵ ਹੀ ਨਹੀਂ ਕਰਦੇ। ਉਨ੍ਹਾਂ ਦਾ ਜੀਵਨ ਸਦਾ ਹਾਇ ! ਹਾਇ ! ਕਰਦਿਆਂ ਬੀਤਦਾ ਹੈ, ਉਨ੍ਹਾਂ ਨੂੰ ਇਸ ਘਾਟੇ ਦਾ ਰੋਣਾ ਸਦਾ ਲਗਾ ਹੀ ਰਹਿੰਦਾ ਹੈ। ਕਦੇ ਇਹ ਨਹੀਂ ਤੇ ਕਦੇ ਉਹ ਨਹੀਂ। ਇਕ ਮਿਲ ਗਈ ਕਿ ਝਟ ਦੂਜੀ ਦੀ ਲੋੜ ਪੈ ਜਾਂਦੀ ਹੈ। ਅਜੇਹੇ ਇਸਤ੍ਰੀ ਪੁਰਸ਼ ਨੂੰ ਜੇ ਕੁਬੇਰ ਦਾ ਖਜ਼ਾਨਾ ਭੀ ਮਿਲ ਜਾਵੇ, ਤਾਂ ਭੀ ਉਨ੍ਹਾਂ ਨੂੰ ਕਦੇ ਸੁਖ ਪ੍ਰਾਪਤ ਨਹੀਂ ਹੁੰਦਾ। ਸੁਖ ਸਿਰਫ਼ ਉਨ੍ਹਾਂ ਨੂੰ ਹੀ ਮਿਲਦਾ ਹੈ ਜਿਹੜੇ ਦੁਖ ਵਿਚ, ਕਸ਼ਟ ਵਿਚ ਤੇ ਅਣਹੋਂਦ ਵਿਚ ਭੀ ਹਸਦੇ ਹਸਦੇ ਆਪਣੇ ਦਿਨ ਪੂਰੇ ਕਰਨ ਦੀ ਪੱਕੀ ਇੱਛਾ ਧਾਰ ਕੇ ਰਾਹ ਉਤੇ ਤੁਰੇ ਜਾਂਦੇ ਹਨ। ਜਿਹੜੇ ਆਪਣੀਆਂ ਇੱਛਾਂ ਤੇ ਦੁਨੀਆਂ ਦੇ ਰੰਗ-ਬਰੰਗੇ ਲਾਲਚਾਂ ਨੂੰ ਆਪਣੇ ਅੰਦਰ ਨਹੀਂ ਔਣ ਦੇਂਦੇ, ਉਹ ਜਿਸ ਦਸ਼ਾ ਵਿਚ ਭੀ ਜਾ ਪੈਣ ਉਸੇ ਵਿਚ ਸ਼ਾਂਤੀ ਪ੍ਰਤੀਤ ਕਰਦੇ ਹਨ ਤੇ ਉਨ੍ਹਾਂ ਨੂੰ ਉਥੇ ਹੀ ਸੁਖ ਮਿਲ ਜਾਂਦਾ ਹੈ। ਬਹੁਤ ਸਾਰੇ ਅਜੇਹੇ ਹਨ ਜਿਹੜੇ ਆਪਣੀ ਮੂਰਖਤਾ ਨਾਲ ਇਕ ਬੇਲੋੜੀ, ਦੋ ਘੜੀਆਂ ਝੂਠਾ ਸੁਖ ਦਿਖਾਣ ਵਾਲੀ ਤੇ ਫੇਰ ਨਸ਼ਟ ਹੋ ਜਾਣ ਵਾਲੀ ਤਥਾ ਜੀਵਨ ਨੂੰ ਪਹਿਲੇ ਨਾਲੋਂ ਭੀ ਦੁਖੀ ਕਰ ਦੇਣ ਵਾਲੀ ਇਕ ਚੀਜ਼ ਪਿੱਛੇ ਸਦਾ ਭਟਕਦੇ ਹੀ ਰਹਿੰਦੇ ਹਨ।

ਅਜ ਹਜ਼ਾਰਾਂ ਰੁਪਏ ਕਮਾਣ ਖਟਣ ਦਾ ਖਿਆਲ ਹੈ, ਕਲ ਵੱਡੇ ਲੋਕਾਂ ਤੇ ਅਫਸਰਾਂ ਨੂੰ ਪਾਰਟੀ ਦੇ ਕੇ ਜਾਣ-ਪਛਾਣ ਦੀ ਧੁਨ ਲਗੀ ਹੈ, ਅਜ ਪੁਤਰ ਦੇ ਪੈਦਾ ਹੋਣ ਲਈ ਵੱਡੀਆਂ ਵੱਡੀਆਂ ਦਵਾਈਆਂ ਦੀ ਖੋਜ ਹੋ ਰਹੀ ਹੈ, ਕਲ ਉਸ ਪੁਤਰ ਨੂੰ ਪੜ੍ਹਾ ਲਿਖਾਕੇ ਡਿਪਟੀ ਬਨਾਉਣ ਦਾ ਖਿਆਲ ਹੈ।

ਏਧਰ ਮਕਾਨ ਬਣ ਰਹੇ ਹਨ ਤੇ ਓਧਰ ਦਿਵਾਲੇ ਨਿਕਲ ਰਹੇ ਹਨ, ਕਿਧਰੇ ਨਾਚ ਤਮਾਸ਼ੇ ਦੇਖੇ ਜਾ ਰਹੇ ਹਨ, ਕਿਧਰੇ ਕਲੱਬਾਂ, ਪਲੇਟ ਫ਼ਾਰਮਾਂ ਉਤੇ, ਇਸਤ੍ਰੀਆਂ ਨੂੰ ਉਠਾਉਣ ਵਾਲੇ

ਲੈਕਚਰ ਹੋ ਰਹੇ ਹਨ, ਨਾਲ ਹੀ ਚਾਹ, ਅੰਡੇ, ਬਿਸਕੁਟ ਤੇ ਵਿਸਕੀ ਉਡ ਰਹੇ ਹਨ।

ਦੇਸ਼ ਦੀ ਭੈੜੀ ਤੇ ਗਿਰੀ ਹੋਈ ਦਸ਼ਾ ਤੇ ਕੌਮ ਦੀ ਬੁਰੀ ਹਾਲਤ ਉਤੇ ਭੀ 'ਬਿਨਾਂ ਅਥਰੂ ਰੋਣਾ' ਰੋਇਆ ਜਾਂਦਾ ਹੈ। ਉਸ ਰੋਣੇ ਨੂੰ ਫੇਰ ਅਖਬਾਰਾਂ ਵਿਚ ਛਪਵਾਣ ਦਾ ਵੀ ਸ਼ੌਂਕ ਸਮਾਉਂਦਾ ਹੈ। ਰੁਪਏ ਦੇ ਜ਼ੋਰ ਉਹ ਸਪੀਚ ਅਖਬਾਰਾਂ ਵਿਚ ਪਾਣੀ ਮਿਲੇ ਦੁਧ ਵਰਗਾ ਸੁਆਦ ਦੇਣ ਵਾਲੀ ਛਪ ਜਾਂਦੀ ਹੈ। ਧੜੇਬੰਦੀਆਂ ਹੋ ਰਹੀਆਂ ਹਨ, ਕਿਧਰੇ ਕੌਂਸਲ ਦੀ ਚੋਣ ਹੈ, ਕਿਧਰੇ ਮਯੂਨਿਸਪੈਲਿਟੀਆਂ ਦੀ ਭੈੜੀ ਹਾਲਤ ਹੈ, ਬਹਿਸ ਮੁਬਾਹਸੇ ਹੋ ਰਹੇ ਹਨ ਅਤੇ ਇਕ ਦੂਜੇ ਉਤੇ ਚਿੱਕੜ ਸੁਟ ਰਹੇ ਹਨ। ਢੂੰਡ ਢੂੰਡ ਕੇ ਐਸੀਆਂ ਗੱਲਾਂ ਅਖਬਾਰਾਂ ਵਿਚ ਛਾਪੀਆਂ ਜਾਂਦੀਆਂ ਹਨ ਕਿ ਜਿਹੜੀਆਂ ਪਹਿਲਾਂ ਨਿਰਾਕਾਰ ਬ੍ਰਹਮ ਵਾਂਗ ਬਿਲਕੁਲ ਗੁਪਤ ਸਨ।

ਇਸ ਤਰ੍ਹਾਂ ਆਪਣੇ ਜੀਵਨ ਦੀਆਂ ਛੋਟੀਆਂ ੨ ਖਾਹਸ਼ਾਂ ਨੂੰ ਪੂਰਾ ਕਰਨ ਲਈ ਬਹੁਤ ਸਾਰੇ ਪਾਗਲ ਹੋ ਰਹੇ ਹਨ, ਫੇਰ ਉਨ੍ਹਾਂ ਨੂੰ ਜੀਵਨ ਵਿਚ ਸੁਖ ਤੇ ਸ਼ਾਂਤੀ ਕਿਥੋਂ ਮਿਲੇ ? ਉਨ੍ਹਾਂ ਨੂੰ ਇਕ ਖਿਣ ਵੀ ਖੜੇ ਹੋਕੇ ਸ਼ਾਂਤੀ ਨਾਲ ਵਿਚਾਰ ਕਰਨ ਤੇ ਆਪਣੇ ਜੀਵਨ ਦਾ ਰਾਹ ਨਿਸਚਿੱਤ ਕਰਨ ਦੀ ਵਿਹਲ ਹੀ ਨਹੀਂ। ਜਿਸ ਤਰ੍ਹਾਂ ਕਿਸੇ ਸ਼ਰਾਬੀ ਜਾਂ ਅਫ਼ੀਮੀ ਨੂੰ ਬਿਨਾਂ ਉਸ ਨਸ਼ੇ ਦੇ ਚੈਨ ਨਹੀਂ ਆਉਂਦਾ, ਉਸੇ ਤਰ੍ਹਾਂ ਅਸ਼ਾਂਤ ਤੇ ਚੰਚਲ ਚਿਤ ਵਾਲੇ ਇਹ ਮਨੁੱਖ ਹਨ।

ਇਨ੍ਹਾਂ ਵਿਚੋਂ ਜਿਹੜੇ ਕੁਝ ਸਿਆਣੇ ਹਨ, ਵਿਦਵਾਨ ਤੇ ਵਿਚਾਰਵਾਨ ਹਨ, ਉਹ ਵੀ ਇਹ ਕਹਿੰਦੇ ਹਨ "ਕੀ ਕਰੀਏ ਹੁਣ ਤਾਂ ਇਸ ਵਹਿਣ ਵਿਚ ਪੈ ਗਏ ਹਾਂ।" ਉਹ ਇਸ ਲਈ ਨਹੀਂ ਕਰਦੇ ਕਿ ਸ਼ਾਂਤੀ ਪੂਰਨ ਤੇ ਸੁਖੀ ਜ਼ਿੰਦਗੀ ਬਤਾਉਣ ਲਈ ਉਨ੍ਹਾਂ ਗੱਲਾਂ ਦੀ ਖਾਸ ਲੋੜ ਹੈ, ਸਗੋਂ ਇਸ ਲਈ ਕਰਦੇ ਹਨ ਕਿ ਸੰਸਾਰ ਵਿਚ ਵਡੇ ਵਡੇ ਪ੍ਰਤਿਸ਼ਠਿਤ ਲੋਕ ਇਨ੍ਹਾਂ ਗੱਲਾਂ ਨੂੰ ਚੰਗਾ ਸਮਝਦੇ ਹਨ। ਅਜੇਹੇ

ਆਦਮੀ ਸੱਚਾ ਸੁਖ ਕਦੇ ਨਹੀਂ ਪਾ ਸਕਦੇ, ਕਿਉਂਕਿ ਉਹ ਪ੍ਰਵਾਹ ਵਿਚ ਵਹਿਣ ਵਾਲੇ ਜੀਵਾਂ ਦੀ ਤਰ੍ਹਾਂ ਸਦਾ ਏਧਰ ਓਧਰ ਟਕਰਾਉਂਦੇ ਰਹਿੰਦੇ ਹਨ। ਅਜੇਹੇ ਆਦਮੀ ਸੁਖੀ ਜੀਵਨ ਨਹੀਂ ਭੋਗ ਸਕਦੇ। ਜਾਣੋਂ ਘਰ ਉਨ੍ਹਾਂ ਦਾ ਇਕ ਹੋਟਲ ਹੈ। ਰੋਟੀਆਂ ਖਾਧੀਆਂ ਤੇ ਰਾਹ ਪਏ। ਅਜੇਹੇ ਲੋਕ ਕੌਮ ਦੇ ਈਰਖਾ, ਦ੍ਵੈਖ ਤੇ ਪਖੰਡੀ ਜੀਵਨ ਨੂੰ ਆਪ-ਣੀਆਂ ਖਾਹਸ਼ਾਂ ਤੇ ਸੰਸਾਰ ਦੇ ਬਹੁਤ ਲੋਕਾਂ ਨੂੰ ਓਧਰ ਤੁਰ ਰਹੇ ਵੇਖ ਕੇ ਛੱਡ ਨਹੀਂ ਸਕਦੇ। ਖਾਹਸ਼ਾਂ ਦੇ ਥਪੇੜਿਆਂ ਵਿਚ ਉਨ੍ਹਾਂ ਦਾ ਜੀਵਨ ਬੀਤ ਰਿਹਾ ਹੈ। ਇਹੋ ਹਾਲਤ ਅਜ ਕਲ ਦੇ ਨੌਜਵਾਨਾਂ ਦੀ ਹੋ ਰਹੀ ਹੈ।

ਜਿਥੇ ਅਜਿਹੀ ਹਾਲਤ ਆਮ ਹੋ ਰਹੀ ਹੈ, ਉਥੇ ਉਹ ਇਕ ਚੀਜ਼ ਉਤੇ ਸੰਤੋਖ ਕਰਕੇ ਸਿੱਧਾ ਸਾਦਾ ਜੀਵਨ ਬਿਤਾਣ ਤੇ ਉਸ ਵਿਚ ਹੀ ਸੱਚੀ ਸ਼ਾਂਤੀ ਤੇ ਸੁਖ ਲੈਣ ਤੋਂ ਉਪਰਾਮ ਹਨ। ਉਥੇ ਬਹੁਤ ਸਾਰੀਆਂ ਭੈਣਾਂ ਦੇ ਦਿਲਾਂ ਵਿਚ ਭੀ ਨਵੀਆਂ ਤੋਂ ਨਵੀਆਂ ਖਾਹਸ਼ਾਂ ਨਵੀਆਂ ਕੂੰਬਲਾਂ ਦੀ ਤਰ੍ਹਾਂ ਫੁਟਦੀਆਂ ਤੇ ਵਧਦੀਆਂ ਜਾਂਦੀਆਂ ਹਨ। ਕਦੇ ਉਹ ਇਹ ਸ਼ਕਾਕਿਤ ਕਰਦੀਆਂ ਹਨ ਕਿ ਅਸੀਂ ਘਰਾਂ ਦੇ ਕੰਮ ਕਰ ਕੇ ਮਰਦਦੀਆਂ ਜਾ ਰਹੀਆਂ ਹਾਂ। ਜੇਕਰ ਕੋਈ ਨੌਕਰਾਣੀ ਤੇ ਸਹਾਇਤਾ ਕਰਨ ਵਾਲੀ ਰੱਖਣ ਵਾਸਤੇ ਆਖੇ ਤਾਂ ਫੇਰ ਇਹ ਜਵਾਬ ਮਿਲਦਾ ਹੈ ਕਿ ਉਹ ਤਾਂ ਹੋਰ ਵੀ ਕੰਮ ਨੂੰ ਵਿਗਾੜ ਦੇਂਦੀਆਂ ਹਨ।

ਕਦੇ ਉਹ ਸੰਤਾਨ ਨਾ ਹੋਣ ਕਰਕੇ ਦੁਖੀ ਹਨ। ਕਦੇ ਉਹ ਰਾਤ ਦਿਨ ਇਹ ਸਰਾਪ ਉਨ੍ਹਾਂ ਜੰਮੇ ਹੋਏ ਬਚਿਆਂ ਨੂੰ ਦੇਂਦੀਆ ਹਨ ਕਿ ਐਸੇ ਬੱਚੇ ਨਾ ਹੁੰਦੇ ਤਾਂ ਚੰਗਾ ਸੀ। ਕਦੇ ਲੜਕੇ ਦੀ ਸ਼ਾਦੀ ਕਰਨ ਤੇ ਨੂੰਹ ਦਾ ਮੂੰਹ ਵੇਖਣ ਦੀ ਖਾਹਸ਼ ਆ ਘੇਰਦੀ ਹੈ। ਕਦੇ ਉਸ ਨੂੰਹ ਦੇ ਘਰ ਆ ਜਾਣ ਪਰ ਉਸਦੀਆਂ ਸ਼ਕਾਇਤਾਂ ਤੇ ਦੋਸ਼ਾਂ ਦਾ ਰਜਿਸਟਰ ਖੁਲ੍ਹ ਜਾਂਦਾ ਹੈ ਕਿ "ਇਹ ਮੇਰੀ ਨੂੰਹ ਹੈ ? ਇਹ ਤਾਂ ਰਾਣੀ ਬਣਕੇ ਆਈ ਹੈ ! ਮੇਰਾ ਵੀ ਵਿਆਹ ਹੋਇਆ ਸੀ, ਪਰ ਮੈਂ ਅਜਿਹੀ ਬੇਸ਼ਰਮ ਨਹੀਂ ਸਾਂ। ਬੁੱਤ ਬਣਕੇ ਬੈਠੀ ਰਹਿੰਦੀ ਹੈ।" ਜੇ ਨੂੰਹ ਘਰ ਦੇ ਸਾਰੇ

ਕੰਮ ਕਾਰ ਨੂੰ ਸੰਭਾਲ ਲਵੇ ਤਾਂ ਫੇਰ ਇਹ ਗੱਲ ਨਿਕਲਦੀ ਹੈ-ਹੁਣ ਮੇਰਾ ਇਸ ਘਰ ਵਿਚ ਕੀ ਕੰਮ ਹੈ? ਮੇਰੀ ਗੱਲ ਹੀ ਕੌਣ ਪੁਛਦਾ ਹੈ? ਜ਼ਮਾਨਾ ਹੀ ਅਜਿਹਾ ਹੈ! ਕਲਜੁਗ ਹੋਇਆ! ਇਸ ਤਰ੍ਹਾਂ ਵਿਚਾਰੀ ਨੂੰਹਾਂ ਦਾ ਨਾ ਓਧਰੋਂ ਛੁਟਕਾਰਾ ਹੈ ਤੇ ਨਾ ਏਧਰੋਂ! ਉਧਰ ਨੂੰਹਾਂ ਦਾ ਕੀ ਹਾਲ ਹੈ? ਕਿਸੇ ਨੂੰ ਕੋਈ ਖ਼ਾਸ ਗਹਿਣਾ ਬਨਵਾਉਣ ਦੀ ਖਾਹਸ਼ ਹੈ, ਕੋਈ ਖਾਸ ਰੰਗ ਦੀ ਸਾਹੜੀ ਮੰਗਦੀ ਹੈ, ਕਦੇ ਉਸਨੂੰ ਕਿਸੇ ਦੇ ਕਾਂਟੇ ਚੰਗੇ ਲਗਦੇ ਹਨ, ਕਦੀ ਕਿਸੇ ਵਰਗਾ ਹਾਰ ਲੈਣਾ ਚਾਹੁੰਦੀ ਹੈ। ਇਸ ਤਰ੍ਹਾਂ ਅਨੇਕਾਂ ਖਾਹਸ਼ਾਂ ਨੂੰ ਵਧਾਉਂਦਿਆਂ ਵਧਾਉਂਦਿਆਂ ਉਨਾਂ ਨੂੰਹਾਂ ਦਾ ਜੀਵਨ ਭੀ ਬੇਸਬਰਾ, ਚਿੜਚਿੜਾ, ਤੇ ਸਦਾ ਲਈ ਦੁਖੀ ਹੋ ਜਾਂਦਾ ਹੈ। ਫੇਰ ਜੇਕਰ ਉਨ੍ਹਾਂ ਦੀਆਂ ਸਾਰੀਆਂ ਖਾਹਸ਼ਾਂ ਪੂਰੀਆਂ ਹੋ ਭੀ ਜਾਂਦੀਆਂ ਹਨ, ਆਪਣੇ ਘਰ ਨੂੰ ਉਹ ਸੁਧਾਰ ਲੈਂਦੀਆਂ ਹਨ ਜਾਂ ਆਪਣੇ ਪ੍ਰਵਾਰ ਦਾ ਉਧਾਰ ਲੈਂਦੀਆਂ ਹਨ ਤਾਂ ਫੇਰ ਉਨ੍ਹਾਂ ਦਾ ਮਨ ਦੂਜਿਆਂ ਦੀ ਚਾਲ ਢਾਲ ਨੂੰ ਵੇਖ ਕੇ ਕੁੜ੍ਹਦਾ ਹੈ। ਫੇਰ ਦੂਜਿਆਂ ਦੇ ਘਰਾਂ ਦਾ ਸੁਧਾਰ ਕਰਨ ਤੇ ਉਨ੍ਹਾਂ ਦਾ ਭਾਰ ਹੌਲਾ ਕਰਨ ਲਈ ਛਾਣਬੀਣ ਸ਼ੁਰੂ ਹੋ ਜਾਂਦੀ ਹੈ। ਸੋ ਅਜੇਹੀਆਂ ਇਸਤ੍ਰੀਆਂ ਨੂੰ ਜ਼ਿੰਦਗੀ ਭਰ ਵਿਚ ਭੀ ਕੋਈ ਸੁਖ ਜਾਂ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ।

ਇਸ ਲਈ ਸੁਖੀ ਜੀਵਨ ਬਿਤਾਉਣ ਵਾਸਤੇ ਪਹਿਲੇ ਆਪਣੇ ਮਨ ਵਿਚ ਬਹੁਤ ਥੋੜੀਆਂ ਤੇ ਚੰਗੀਆਂ ਖਾਹਸ਼ਾਂ ਨੂੰ ਥਾਂ ਦੇਵੋ। ਫੇਰ ਜਿਨ੍ਹਾਂ ਵਿਚ ਆਪਣੇ ਨਾਲੋਂ ਬਹੁਤਾ ਦੂਜਿਆਂ ਦੀ ਭਲਾਈ ਦਾ ਹੀ ਖਿਆਲ ਹੋਵੇ, ਉਹ ਖਾਹਸ਼ਾਂ ਮਨ ਵਿਚ ਧਾਰੋ। ਫੇਰ ਇਹ ਗਲ ਭੀ ਯਾਦ ਰਖੋ ਕਿ ਜੇਕਰ ਉਹ ਖਾਹਸ਼ਾਂ ਨਾ ਪੂਰੀਆਂ ਹੋਣ ਤਾਂ ਉਨ੍ਹਾਂ ਤੋਂ ਤੁਹਾਡੇ ਮਨ ਨੂੰ ਦੁੱਖ ਨਾ ਹੋਵੇ, ਨਾ ਤੁਹਾਡੇ ਉਤਸ਼ਾਹ, ਕੰਮ ਤੇ ਰੰਗ ਢੰਗ ਵਿਚ ਕੋਈ ਫ਼ਰਕ ਆਵੇ। ਆਪਣੇ ਮਨ ਨੂੰ ਸੰਜਮ ਵਿਚ ਰਖ ਕੇ ਥੋੜੇ ਵਿਚ ਸੰਤੋਖ ਕਰਨ ਅਤੇ ਜੋ ਕੁਝ ਮਿਲੇ ਉਸੇ

ਵਿਚ ਖੁਸ਼ ਰਹਿਣ ਦੀ ਆਦਤ ਪਾਓ। ਦੁੱਖ ਵਿਚ ਭੀ ਇਹ ਜਾਣਕੇ ਸੰਤੋਖ ਕਰੋ ਕਿ ਸੰਸਾਰ ਵਿਚ ਕਈ ਤਹਾਡੇ ਤੋਂ ਵੀ ਵੱਧ ਦੁਖੀ ਹਨ।

ਇਸ ਲਈ ਸਭ ਤੋਂ ਚੰਗਾ ਉਪਾ ਇਹੋ ਹੈ ਕਿ ਸਦਾ ਕੰਮ ਕਾਰ ਵਿਚ ਲਗੇ ਰਹੋ, ਕੰਮ ਕਾਰ ਵਿਚ ਇਤਨ ਲੀਨ ਰਹੋ ਕਿ ਦੁਖ ਸੁਖ, ਖਾਸ ਕਰਕੇ ਦੁਖ ਦਾ ਅਨੁਭਵ ਕਰਨ ਤੇ ਕਿਸੇ ਚੀਜ਼ ਦੀ ਅਣਹੋਂਦ ਲਈ ਰੋਣ ਤੇ ਦੁਖੀ ਹੋਣ ਦਾ ਸਮਾ ਹੀ ਨਾ ਮਿਲੇ। ਤਨ ਮਨ ਨੂੰ ਭੁਲਾਕੇ, ਇਕ ਦਿਲ ਹੋਕੇ ਕੰਮ ਕਰਨ ਨ ਲੋਂ ਵੱਧ ਕੋਈ ਸੁਖ ਨਹੀਂ। ਇਸ ਨਾਲ ਤੁਹਾਡਾ ਮਨ ਵਧੂ ਫ਼ਿਕਰਾਂ ਤੇ ਚਿੰਤਾ ਦੁੱਖਾਂ ਤੋਂ, ਝੂਠੀਆਂ ਤੇ ਲੱਸੀ ਵਾਂਗ ਵਧ ਜਾਣ ਵਾਲੀਆਂ ਇੱਛਾਂ ਤੋਂ ਬਚਿਆ ਰਹੇਗਾ। ਨਿਕੰਮੇ ਬੈਠ ਕੇ ਫ਼ਿਕਰਾਂ ਨੂੰ ਵਧਾ ਲੈਣ ਨਾਲ ਮਨ ਕਮਜ਼ੋਰ ਹੁੰਦਾ ਜਾਂਦਾ ਹੈ। ਨਿਕੰਮੇ ਬੈਠਣ ਵਾਲੇ ਚਿੰਤਾ ਤੇ ਨਿਰਾਸਤਾ ਦੇ ਸਮੁੰਦਰ ਵਿਚ ਇਸਤਰ੍ਹਾਂ ਡੁੱਬ ਜਾਂਦੇ ਹਨ ਕਿ ਉਨ੍ਹਾਂ ਕੋਲੋਂ ਸੰਸਾਰ ਦਾ ਕੋਈ ਵੱਡਾ ਕੰਮ ਸਿਰੇ ਚੜ੍ਹ ਹੀ ਨਹੀਂ ਸਕਦਾ। ਉਹ ਨਾ ਸਿਰਫ਼ ਦੂਜਿਆਂ ਲਈ ਸਗੋਂ ਘਰ ਦੇ ਕੁਟੰਬੀਆਂ ਲਈ ਭੀ ਭਾਰੂ ਹੋ ਜਾਂਦੇ ਹਨ।

ਸੁਖੀ ਜੀਵਨ ਬਤੀਤ ਕਰਨ ਲਈ ਸਭ ਤੋਂ ਵੱਡਾ ਉਪਾ ਸੰਤੋਖ ਰਖਣਾ ਹੈ। ਜੇਕਰ ਤੁਸੀਂ ਸੁਖ ਚਾਹੁੰਦੇ ਹੋ ਤਾਂ ਜਿਸ ਅਵਸਥਾ ਵਿਚ ਤੁਸੀਂ ਹੋ ਉਸੇ ਵਿਚ ਸੁਖ ਪ੍ਰਤੀਤ ਕਰੋ। ਇਸ ਲਈ ਦੂਜੇ ਕੀ ਖਾਂਦੇ ਪੀਂਦੇ ਹਨ ਤੇ ਕੀ ਪਹਿਨਦੇ ਹਨ, ਇਸ ਵਲ ਨਾ ਦੇਖੋ ਅਤੇ ਨਾ ਉਨ੍ਹਾਂ ਜੇਹੇ ਸੁਖ ਪ੍ਰਾਪਤ ਕਰਨ ਦੀ ਚਿੰਤਾ ਕਰੋ। ਅਜਿਹਾ ਨਾ ਹੋਵੇ ਕਿ ਉਹ ਚੀਜ਼ਾਂ ਭੀ ਤੁਹਾਨੂੰ ਨਾ ਮਿਲਣ ਤੇ ਤੁਹਾਡੇ ਵਰਤਮਾਨ ਸੁਖ ਭੀ ਨਸ਼ਟ ਹੋ ਜਾਣ। ਆਉਣ ਵਾਲੇ ਸਮੇਂ ਦਾ ਸੁਖ ਨਾਲ ਕੋਈ ਸੰਬੰਧ ਨਾ ਰਖੋ ਅਰਥਾਤ ਇਹ ਨਾ ਸੋਚੋ ਕਿ ਅਗੇ ਜਾਕੇ ਮੈਨੂੰ ਅਜੇਹਾ ਸੁਖ ਮਿਲੇਗਾ। ਜਿਸ ਅਵਸਥਾ ਵਿਚ ਪਏ ਹੋ ਓਸੇ ਵਿਚ ਸੁਖ ਢੂੰਡੋ ਤੇ ਪਾਓ। ਸੰਸਾਰ ਵਿਚ ਆਪਣੇ ਜਾਂ ਦੂਜਿਆਂ ਦੇ ਮਨ ਵਿਚ ਝੂਠੀਆਂ ਤੇ

ਵਡੀਆਂ ਵਡੀਆਂ ਖ਼ਾਹਸ਼ਾਂ ਨੂੰ ਪੈਦਾ ਕਰਕੇ ਆਪਣੇ ਜੀਵਨ ਦੀ ਸ਼ਾਂਤੀ ਨੂੰ ਨਸ਼ਟ ਨਾ ਕਰੋ। ਅਸਲੀ ਸੁਖ ਤਾਂ ਆਪਣੇ ਆਪਨੂੰ ਲੁਕਾ ਕੇ ਰੱਖਣ ਤੇ ਚੁਪ ਚਾਪ ਆਪਣੀ ਕੁਰਬਾਨੀ ਦੇਣ ਵਿਚ ਹੈ।

ਨਿਰਮਲ, ਸ਼ਾਂਤੀ-ਪੂਰਣ ਤੇ ਪਵਿਤ੍ਰ ਜੀਵਨ ਬਿਤਾਉਣ ਦੀ ਇੱਛਾ ਉੱਚੀ ਹੈ ਅਤੇ ਮਨੁੱਖਾ-ਜੀਵਨ ਦਾ ਇਹੋ ਆਦਰਸ਼ ਹੈ।

ਅਜ ਕਲ ਬਹੁਤ ਸਾਰੇ ਇਸਤ੍ਰੀ ਪੁਰਸ਼ ਇਹ ਸਮਝਦੇ ਹਨ ਕਿ ਵਿਆਹ ਦਾ ਮਤਲਬ ਭੋਗ-ਵਿਲਾਸੀ ਜੀਵਨ ਬਿਤਾਉਣਾ ਹੀ ਹੈ। ਹਜ਼ਾਰਾਂ ਵਰ੍ਹਿਆਂ ਦੇ ਸੰਸਕਾਰਾਂ ਦੇ ਕਾਰਨ ਅਸੀਂ ਵਿਆਹ ਵਿਚ ਸਰੀਰਕ ਵਾਸ਼ਨਾਂ ਦੀ ਪੂਰਤੀ ਦੇ ਭਾਵ ਨੂੰ ਹੀ ਪ੍ਰਧਾਨ ਮੰਨਣ ਲਗ ਪਏ ਹਾਂ। ਰਤਾ ਲੜਕੀ ਵੱਡੀ ਹੋਈ ਕਿ ਚੁਪਾਸਿਉਂ ਅਵਾਜ਼ਾਂ ਅਉਣ ਲਗ ਪੈਂਦੀਆਂ ਹਨ-ਲੜਕੀ ਇੰਨੀ ਵੱਡੀ ਹੋ ਗਈ ਪਰ ਇਸਨੂੰ ਸੰਭਾਲਣ ਵੇਖਣ ਵਾਲਾ ਕੋਈ ਨਹੀਂ। ਕਈ ਤਾਂ ਇਥੋਂ ਤਕ ਆਖ ਦੇਂਦੀਆਂ ਹਨ ਕਿ "ਮੈਂ ਤਾਂ ਏਨੀ ਉਮਰ ਵਿਚ ਦੋ ਬਾਲਾਂ ਦੀ ਮਾਂ ਭੀ ਹੋ ਗਈ ਸਾਂ।"

ਇਨ੍ਹਾਂ ਗੱਲਾਂ ਤੋਂ ਵਿਆਹ ਨੂੰ ਕੇਵਲ ਵਾਸ਼ਨਾਂ ਤੇ ਸੰਤਾਨ ਪੈਦਾ ਕਰਨ ਦਾ ਹੀ ਸਾਧਨ ਮੰਨ ਲਿਆ ਮਾਲੂਮ ਹੁੰਦਾ ਹੈ। ਲੋਕਾਂ ਦੇ ਦਿਲ ਵਿਚ ਇਹ ਖਿਆਲ ਬਹੁਤ ਦੂਰ ਤਕ ਘਰ ਕਰ ਗਿਆ ਹੈ ਕਿ ਵਿਆਹ ਕਦੇ ਨਾ ਮੁੱਕਣ ਵਾਲਾ ਤੇ ਵਿਸ਼ੇ ਵਾਸ਼ਨਾ ਦਾ ਇਕ ਪਿੰਜਰਾ ਹੈ। ਹਰ ਇਕ ਨੂੰ ਇਹ ਗਲ ਯਾਦ ਰਖਣੀ ਚਾਹੀਦੀ ਹੈ ਕਿ ਵਿਆਹ ਇਕ ਬਹੁਤ ਜ਼ਿਮੇਵਾਰੀ ਵਾਲਾ ਜੀਵਨ ਹੈ ਵਿਆਹ ਹੋ ਜਾਣ ਪਿਛੋਂ ਹਰ ਇਕ ਗੱਲ ਵਿੱਚ ਸੰਜਮ ਰਖਣਾ ਪੈਂਦਾ ਹੈ। ਵਿਆਹ ਕੋਈ ਵਾਧੂ ਦਲੀਲਾਂ ਤੇ ਹਾਸੇ ਠੱਠੇ ਦਾ ਜੀਵਨ ਨਹੀਂ। ਉਕਤ ਖਿਆਲਾਂ ਦੇ ਪੈਦਾ ਹੋਣ ਦਾ ਕਾਰਨ ਕੌਮ ਵਿਚ ਵਧ ਰਹੀ ਭੋਗਵਾਸ਼ਨਾ ਹੈ। ਪੁਰਸ਼ ਚੰਚਲਤਾ ਅਤੇ ਅਤ੍ਰਿਪਤੀ ਵਿਚ ਤੇ ਅਨੇਕਾਂ ਤਰ੍ਹਾਂ ਦੇ ਲਾਲਚ ਵਿਚ ਫਸਕੇ ਆਪਣੇ ਵਿਆਹਿਤ ਜੀਵਨ ਨੂੰ ਦਿਨ ਪਰ ਦਿਨ ਵਿਸ਼ਈ ਅਤੇ

ਕਾਮੀ ਬਣਾਉਂਦੇ ਜਾ ਰਹੇ ਹਨ। ਇਸਤ੍ਰੀਆਂ ਜੋ ਉਨ੍ਹਾਂ ਨਾਲੋਂ ਬਹੁ-ਤੀਆਂ ਸੰਜਮੀ ਤੇ ਵਫਾਦਾਰ ਹਨ ਉਹ ਆਪਣੇ ਪਤੀਆਂ ਦੀ ਕਾਮ ਵਾਸ਼ਨਾ ਪੂਰੀ ਕਰਨ ਲਈ ਆਪਣੀ ਸੁੰਦਰਤਾ ਤੇ ਸਿਹਤ ਨੂੰ ਹੀ ਕੁਰ-ਬਾਨ ਕਰਦੀਆਂ ਜਾ ਰਹੀਆਂ ਹਨ । ਇਸ ਲਈ ਲੋੜ ਹੈ ਕਿ ਸਾਡੀਆਂ ਵਾਸ਼ਨਾਂ ਘਟ ਜਾਣ ਤੇ ਸਾਡਾ ਜੀਵਨ ਸੰਜਮ ਵਾਲਾ ਹੋਵੇ।

ਭੋਗ ਵਿਲਾਸ ਜਾਂ ਸਰੀਰ ਦੇ ਸੁਖਾਂ ਵਿਚ ਇਸ ਤਰ੍ਹਾਂ ਲਿਪਤ ਨਹੀਂ ਹੋ ਜਾਣਾ ਚਾਹੀਦਾ ਕਿ ਸਰੀਰ ਤੇ ਮਨ ਦੋਹਾਂ ਦੀ ਅਵਸਥਾ ਵਿਗੜਦੀ ਜਾਵੇ ਅਤੇ ਉੱਚਾ ਉੱਠਣ ਦੀ ਥਾਂ ਅਸੀਂ ਜੀਵਨ ਦੀ ਲੜਾਈ ਵਿਚ ਬਿਲਕੁਲ ਨਿਕੰਮੇ ਤੇ ਕਮਜ਼ੋਰ ਹੋ ਕੇ ਨਿਘਰਦੇ ਜਾਈਏ । ਸੰਜਮ ਦਾ ਅਰਥ ਇਤਨਾ ਹੀ ਹੈ ਕਿ ਸਾਡੀਆਂ ਖਾਹਸ਼ਾਂ ਇਤਨੀਆਂ ਨਾ ਵਧ ਜਾਣ ਕਿ ਉਹ ਸੁਖ ਦੇਣ ਦੀ ਥਾਂ ਉਲਟੇ ਦੁਖ ਦੇਣ ਲਗ ਜਾਣ। ਸੰਜਮ ਦਾ ਮਤਲਬ ਇਹ ਹੈ ਕਿ ਅਸੀਂ ਸਰੀਰ ਦੇ ਵਿਸ਼ੇ ਭੋਗਾਂ ਵਿਚ ਇੰਨੇ ਨਾ ਪੈ ਜਾਈਏ ਕਿ ਉਸ ਦੇ ਗ਼ੁਲਾਮ ਹੀ ਬਣ ਜਾਈਏ ਤੇ ਸਾਡੇ ਮਨ ਨੂੰ ਖਾਹਸ਼ਾਂ ਦਬਾ ਲੈਣ।

ਸੰਸਾਰ ਦੇ ਆਮ ਮਨੁੱਖਾਂ ਲਈ ਸਭ ਤੋਂ ਵੱਡਾ ਸਿਧਾਂਤ ਇਹੋ ਹੈ ਕਿ ਸੰਜਮ ਵਾਲਾ ਅਹਾਰ ਵਿਹਾਰ ਕਰਨ, ਖ਼ੁਰਾਕ ਥੋੜੀ ਤੇ ਵੇਲੇ ਸਿਰ ਖਾਣ ਉਸੇ ਤਰ੍ਹਾਂ ਭੋਗ ਵਿਲਾਸ ਭੀ ਥੋੜਾ ਤੇ ਸੰਤਾਨ ਪੈਦਾ ਕਰਨ ਲਈ ਕਰਨ—ਉਸ ਵਿਚ ਰੁੜ੍ਹ ਨਾ ਜਾਣ ।

ਅਰੋਗਤਾ ਦੀ ਨਜ਼ਰ ਨਾਲ ਭੀ ਇਸਤ੍ਰੀਆਂ ਨੂੰ ਚਾਹੀਦਾ ਹੈ ਕਿ ਉਹ ਵਿਆਹ ਹੋ ਜਾਣ ਪਿਛੋਂ ਪੂਰਾ ਸੰਜਮ ਰੱਖਣ, ਅੱਜ ਪ੍ਰਸੂਤ ਰੋਗ, ਦਮਾ, ਤਪਦਿਕ ਤੇ ਕਈ ਹੋਰ ਨਵੀਆਂ ਨਵੀਆਂ ਬੀਮਾਰੀਆਂ ਜੋ ਇਸਤ੍ਰੀਆਂ ਨੂੰ ਹੋਈਆਂ ਵੇਖੀਆਂ ਜਾਂਦੀਆਂ ਹਨ, ਉਹ ਸਾਰੀਆਂ ਅਸੰਜਮ ਦਾ ਨਤੀਜਾ ਹਨ, ਅਰਥਾਤ ਬਦਪ੍ਰਹੇਜ਼ੀ, ਅਤੇ ਹਰ ਵੇਲੇ ਵਿਸ਼ੇ ਵਿਕਾਰਾਂ ਦਾ ਹੀ ਇਹ ਨਤੀਜਾ ਹੈ ਕਿ ਇਸਤ੍ਰੀਆਂ ਛੋਟੀ ਉਮਰ ਵਿਚ ਮਰ ਜਾਂਦੀਆਂ ਹਨ, ਫੇਰ ਸੰਤਾਨ ਪੈਦਾ ਹੋਣ ਵੇਲੇ

ਕਈ ਸੇਰ ਲਹੂ ਘਟ ਜਾਂਦਾ ਹੈ, ਕਿਉਂਕਿ ਉਸਦੇ ਸਰੀ ਜੀਵਨ ਬਹੁਤ ਤੋਂ ਹੀ ਸੰਤਾਨ ਬਣਦੀ ਹੈ। ਸੋ ਇਸਤ੍ਰੀਆਂ ਨੂੰ ਜਿੰਨਾ ਚ ਉਨ੍ਹਾਂ ਸਰੀਰ ਦਾ ਬੀਮਾਰ ਹੋ ਜਾਣਾ ਆਦਿ–ਹੁੰਦਾ ਹੈ ਓਨਾਂ ਪੁਰਸ਼ ਕੰਮਾਂ ਨਹੀਂ ਹੁੰਦਾ। ਸੋ ਸੰਜਮ ਵਲ ਇਸਤ੍ਰੀਆਂ ਨੂੰ ਵਧੇਰਾ ਧਿਆ ਸੁਧ ਦੇਣਾ ਚਾਹੀਦਾ ਹੈ।

ਵਿਆਹ ਹੋ ਜਾਣ ਪਿਛੋਂ ਸਿਰਫ਼ ਭੋਗ ਵਿਲਾਸ ਵਿਚ ਹੀ ਇਸਤ੍ਰੀਆਂ ਨੂੰ ਸੰਜਮ ਰਖਣ ਦੀ ਲੋੜ ਨਹੀਂ, ਸਗੋਂ ਹੋਰ ਭੀ ਕਈਆਂ ਗਲਾਂ ਵਿਚ ਸੰਜਮ ਰਖਣ ਦੀ ਲੋੜ ਹੈ, ਜਿਹਾ ਕਿ ਬਹੁਤਾ ਬੋਲਣਾ, ਆਲਸ ਵਿਚ ਸਮਾਂ ਗਵਾਉਣਾ, ਫ਼ਜ਼ੂਲ ਖਰਚੀ, ਇਨ੍ਹਾਂ ਸਭਨਾਂ ਵਿਚ ਸੰਜਮ ਦੀ ਲੋੜ ਹੈ। ਸੰਸਾਰ ਵਿਚ ਸਭ ਨਾਲੋਂ ਘਟ ਕੀਮਤੀ ਕੋਈ ਚੀਜ਼ ਸਾਨੂੰ ਮਿਲੀ ਹੈ ਤਾਂ ਉਹ ਸਮਾਂ ਹੈ। ਪਰ ਅਸੀਂ ਫੇਰ ਭੀ ਉਸ ਨੂੰ ਐਵੇਂ ਗੁਆ ਰਹੇ ਹਾਂ। ਜਿਹੜਾ ਦਿਨ ਬੀਤ ਗਿਆ ਹੈ ਉਹ ਲੱਖਾਂ ਯਤਨਾਂ ਨਾਲ ਭੀ ਮੁੜ ਨਹੀਂ ਆਵੇਗਾ। ਇਸ ਲਈ ਮਿੰਟ ਮਿੰਟ ਨੂੰ ਬਚਾਓ ਤੇ ਅਜੇਹੀਆਂ ਗਲਾਂ ਵਿਚ ਉਸ ਨੂੰ ਖ਼ਰਚ ਕਰੋ ਜਿਨ੍ਹਾਂ ਨਾਲ ਤੁਹਾਡਾ ਜੀਵਨ ਦਿਨ ਰਾਤ ਸ਼ਾਂਤ, ਸੁਖੀ, ਉੱਚਾ ਤੇ ਸੰਜਮੀ ਬਣੇ। ਇਹ ਜੀਵਨ ਕੇਵਲ ਭੋਗ-ਵਿਲਾਸਾਂ ਲਈ ਨਹੀਂ ਤੇ ਨਾ ਹੀ ਵਾਧੂ ਗਲਾਂ ਵਿਚ ਗੁਆਉਣ ਲਈ ਹੈ।

## ਘਰੋਗੀ ਜੀਵਨ ਸਭ ਸੁਖਾਂ ਦਾ ਮੂਲ ਹੈ

ਅਜ ਕਲ ਦਾ ਸਮਾ ਕੁਝ ਅਨੋਖਾ ਹੈ, ਘਰੋਗੀ ਜੀਵਨ ਨੂੰ ਉੱਚਾ ਤੇ ਮਿਠਾ ਬਨਾਉਣ ਵਲ ਕਿਸੇ ਦਾ ਧਿਆਨ ਹੀ ਨਹੀਂ, ਹਾਂ ਕੌਮ ਤੇ ਦੇਸ਼ ਨੂੰ ਉੱਚਾ ਉਠਾਣ ਲਈ ਸਾਰੇ ਜ਼ੋਰ ਲਾ ਰਹੇ ਹਨ। ਇਹ ਗਲ ਅਜਿਹੀ ਹੈ ਜਿਸ ਤਰ੍ਹਾਂ ਕੋਈ ਜੜ੍ਹ ਵਿਚ ਪਾਣੀ ਨਾ ਸਿੰਜ ਕੇ ਪੱਤਿਆਂ ਨੂੰ ਸਿੰਜੇ। ਕੌਮ ਤੇ ਦੇਸ਼ ਦੀ ਸੇਵਾ ਕਰਨ

ਵਾਲਿਆਂ ਦੇ ਮੂੰਹੋਂ ਅਕਸਰ ਇਹ ਗਲ ਸੁਣੀ ਜਾਂਦੀ ਹੈ ਕਿ ਨੌਜਵਾਨਾਂ ਨੇ ਦੇਸ਼ ਨੂੰ ਉੱਚਾ ਉਠਾਉਣ ਦੀ ਲੜਾਈ ਵਿਚ ਕੋਈ ਖ਼ਾਸ ਤਿਆਗ ਨਹੀਂ ਕੀਤਾ। ਉਨ੍ਹਾਂ ਦਾ ਇਹ ਆਖਣਾ ਆਪਣੀ ਭੁੱਲ ਨੂੰ ਆਪ ਮੰਨਣਾ ਹੈ। ਅਸਾਂ ਆਪਣੇ ਨੌਜਵਾਨਾਂ ਨੂੰ ਇਸ ਲਾਇਕ ਬਣਾਇਆ ਹੀ ਕਦੋਂ ਹੈ ? ਆਪਣੇ ਘਰਾਂ ਨੂੰ, ਆਪਣੇ ਪ੍ਰਵਾਰ ਨੂੰ ਸੁਧਾਰਨ ਤੇ ਉੱਚਾ ਉਠਾਉਣ ਲਈ ਆਪਣੇ ਘਰ ਦੇ ਹਰ ਇਕ ਭੈਣ ਭਰਾ ਨੂੰ ਵਡਿਆਈ ਵਾਲਾ ਬਨਾਉਣ ਦਾ ਯਤਨ ਹੀ ਕਦੋਂ ਕੀਤਾ ਹੈ ? ਜੇ ਕਿਧਰੇ ਸਫਲਤਾ ਮਿਲੀ ਭੀ ਹੈ ਤਾਂ ਉਹ ਭੀ ਨਾਮ ਮਾਤ੍ਰ। ਧੜੇ ਬੰਦੀਆਂ ਹੋ ਰਹੀਆਂ ਹਨ, ਈਰਖਾ, ਦ੍ਵੈਖ, ਤੇ ਲੜਾਈ ਦਾ ਘਰ ਘਰ ਰਾਜ ਹੈ।

ਅਸੀਂ ਆਪਣੀ ਸਫ਼ਲਤਾ ਉਪਰ ਫੁੱਲੇ ਨਹੀਂ ਸਮਾਉਂਦੇ ਪਰ ਦੂਜੇ ਪਾਸੇ ਅਸੀਂ ਇਹ ਨਹੀਂ ਸੋਚਦੇ ਕਿ ਸਾਨੂੰ ਇਹ ਝੂਠੀ ਸਫ਼ਲਤਾ ਕਿੰਨੀ ਵੱਡੀ ਕੀਮਤ ਦੇ ਬਦਲੇ ਮਿਲੀ ਹੈ। ਇਸ ਕਰ ਹੀ ਕੌਮ ਵਿਚ ਕਿੰਨੇ ਜ਼ਹਿਰੀਲੇ ਖ਼ਿਆਲ ਪੈਦਾ ਹੋ ਰਹੇ ਹਨ। ਸੋ ਇਸ ਦਾ ਨਾਂ ਸਫ਼ਲਤਾ ਜਾਂ ਉੱਨਤੀ ਨਹੀਂ।

ਜਿਸ ਨੀਂਹ ਉਤੇ ਅਸੀਂ ਕੰਧ ਖੜੀ ਕਰਨੀ ਚਾਹੁੰਦੇ ਹਾਂ, ਉਹ ਕਮਜ਼ੋਰ ਹੈ। ਸੰਸਾਰ ਦੇ ਸਾਹਮਣੇ ਆਪਣੀ ਇਕ ਨਵੀਂ ਇਮਾਰਤ ਖੜੀ ਕਰ ਦੇਣ ਦੀ ਕਾਹਲ ਵਿਚ ਅਸੀਂ ਉਸ ਨੀਂਹ ਨੂੰ ਸੁਧਾਰਨਾ ਜਾਂ ਧੀਰਜ ਨਾਲ ਰਖਣਾ ਮੁਨਾਸਬ ਹੀ ਨਹੀਂ ਸਮਝਦੇ, ਜੋ ਕੁਟੰਬ ਜਾਂ ਕੌਮ ਦੀ ਜੀਵਨ-ਸ਼ਕਤੀ ਦਾ ਸੋਮਾ ਹੈ, ਜਿਸ ਵਿਚੋਂ ਸਾਰੀ ਕੌਮ ਨੂੰ ਬਨਾਣ ਜਾਂ ਵਿਗਾੜਨ ਵਾਲੇ ਨਿਕਲ ਕੇ ਸੰਸਾਰ ਵਿਚ ਜਾਂਦੇ ਹਨ, ਉਸ ਵਿਚ ਸੁਧਾਰ ਕਰਨ, ਉਸ ਨੂੰ ਪ੍ਰੇਮ ਪੂਰਣ ਤੇ ਮਿੱਠਾ ਬਨਾਉਣ, ਉਸ ਨੂੰ ਉੱਤਮ ਪੌਣ ਪਾਣੀ ਪੁਚਾਉਣ ਦਾ ਕਿਤਨੇ ਕੁ ਹਨ ਜੋ ਯਤਨ ਕਰਦੇ ਹਨ ? ਦੇਸ਼ ਦੀ ਭਲਾਈ ਦੀ ਇੱਛਾ ਰਖਣ ਵਾਲੇ ਜਾਂ ਕੌਮ ਨੂੰ ਸੁਧਾਰਨ ਦੀ ਇੱਛਾ ਰਖਣ

ਵਾਲੇ ਕਈ ਅਜਿਹੇ ਸਜਣ ਹਨ, ਜਿਨ੍ਹਾਂ ਦਾ ਘਰੋਗੀ ਜੀਵਨ ਬਹੁਤ ਹੀ ਦੁਖਾਂ ਭਰਿਆ ਹੈ ਪਰ ਆਪਣੀ ਲੱਗੀ ਹੋਈ ਧੁਨ ਵਿਚ ਉਨ੍ਹਾਂ ਦਾ ਕੋਈ ਧਿਆਨ ਹੀ ਨਹੀਂ। ਪੁਰਸ਼ ਬਾਹਰਲੀ ਦੁਨੀਆਂ ਦੇ ਕੰਮਾਂ ਵਿਚ ਅਜਿਹੇ ਡੁਬਦੇ ਜਾਂਦੇ ਹਨ ਕਿ ਘਰ ਦੀ ਉਨ੍ਹਾਂ ਨੂੰ ਕੋਈ ਸੁਧ ਹੀ ਨਹੀਂ। ਇਸਤ੍ਰੀਆਂ ਭੀ ਮਨ ਮਾਰ ਕੇ ਉਦਾਸ ਤੇ ਦੁਖੀ ਦਸ਼ਾ ਵਿਚ ਜਿਵੇਂ ਕਿਵੇਂ ਦਿਨ ਕਟ ਰਹੀਆਂ ਹਨ।

ਜਿਹੜੀਆਂ ਲਾਇਕ ਹਨ, ਸਿਆਣੀਆਂ ਹਨ; ਜਿਨ੍ਹਾਂ ਦੇ ਦਿਲ ਵਿਚ ਪਤੀ ਦਾ ਪ੍ਰੇਮ ਹੈ, ਆਪਣੇ ਪਤੀ ਨੂੰ ਉਹ ਚਿੰਤਾਂ ਫ਼ਿਕਰਾਂ ਤੋਂ ਦੂਰ ਰਖਣ ਲਈ ਆਪਣੇ ਦਿਲ ਦਾ ਰੋਣਾ ਦਿਲ ਵਿਚ ਹੀ ਲੁਕਾ ਰਖਦੀਆਂ ਹਨ, ਉਹ ਰੋਂਦੀਆਂ ਹੋਈਆਂ ਭੀ ਦਿਲ ਉਤੇ ਹਾਸੇ ਦਾ ਪਰਦਾ ਸੁਟ ਲੈਂਦੀਆਂ ਹਨ। ਉਹ ਪਤੀ ਦੇ ਪੁਛਣ ਤੇ ਭੀ ਦਿਲ ਵਿਚ ਚੁਭਣ ਵਾਲੀ ਗੱਲ ਨੂੰ ਬਹੁਤ ਘਟ ਕਹਿੰਦੀਆਂ ਹਨ, ਤਾਕਿ ਪਤੀ ਦੇ ਦਿਲ ਉਤੇ ਸੱਟ ਨਾ ਲਗੇ ਤੇ ਹੋਰ ਚਿੰਤਾ ਫ਼ਿਕਰ ਨਾ ਵਧ ਜਾਣ। ਇਹ ਇਸਤ੍ਰੀ ਦਾ ਤਿਆਗ ਹੈ, ਇਹ ਉਸ ਦੀ ਮਹਾਨਤਾ ਹੈ। ਭਾਵੇਂ ਉਹ ਪੜ੍ਹੀ ਲਿਖੀ ਭੀ ਨਹੀਂ, ਪਰ ਵਿਆਹ ਦੇ ਭੇਦ ਨੂੰ ਉਸ ਨੇ ਚੰਗੀ ਤਰ੍ਹਾਂ ਸਮਝ ਲਿਆ ਹੈ। ਵਿਆਹ ਵਿਚ ਦਸੀਆਂ ਗਈਆਂ ਤੇ ਸਮਝ ਨਾ ਪੈਣ ਵਾਲੀਆਂ ਗੱਲਾਂ ਤੋਂ ਉਸ ਨੇ ਵਧ ਕੰਮ ਕੀਤਾ ਹੈ।

ਦੂਜੇ ਪਾਸੇ ਸਭ ਕੁਝ ਸਮਝਣ ਬੁੱਝਣ ਦੀ ਅਕਲ ਅਤੇ ਕਰਨ ਦੀ ਤਾਕਤ ਰਖਕੇ ਭੀ-ਉਨ੍ਹਾਂ ਗਲਾਂ ਦੇ ਅਰਥ ਸਮਝਕੇ ਭੀ ਪਤੀ ਉਸ ਪਤਨੀ ਨੂੰ ਆਪਣੇ ਵਿਚ ਨਹੀਂ ਮਿਲਾ ਸਕਿਆ। ਉਹ ਆਪਣੀ ਪਤਨੀ ਦਾ ਉਪਯੋਗ ਹੋਰਨਾਂ ਗੱਲਾਂ ਵਿਚ ਕਰਨਾ ਚਾਹੁੰਦਾ ਹੈ। ਇਸ ਤਰ੍ਹਾਂ ਹੋਰ ਭੀ ਬਹੁਤ ਸਾਰੀਆਂ ਗੱਲਾਂ ਹਨ ਪਰ ਪਤਨੀ ਦਾ ਤਾਂ ਪਤੀ ਹੀ ਸਭ ਕੁਝ ਹੈ, ਉਹ ਸਭ ਕੁਝ ਛੱਡ ਸਕਦੀ ਅਤੇ ਛਡਦੀ ਹੈ ਪਰ

ਪਤੀ ਜਦ ਆਪਣੀ ਪਤਨੀ ਨੂੰ ਬਹੁਤ ਪਿਆਰ ਕਰਦਾ ਹੈ ਤਦ ਭੀ ਉਹ ਉਸ ਦੇ ਸੁਖ ਲਈ, ਉਸਦੀ ਤ੍ਰਿਪਤੀ ਲਈ—ਬਾਹਰਲੀ ਦੁਨੀਆ ਨੂੰ ਛਡਣਾ ਨਹੀਂ ਚਾਹੁੰਦਾ। ਦੁਨੀਆ ਦੇ ਲੋਭ ਲਾਲਚਾਂ ਤੇ ਵੱਡਾ ਬਣਨ ਦੀ ਇੱਛਾ ਦੇ ਕਾਰਨਾਂ ਕਰਕੇ ਉਹ ਬਹੁਤ ਕਮਜ਼ੋਰ ਸਾਬਤ ਹੁੰਦਾ ਹੈ।

ਇਸਤ੍ਰੀ ਪਤੀ ਨੂੰ ਕਿਸੇ ਪਰਾਈ ਇਸਤ੍ਰੀ ਨਾਲ ਵਿਭਚਾਰ ਕਰਦਿਆਂ ਭੀ ਦੇਖ ਲਵੇ, ਤਾਂ ਭੀ ਉਹ ਪਤੀ ਨੂੰ ਛਡਣ ਦਾ ਖ਼ਿਆਲ ਤਕ ਨਹੀਂ ਕਰ ਸਕਦੀ। ਉਸ ਲਈ ਤਾਂ ਉਹ ਉਹੋ ਜਿਹਾ ਹੀ ਹੈ। ਸੋ ਇਸ ਨਾਲੋਂ ਵਧ ਤਿਆਗ ਤੇ ਭਗਤੀ-ਭਾਵ ਹੋਰ ਕੀ ਹੋ ਸਕਦਾ ਹੈ?

ਕੌਮ ਦੀ ਉਨਤੀ ਦਾ ਮੂਲ ਸੁਖ ਸ਼ਾਂਤੀ ਵਾਲਾ ਸੰਤੁਸ਼ਟ ਘਰੇਗੀ ਜੀਵਨ ਹੀ ਹੈ। ਉਹ ਭੀ ਤਦ ਹੋ ਸਕਦਾ ਹੈ ਜਦ ਮਰਦ ਤੀਵੀਂ ਇਕ ਦੂਜੇ ਦੀ ਹੋਂਦ ਨੂੰ ਆਪਣੇ ਆਪ ਵਿਚ ਮਿਲਾ ਲੈਣ। ਇਕ ਦੂਜੇ ਦੇ ਅੰਦਰ ਮਿਲ ਜਾਣ ਦਾ ਯਤਨ ਕਰਨ। ਬੰਦੇ ਤੇ ਕੁਟੰਬ ਦੇ ਚੰਗੇ ਹੋਣ ਨਾਲ ਕੌਮ ਦੀ ਉੱਨਤੀ ਆਪਣੇ ਆਪ ਹੋ ਜਾਂਦੀ ਹੈ, ਕਿਉਂਕਿ ਬੰਦਿਆਂ ਤੇ ਕੁਟੰਬਾਂ ਦੇ ਇਕੱਠ ਦਾ ਨਾਂ ਹੀ ਕੌਮ ਹੈ। ਜੇ ਕਰ ਬੰਦੇ ਤੇ ਕੁਟੰਬ ਨੂੰ ਉੱਚਾ ਉਠਾਏ ਬਿਨਾਂ ਕੌਮੀ ਸੇਵਾ ਦਾ ਯੂਰਪੀਨ ਢੰਗ ਦਾ ਪ੍ਰਚਾਰ ਕੀਤਾ ਜਾਵੇ ਤਾਂ ਕੌਮ ਦੀ ਪਦਾਰਥਕ ਦਸ਼ਾ ਤਾਂ ਵਧ ਜਾਵੇਗੀ, ਪਰ ਕੌਮ ਨੂੰ ਬਨਾਉਣ ਵਾਲੇ ਲੋਕ ਦਿਨੋ ਦਿਨ ਡਿਗਦੇ ਜਾਣਗੇ, ਨਾਲੇ ਦੋ ਵਿਰੋਧੀ ਜੀਵਨ ਬਣਦੇ ਜਾਣਗੇ ਜਿਹਾ ਕਿ ਅੱਜ ਹੋ ਰਿਹਾ ਹੈ। ਜਿਥੇ ਬੰਦੇ ਤੇ ਕੁਟੰਬ ਦੀ ਉਨਤੀ ਅਰ ਪਵਿਤ੍ਰਤਾ ਦਾ ਭਾਵ ਪ੍ਰਧਾਨ ਹੁੰਦਾ ਹੈ, ਉਥੇ ਸ਼ਖਸੀ ਤੇ ਕੌਮੀ ਦੋਹਾਂ ਤਰ੍ਹਾਂ ਦਾ ਜੀਵਨ ਉੱਚਾ ਹੁੰਦਾ ਜਾਂਦਾ ਹੈ, ਕਿਉਂਕਿ ਕੌਮੀ ਜੀਵਨ ਦਾ ਚੰਗਾ ਹੋਣਾ ਬੰਦਿਆਂ ਦੇ ਜੀਵਨ ਉਤੇ ਨਿਰਭਰ

ਹੈ। ਬੰਦਿਆਂ ਦੇ ਨਿਜੀ ਜੀਵਨ ਦਾ ਚੰਗਾ ਹੋਣਾ ਕੌਮੀ ਜੀਵਨ ਪੁਰ ਨਹੀਂ।

ਪ੍ਰਾਚੀਨ ਸਮੇਂ ਭਾਰਤ ਦੀ ਉਨਤੀ ਇਸ ਕਰ ਕੇ ਹੋਈ ਸੀ ਕਿ ਸਾਡਾ ਉਦੇਸ਼ ਕੌਮ ਦੀ ਸੇਵਾ ਨਹੀਂ ਸੀ, ਸਗੋਂ ਆਪਣੇ ਆਤਮਾਂ ਨੂੰ ਸ਼ੁਧ ਕਰ ਕੇ ਸ਼ਾਂਤ ਤੇ ਸੰਜਮੀ ਜੀਵਨ ਬਿਤਾਉਣ ਦਾ ਸੀ। ਜਦ ਕੌਮੀ ਸੇਵਾ ਦਾ ਭਾਵ ਪ੍ਰਬਲ ਹੋ ਜਾਂਦਾ ਹੈ ਤਾਂ ਫੇਰ ਨਿੱਜੀ ਜੀਵਨ ਨੂੰ ਉੱਚਾ ਕਰਨ ਵਲੋਂ ਧਿਆਨ ਹਟ ਜਾਂਦਾਂ ਹੈ। ਦੂਜਿਆਂ ਦੀ ਉੱਨਤੀ ਦੇ ਉਦੇਸ਼ ਵਿਚ ਆਪਣੀ ਉੱਨਤੀ ਦਾ ਖ਼ਿਆਲ ਜਾਂਦਾ ਰਹਿੰਦਾ ਹੈ, ਜਿਸ ਕਰ ਕੇ ਕੌਮ ਗਿਰ ਜਾਂਦੀ ਹੈ। ਉਹ ਉਪਰੋਂ ਤਾਂ ਉੱਨਤ ਦਿਸਦੀ ਹੈ, ਪਰ ਅੰਦਰੋਂ ਪੋਲੀ, ਖੋਖਲੀ ਤੇ ਅਸ਼ਾਂਤ ਹੁੰਦੀ ਹੈ।

ਆਖਦੇ ਹਨ ਕਿ ਇਕ ਵਾਰੀ ਬੀਰਬਲ ਦੀ ਸਲਾਹ ਨਾਲ ਅਕਬਰ ਨੇ ਇਕ ਬਾਉਲੀ ਬਣਵਾਈ ਜੋ ਸੁੱਕੀ ਹੋਈ ਸੀ। ਉਸ ਨੇ ਹੁਕਮ ਦਿਤਾ ਕਿ ਰਾਤ ਵੇਲੇ ਸਭ ਲੋਕ ਇਕ ਇਕ ਘੜਾ ਦੁਧ ਦਾ ਇਸ ਵਿਚ ਪਾ ਜਾਣ। ਸਭਨਾਂ ਨੇ ਹੀ ਮਨ ਵਿਚ ਇਹ ਸੋਚ ਲਿਆ ਕਿ ਜਦ ਦੂਜੇ ਦੁਧ ਦੇ ਘੜੇ ਪਾ ਜਾਣਗੇ ਤੇ ਮੈਂ ਉਸ ਵਿਚ ਇਕ ਘੜਾ ਪਾਣੀ ਦਾ ਪਾ ਆਵਾਂਗਾ ਤਾਂ ਕੀ ਪਤਾ ਲਗੇਗਾ? ਸੁ ਜਦ ਸਵੇਰੇ ਜਾ ਕੇ ਵੇਖਿਆ ਗਿਆ ਤਾਂ ਉਸ ਵਿਚ ਪਾਣੀ ਭਰਿਆ ਹੋਇਆ ਸੀ, ਦੁਧ ਦਾ ਨਾਮ-ਨਿਸ਼ਾਨ ਭੀ ਨਹੀਂ ਸੀ।

ਕੌਮ ਦਾ ਖ਼ਿਆਲ ਜਿਥੇ ਪ੍ਰਧਾਨ ਹੁੰਦਾ ਹੈ ਉਥੇ ਇਹੋ ਹਾਲ ਹੁੰਦਾ ਹੈ। ਜੇਕਰ ਲੋਕਾਂ ਨੇ ਆਪਣਾ ਫ਼ਰਜ਼ ਪਛਾਣਿਆ ਹੁੰਦਾ ਤਾਂ ਉਹ ਬਾਉਲੀ ਦੁਧ ਨਾਲ ਭਰੀ ਹੋਈ ਹੁੰਦੀ। ਸੋ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲਵੋ ਕਿ ਘਰ ਜਾਂ ਕੁਟੰਬ ਕੌਮੀ ਸ਼ਕਤੀ ਦਾ ਸੋਮਾ ਹੈ। ਕੌਮ, ਦੇਸ਼ ਤੇ ਮਨੁੱਖਤਾ ਦੀ ਮੂਲ ਪਨੀਰੀ ਹੈ। ਜੋ ਮਨੁੱਖ ਇਕ ਆਦਰਸ਼ਕ ਕੁਟੰਬ ਦੇ ਸੁਖੀ ਸ਼ਾਂਤ ਘਰੋਗੀ ਜੀਵਨ ਦੇ ਵਿਕਾਸ਼

ਵਿਚ ਤਾਕਤ ਖ਼ਰਚ ਕਰ ਸਕਦਾ ਹੈ ਉਹ ਜ਼ਰੂਰ ਹੀ ਕੌਮ ਦੀ ਜੜ੍ਹ ਮਜ਼ਬੂਤ ਕਰਦਾ ਹੈ ਅਤੇ ਉਸ ਦੀ ਸੱਚੀ ਸੇਵਾ ਕਰਦਾ ਹੈ। ਇਸ ਲਈ ਤੁਸੀਂ ਯਾਦ ਰਖੋ ਕਿ ਸੁੰਦਰ, ਸ਼ਾਂਤ ਅਤੇ ਸੰਤੁਸ਼ਟ ਘਰੋਗੀ ਜੀਵਨ ਹੀ ਸਾਰੇ ਸੁਖਾਂ ਦਾ ਮੂਲ ਹੈ। ਉਸ ਨੂੰ ਮਿੱਠਾ ਬਨਾਉਣਾ ਹਰ ਇਕ ਦਾ ਖ਼ਾਸ ਕਰ ਕੇ ਵਿਆਹਿਆਂ ਦਾ ਫ਼ਰਜ਼ ਹੈ। ਜਦ ਤਕ ਇਸ ਤਰ੍ਹਾਂ ਨਹੀਂ ਕੀਤਾ ਜਾਵੇਗਾ ਤਦ ਤਕ ਨਾ ਦੇਸ਼ ਦੀ ਉੱਨਤੀ ਹੋਵੇਗੀ ਤੇ ਨਾ ਕੌਮ ਨੂੰ ਸੱਚਾ ਰਾਹ ਹੀ ਲਭੇਗਾ।

ਅਜ ਕੌਮ ਵਿਚ ਅਜਿਹੀਆਂ ਅਨੇਕਾਂ ਇਸਤ੍ਰੀਆਂ ਹਨ ਜੋ ਪਤੀ ਦੀ ਚਿੰਤਾ ਨੂੰ ਨਾ ਵਧਾਉਣ ਲਈ ਆਪਣੇ ਮਨ ਦੇ ਦੁੱਖਾਂ ਨੂੰ ਲੁਕਾ ਰਖਦੀਆਂ ਹਨ। ਪਤੀ ਜੋ ਇਸਤ੍ਰੀ ਦੀ ਸਭ ਤੋਂ ਵੱਡੀ ਪੂੰਜੀ ਹੈ, ਜੇਕਰ ਉਹ ਦੁਨੀਆਂ ਦੇ ਬਾਹਰਲੇ ਕੰਮਾਂ ਵਿਚ ਹੀ ਲਗ ਜਾਵੇ ਤਾਂ ਪਤਨੀ ਲਈ ਸਭ ਕੁਝ ਹੁੰਦਿਆਂ ਵੀ ਉਦਾਸ ਹੋਣਾ ਮਾਮੂਲੀ ਗੱਲ ਹੈ। ਅਕਲ ਹੀ ਸਭ ਕੁਝ ਨਹੀਂ, ਦਿਲ ਭੀ ਕੋਈ ਚੀਜ਼ ਹੈ, ਸਗੋਂ ਅਕਲ ਨਾਲੋਂ ਦਿਲ ਦੀ ਸ਼ਕਤੀ ਬਹੁਤ ਤੇਜ਼ ਹੈ, ਖ਼ਾਸ ਕਰ ਇਸਤ੍ਰੀ ਦੇ ਅੰਦਰ। ਕਿਉਂ ਜੋ ਉਹ ਪੁਰਸ਼ ਦੀ ਤਰ੍ਹਾਂ ਅਕਲ ਦਾ ਅਵਤਾਰ ਨਹੀਂ, ਦਿਲ ਦੀ ਦੇਵੀ ਹੈ। ਅਜਿਹੀਆਂ ਇਸਤ੍ਰੀਆਂ ਪਤੀ ਦੇ ਕੰਮਾਂ ਤੋਂ—ਕੌਮ ਤੇ ਦੇਸ਼ ਦੀ ਉੱਨਤੀ ਲਈ ਕੰਮ ਕਰਨ ਤੋਂ—ਆਪਣੇ ਅੰਦਰ ਵਡਿਆਈ ਪ੍ਰਤੀਤ ਕਰਦੀਆਂ ਹਨ, ਪਰ ਉਨ੍ਹਾਂ ਦਾ ਧਿਆਨ ਫੇਰ ਭੀ ਪਤੀ ਵਲ ਹੀ ਲਗਾ ਰਹਿੰਦਾ ਹੈ।

ਵਿਆਹ ਸਮੇਂ ਪਤੀ ਪਤਨੀ ਨਾਲ ਜਿਨ੍ਹਾਂ ਨਿਯਮਾਂ ਅਨੁ-ਸਾਰ ਬੱਝਦਾ ਹੈ ਉਨ੍ਹਾਂ ਅਨੁਸਾਰ ਉਹ ਪਤਨੀ ਨੂੰ ਬਹੁਤ ਥੋੜਾ ਦੇਂਦਾ ਹੈ। ਪਤਨੀ ਤਾਂ ਉਸ ਨੂੰ ਆਪਣੀ ਸਾਰੀ ਸੁਤੰਤ੍ਰਤਾ, ਆਪਣਾ ਪ੍ਰੇਮ, ਆਪਣਾ ਸਰੀਰ, ਆਪਣੇ ਪ੍ਰਾਣ, ਆਪਣਾ ਸਰਬੰਸ ਸੌਂਪ ਦੇਂਦੀ ਹੈ, ਪਰ ਉਸ ਦੇ ਬਦਲੇ ਵਿਚ ਪਤੀ ਉਸ ਨੂੰ ਕੀ ਦੇਂਦਾ ਹੈ?

ਉਹ ਆਪਣੀ ਸੁਤੰਤ੍ਰਤਾ ਨੂੰ ਆਪਣੇ ਪਾਸ ਰਖਦਾ ਹੈ। ਉਹ

ਆਪਣੀ ਦੁਨੀਆਂ ਤੇ ਆਪਣੇ ਖ਼ਿਆਲਾਂ ਨੂੰ ਬਨਾਉਣ ਦਾ ਹੱਕ ਵੀ ਆਪਣੇ ਪਾਸ ਰਖਦਾ ਹੈ, ਉਹ ਚਾਹੁੰਦਾ ਹੈ ਕਿ ਮੈਂ ਆਪਣੀ ਪਤਨੀ ਨੂੰ ਜਿਸ ਥਾਂ ਤੇ ਜਿਸ ਜਗ੍ਹਾ ਉਤੇ ਬਿਠਾ ਦੇਵਾਂ, ਉਹ ਉਥੇ ਹੀ ਬੈਠਣ ਵਿਚ ਸੰਤੋਖ ਮੰਨੇ ਤੇ ਚੁਪ ਚਾਪ ਮੇਰੀ ਯਾਦ ਕਰਦੀ ਰਹੇ। ਮੈਨੂੰ ਸਭ ਕੁਝ ਮੰਨ ਕੇ ਮੇਰੇ ਨਾਲ ਹੀ ਪ੍ਰੇਮ ਕਰੇ ਤੇ ਜੀਵਨ ਦੇ ਹਰ ਇਕ ਕੰਮ ਵਿਚ ਮੈਨੂੰ ਹੀ ਅਪਣਾ ਰਹਿਨੁਮਾ ਸਮਝੇ।

ਇਤਨੀ ਤਪੱਸਿਆ ਦੇ ਬਾਦ ਉਹ ਪਤਨੀ ਨੂੰ ਇਸ ਲਾਇਕ ਸਮਝਦਾ ਹੈ ਕਿ ਕਦੇ ਕਦੇ ਦੁਨੀਆਂ ਦੇ ਧੰਧਿਆਂ ਵਿਚੋਂ ਕੁਝ ਸਮਾਂ ਕੱਢ ਕੇ ਉਸ ਨਾਲ ਦੋ ਚਾਰ ਮਿੱਠੀਆਂ ਮਿੱਠੀਆਂ ਗੱਲਾਂ ਕਰ ਲਵੇ, ਜਾਂ ਪ੍ਰੇਮ ਦੀ ਲੰਬੀ ਚੌੜੀ ਵਿਆਖਿਆ ਕਰ ਕੇ ਉਸ ਨੂੰ ਭੁਲਾ ਲਵੇ। ਪਤੀ ਦਾ ਇਹ ਥੋੜਾ ਜਿਹਾ ਪ੍ਰੇਮ ਹੀ ਪਤਨੀ ਦੀ ਉਹ ਸਾਰੀ ਪੂੰਜੀ ਹੈ, ਜੋ ਉਸ ਨੂੰ ਉਸ ਤਪੱਸਿਆ ਦੇ ਬਦਲੇ ਵਿਚ ਮਿਲਦੀ ਹੈ। ਇਸ ਪੂੰਜੀ ਦੀ ਖ਼ਾਤਰ ਹੀ ਉਹ ਸਾਰੀ ਦੁਨੀਆਂ ਨੂੰ ਭੁਲਾ ਕੇ ਕੇਵਲ ਪਤੀ ਲਈ ਹੀ ਸਾਰੀਆਂ ਤਕਲੀਫ਼ਾਂ ਲੈਂਦੀ ਹੈ। ਅਜੇਹੀ ਦਸ਼ਾ ਵਿਚ ਇਸਤ੍ਰੀਆਂ ਇਸ ਪ੍ਰੇਮ ਨੂੰ ਗੀਜ਼ਰਵ ਰਖਣ ਲਈ ਯਤਨ ਕਰਨ ਯਾ ਉਸ ਦੇ ਏਧਰ ਓਧਰ ਹੋਣ ਜਾਂ ਡਿੱਗਣ ਦਾ ਸ਼ੱਕ ਕਰਨ ਤੇ ਉਸ ਦੀ ਚਿੰਤਾ ਨਾਲ ਦੁਖੀ ਹੋਣ, ਇਹ ਇਕ ਮਾਮੂਲੀ ਗੱਲ ਹੈ।

ਪਤੀ ਦੇ ਇਸ ਪ੍ਰੇਮ ਨੂੰ ਇਸਤ੍ਰੀਆਂ ਬਹੁਤ ਸੰਭਾਲ ਕੇ ਰਖ-ਦੀਆਂ ਹਨ। ਪੁਰਸ਼ ਵਿਚ ਸਭ ਕੁਝ ਛੱਡ ਕੇ ਕੇਵਲ ਇਕ ਨੂੰ ਆਪਣਾ ਆਪ ਅਰਪਨ ਕਰਨ ਦੀ ਸ਼ਕਤੀ ਬਹੁਤ ਘੱਟ, ਸਗੋਂ ਨਾ ਹੋਇਆਂ ਜਿਹੀ ਹੀ ਹੁੰਦੀ ਹੈ, ਉਸ ਦਾ ਪ੍ਰੇਮ ਭੀ ਇਕ ਰਸ ਤੇ ਸਦਾ ਇਕੋ ਜਿਹਾ ਨਹੀਂ ਰਹਿੰਦਾ। ਉਸ ਦੇ ਮਨ ਵਿਚ ਜਦ ਉਬਾਲ ਆਉਂਦਾ ਹੈ, ਤਾਂ ਉਹ ਆਪਣੇ ਆਪ ਨੂੰ ਸੰਭਾਲ ਕੇ ਭੀ ਨਹੀਂ ਰਖ ਸਕਦਾ। ਉਸ ਦਾ ਉਹ ਅਸੰਗਤ ਪ੍ਰੇਮ ਉਸ ਦੀ ਰਗ ਰਗ ਵਿਚੋਂ ਫੁੱਟ ਵਗਦਾ ਹੈ। ਪਰ ਉਸ ਦੇ ਪ੍ਰੇਮ ਦਾ ਇਹ ਉਬਾਲ

ਜਦ ਮਿਟ ਜਾਂਦਾ ਹੈ ਤਾਂ ਉਹ ਅਤ੍ਰਿਪਤ ਜਿਹਾ ਹੋਕੇ ਦੁਨੀਆ ਦੇ ਹੋਰ ਹੋਰ ਕੰਮਾਂ ਵਿਚ ਆਪਣੇ ਆਪ ਨੂੰ ਭੁਲਾਉਣ ਦਾ ਯਤਨ ਕਰਦਾ ਹੈ । ਸ਼ੁਰੂ ਦੀ ਉਹ ਖਿੱਚ, ਉਹ ਪ੍ਰੇਮ ਭਰੀਆਂ ਗੱਲਾਂ ਘਟਣ ਲਗ ਜਾਂਦੀਆਂ ਹਨ ।

ਇਸ ਦੇ ਉਲਟ ਇਸਤ੍ਰੀ ਸ਼ੁਰੂ ਵਿਚ ਹੀ ਆਪਣੇ ਆਪ ਨੂੰ ਬਹੁਤ ਲੁਕਾਉਂਦੀ ਹੈ। ਉਸਦੇ ਦਿਲ ਵਿਚ ਬਹੁਤ ਹੌਲੀ ਹੌਲੀ ਉਬਾਲ ਆਉਂਦਾ ਹੈ। ਉਹ ਹੌਲੀ ਹੌਲੀ ਤੇ ਚੁਪ ਚਾਪ ਆਪਣੇ ਆਪ ਨੂੰ ਕੁਰਬਾਨ ਕਰਨਾ ਪਸੰਦ ਕਰਦੀ ਹੈ, ਅਤੇ ਉਸ ਦਾ ਦਾਨ ਸਾਰੀ ਉਮਰ ਕਦੇ ਸਮਾਪਤ ਹੀ ਨਹੀਂ ਹੁੰਦਾ। ਏਧਰ ਜਦ ਪਤੀ ਦਾ ਸ਼ੌਂਕ ਘਟ ਜਾਂਦਾ ਹੈ, ਤਾਂ ਉਸ ਦਾ ਪ੍ਰੇਮ ਭੀ ਦਿਨ ਪਰ ਦਿਨ ਬਹੁਤ ਡੂੰਘਾ ਅਤੇ ਵਿਆਪਕ ਹੁੰਦਾ ਹੈ।

ਫ਼ਰਾਂਸ ਦੇ ਇਕ ਪ੍ਰਸਿਧ ਲੇਖਕ 'ਅਨਾਤੋਲ' ਨੇ ਇਕ ਜਗ੍ਹਾ ਬਿਲਕੁਲ ਠੀਕ ਲਿਖਿਆ ਹੈ–"ਇਸਤ੍ਰੀ ਇਕਰਾਰ ਨਹੀਂ ਕਰਦੀ, ਪਰ ਪੁਰਸ਼ ਉਤੋਂ ਉਹ ਸਭ ਕੁਝ ਕੁਰਬਾਨ ਕਰ ਸੁਟਦੀ ਹੈ। ਪੁਰਸ਼ ਇਕਰਾਰ ਬਹੁਤੇ ਕਰਦਾ ਹੈ, ਪਰ ਸਮਾਂ ਆਉਣ ਪਰ ਉਹ ਸਾਫ਼ ਮੁੱਕਰ ਜਾਂਦਾ ਹੈ।" ਇਸ ਲਈ ਇਸਤ੍ਰੀਆਂ ਦੀ ਸਾਰੀ ਆਸ਼ਾ ਪਤੀ ਦੇ ਉਸ ਥੋੜੇ ਜੇਹੇ ਪ੍ਰੇਮ ਉਤੇ ਹੀ ਕਾਇਮ ਹੈ। ਉਸਦੇ ਬਿਨਾਂ ਉਸਦਾ ਜੀਵਨ ਸੁੰਨਾ ਹੋ ਜਾਂਦਾ ਹੈ। ਇਸ ਲਈ ਵਿਆਹ ਪਿਛੋਂ ਸਦਾ ਇਸ ਗਲ ਦਾ ਧਿਆਨ ਰਖੋ ਕਿ ਤੁਹਾਥੋਂ ਛੋਟੇ ਤੋਂ ਛੋਟਾ ਕੋਈ ਭੀ ਕੰਮ ਐਸਾ ਨਾ ਹੋ ਜਾਵੇ ਜਿਸ ਨਾਲ ਤੁਹਾਡੇ ਪਤੀ ਦੇ ਮਨ ਉਤੇ ਉਸਦਾ ਭੈੜਾ ਅਸਰ ਪਵੇ।

ਪੁਰਸ਼ ਬਹੁਤ ਛੇਤੀ ਘਾਬਰ ਜਾਂਦਾ ਹੈ। ਇਸ ਲਈ ਉਸਦਾ ਜੇ ਇਕ ਵਾਰੀ ਪ੍ਰੇਮ ਗੁਆ ਲਈਏ ਤਾਂ ਫਿਰ ਉਹ ਮੁੜ ਨਹੀਂ ਸਕਦਾ। ਸੋ ਤੁਹਾਨੂੰ ਚਾਹੀਦਾ ਹੈ ਕਿ ਉਸਦਾ ਪ੍ਰੇਮ ਬਹੁਤ ਸੰਭਾਲ ਕੇ ਰਖੋ। ਤੁਹਾਡੀ ਛੋਟੀ ਜਿਹੀ ਗ਼ਲਤੀ, ਉਸਦਾ ਦਿਲ ਖੱਟਾ ਕਰਨ

ਵਾਲੀ ਨਿਕੀ ਜਿਹੀ ਗੱਲ, ਤੁਹਾਡੇ ਸਾਰੇ ਜੀਵਨ ਨੂੰ ਸੁੰਨਾ ਕਰ ਸਕਦੀ ਹੈ। ਭਾਵੇਂ ਤੁਸੀਂ ਬੇਕਸੂਰ ਹੀ ਹੋਵੋ ਪਰ ਅਜ ਕਲ ਕੌਮ ਵਿਚ ਪਤੀ ਪਤਨੀ ਦੀ ਜੋ ਅਵਸਥਾ ਹੈ, ਉਸ ਵਿਚ ਤੁਹਾਡਾ ਦੋਸ਼ ਨਾ ਹੁੰਦਿਆਂ ਹੋਇਆਂ ਭੀ ਤੁਹਾਨੂੰ ਹੀ ਰੋਣਾ ਤੇ ਪਛਤਾਣਾ ਪਵੇਗਾ।

## ਸੰਤਾਨ

ਪੁਰਾਤਨ ਪੁਸਤਕਾਂ ਵਿਚ ਵਿਆਹ ਦਾ ਵੱਡਾ ਉਦੇਸ਼ ਸੰਤਾਨ ਪੈਦਾ ਕਰਨਾ ਹੀ ਦਸਿਆ ਹੈ। ਇਸ ਵਿਚ ਸੰਗ ਦੀ ਨਾ ਕੋਈ ਗੱਲ ਹੈ ਤੇ ਨਾ ਕੋਈ ਬੁਰਾਈ। ਵਿਆਹ ਨੂੰ ਭੋਗ-ਵਿਲਾਸੀ ਨਾ ਬਣਾਕੇ ਕੌਮ ਨੂੰ, ਦੇਸ਼ ਨੂੰ, ਸੰਸਾਰ ਨੂੰ ਚੰਗੇ ਲੜਕੇ, ਤੇ ਚੰਗੀਆਂ ਲੜਕੀਆਂ ਭੇਟ ਕਰਨ ਦਾ ਇਕ ਸਾਧਨ ਬਣਾਇਆ ਗਿਆ ਸੀ। ਕੌਮੀ ਖ਼ਿਆਲ ਤੋਂ ਤਾਂ ਸੰਤਾਨ ਦੀ ਉਤਪਤੀ ਜ਼ਰੂਰੀ ਹੈ ਹੀ, ਪਰ ਜੇਕਰ ਅਸੀਂ ਮਾਨਸਕ ਤੇ ਆਤਮਕ ਖ਼ਿਆਲਾਂ ਦੀ ਨਜ਼ਰ ਨਾਲ ਹੀ ਵੇਖੀਏ ਤਾਂ ਇਹੋ ਮਾਲੂਮ ਹੋਵੇਗਾ ਕਿ ਮਨੁਖ ਦੇ ਅੰਦਰ ਸੰਤਾਨ ਦੀ ਇੱਛਾ ਹੋਣੀ ਸੁਭਾਵਕ ਹੈ।

ਪਹਿਲੀ ਗਲ ਇਹ ਹੈ ਕਿ ਹਰ ਇਕ ਮਨੁੱਖ ਵਿਚ ਆਪਣੇ ਆਪ ਨੂੰ ਬਚਾ ਰਖਣ ਦੀ ਚਾਹ ਸੁਭਾਵਿਕ ਹੈ। ਮਨੁੱਖ ਦੀ ਹਰ ਇਕ ਇੱਛਾ, ਹਰ ਇਕ ਭਾਵ ਰੂਪ ਤੋਂ ਆਪਣੇ ਆਪ ਨੂੰ ਬਚਾਣ

ਦੀ ਹੀ ਸੁਭਾਵਿਕ ਕਾਰਵਾਈ ਦੇਖੀ ਜਾਂਦੀ ਹੈ। ਇਸਦਾ ਮਤਲਬ ਇਹ ਹੈ ਕਿ ਉਹ ਮੌਤ ਕੋਲੋਂ ਬਚ ਕੇ ਅਮਰ ਹੋਣਾ ਚਾਹੁੰਦਾ ਹੈ, ਪਰ ਉਹ ਜਾਣਦਾ ਹੈ ਕਿ ਹਰ ਇਕ ਸਰੀਰ ਧਾਰੀ ਨੇ ਮਰਨਾ ਜ਼ਰੂਰ ਹੈ, "ਜੋ ਘੜਿਆ ਸੋ ਭੱਜਸੀ।" ਸੋ ਆਪ ਤਾਂ ਉਹ ਜੀਉਂਦਾ ਰਹਿ ਨਹੀਂ ਸਕਦਾ, ਪਰ ਆਪਣੇ ਲਹੂ ਤੋਂ ਬਣਿਆ ਆਪਣਾ ਇਕ ਰੂਪ—ਆਪਣਾ ਪ੍ਰਤੀਨਿਧ ਸੰਸਾਰ ਵਿਚ ਛੱਡ ਜਾਣਾ ਚਾਹੁੰਦਾ ਹੈ, ਤਾਕਿ ਉਸ ਦੀ ਵੰਸ਼ ਚਲਦੀ ਰਹੇ।

ਦੂਜੀ ਗੱਲ ਇਹ ਹੈ ਕਿ ਜਦ ਬਾਲਕਾਂ ਦੇ ਨਿਰਮਲ ਜੀਵਨ ਨੂੰ, ਉਨ੍ਹਾਂ ਦੇ ਭੇਦ ਭਾਵ ਤੋਂ ਹੀਣ ਖ਼ਿਆਲਾਂ ਨੂੰ, ਉਨ੍ਹਾਂ ਦੀ ਨਿਰਦੋਸ਼ ਪ੍ਰਸੰਨਤਾ ਨੂੰ ਦੇਖਦੇ ਹਾਂ ਤਾਂ ਸੁਭਾਵਕ ਹੀ ਮਨ ਵਿਚ ਫੁਰਦਾ ਹੈ ਕਿ—ਆਹ ! ਇਨ੍ਹਾਂ ਬਾਲਾਂ ਦਾ ਜੀਵਨ ਕਿੰਨਾ ਸੁੰਦਰ, ਕਿੰਨਾ ਨਿਰਮਲ ਹੈ ! ਦੁਨੀਆ ਦੀਆਂ ਤਕਲੀਫ਼ਾਂ ਤੇ ਬੁਰਾਈਆਂ ਤੋਂ ਇਹ ਦੂਰ ਹਨ, ਫੇਰ ਆਪਣੇ ਬਚਪਨ ਦੇ ਦਿਨ ਯਾਦ ਆਉਂਦੇ ਹਨ। ਮੌਜੂਦਾ ਉਮਰ ਵਿਚ ਸਖਤੀ ਤੇ ਬਨਾਵਟ ਪ੍ਰਤੀਤ ਹੋਣ ਲਗਦੀ ਹੈ। ਮਨ ਵਿਚ ਆਉਂਦਾ ਹੈ ਕਿ ਕਿਹਾ ਚੰਗਾ ਹੋਵੇ, ਜੇ ਉਹ ਦਿਨ ਫੇਰ ਮੁੜ ਆਉਣ ! ਪਰ ਉਹ ਦਿਨ ਨਾ ਆਉਣੇ ਹਨ ਤੇ ਨਾ ਆ ਸਕਦੇ ਹਨ, ਇਸ ਲਈ ਸੰਤਾਨ ਦੇ ਰੂਪ ਵਿਚ ਉਹ ਦਿਨ ਫੇਰ ਵੇਖਣ ਦੇ ਖ਼ਿਆਲ ਕਦੇ ਸਾਫ਼ ਤੇ ਕਦੇ ਧੁੰਧਲੇ ਮਨ ਵਿਚ ਪੈਦਾ ਹੁੰਦੇ ਹਨ। ਜੀਵਨ ਦੀ ਇਹ ਅਰੰਭਕ ਯਾਦ ਹੈ, ਜੋ ਵਡੇ ਹੋਣ ਪਰ ਸੰਸਾਰ ਦੇ ਪਰਦੇ ਹੇਠ ਲੁਕ ਜਾਂਦੀ ਹੈ। ਪਰ ਉਹ ਬੱਚਿਆਂ ਨੂੰ ਵੇਖ ਕੇ ਪਰਦੇ ਨੂੰ ਹਟਾਕੇ ਫੇਰ ਬਾਹਰ ਝਾਕਣ ਲਗਦੀ ਹੈ।

ਸੋ ਸੰਤਾਨ ਪੈਦਾ ਕਰਨ ਦੀ ਇੱਛਾ ਬਚਪਨ ਨੂੰ ਮੁੜਕੇ ਮੋੜ ਲਿਆਉਣ ਦਾ ਇਕ ਯਤਨ ਹੈ। ਆਤਮਕ ਤੇ ਮਾਨਸਕ ਕਾਰਨਾਂ ਦੇ ਬਿਨਾਂ ਇਸਦੇ ਬਾਹਰਲੇ ਕਾਰਨ ਭੀ ਹਨ। ਗੱਲ

ਇਹ ਹੈ ਕਿ ਵਿਆਹ ਦੇ ਪਿਛੋਂ ਕੇਵਲ ਪਤੀ ਹੀ ਪਤਨੀ ਦਾ ਸਖੀ ਸਹੇਲਾ ਹੁੰਦਾ ਹੈ। ਉਸ ਨੂੰ ਉਸੇ ਕੋਲੋਂ ਹੀ ਸੁਖ ਮਿਲਦਾ ਹੈ।

ਪਤੀ ਬਹੁਤ ਕਰਕੇ ਆਪਣੇ ਆਪ ਨੂੰ ਕੰਮਾਂ ਕਾਰਾਂ ਵਿਚ ਐਸਾ ਫਸਾ ਲੈਂਦਾ ਹੈ ਕਿ ਉਹ ਪਤਨੀ ਨੂੰ ਸਦਾ ਆਪਣੇ ਨਾਲ ਰੱਖਣ ਦੀ ਜ਼ਿਮੇਵਾਰੀ ਨੂੰ ਬਹੁਤ ਥੋੜੀ ਪੂਰੀ ਕਰ ਸਕਦਾ ਹੈ। ਇਸ ਲਈ ਪਤਨੀ ਨੂੰ ਆਪਣੇ ਜੀਵਨ ਦਾ ਇਕ ਸਹਾਰਾ ਭੀ ਢੂੰਡਣ ਦੀ ਲੋੜ ਹੁੰਦੀ। ਉਸ ਨੂੰ ਇਕ ਅਜਿਹੀ ਚੀਜ਼ ਚਾਹੀਦੀ ਹੈ ਜਿਸ ਨਾਲ ਉਹ ਆਪਣਾ ਮਨ ਪਰਚਾ ਸਕੇ। ਜਿਸ ਵਾਸਤੇ ਉਹ ਆਪਣੇ ਜੀਵਨ ਵਿਚ ਉਤਸ਼ਾਹ ਤੇ ਸਾਹਸ ਲਿਆਉਣ ਦੀ ਲੋੜ ਪ੍ਰਤੀਤ ਕਰੇ । ਜਿਸ ਉਤੇ ਉਹ ਮਮਤਾ, ਦਇਆ, ਸਨੇਹ, ਆਦਿ ਕੋਮਲ ਭਾਵਾਂ ਨੂੰ ਵਾਰਨੇ ਕਰ ਸਕੇ। ਜਿਸ ਤਰ੍ਹਾਂ ਉਹ ਆਪ ਪਤੀ ਦਾ ਸਹਾਰਾ ਲੈਂਦੀ ਹੈ, ਉਸੇ ਤਰ੍ਹਾਂ ਹੀ ਉਸ ਦਾ ਕੋਈ ਸਹਾਰਾ ਲੈਣ ਵਾਲਾ ਹੋਵੇ। ਜਿਸ ਤਰ੍ਹਾਂ ਉਹ ਪਤੀ ਬਿਨਾਂ ਨਹੀਂ ਰਹਿ ਸਕਦੀ, ਉਸੇ ਤਰ੍ਹਾਂ ਉਸ ਦੀ ਭੀ ਕੋਈ ਉਤਨੀ ਹੀ ਲੋੜ ਪ੍ਰਤੀਤ ਕਰੇ ਤੇ ਉਸ ਦੇ ਬਿਨਾਂ ਨਾ ਰਹਿ ਸਕੇ । ਅਜੇਹੀ ਚੀਜ਼ ਕੇਵਲ ਬੱਚਾ ਹੀ ਹੈ, ਜੋ ਇਨ੍ਹਾਂ ਖ਼ਿਆਲਾਂ ਦੀ ਭੁਖ ਨੂੰ ਮਿਟਾ ਸਕਦਾ ਹੈ।

ਇਸ ਦੇ ਸਿਵਾ ਬੱਚਾ ਪਤੀ ਪਤਨੀ ਦੇ ਪ੍ਰੇਮ ਨੂੰ ਪੱਕਾ ਕਰਨ ਵਾਲਾ ਇਕ ਬੰਧਨ ਹੈ; ਇਸ ਲਈ ਪੁਰਸ਼ਾਂ ਨਾਲੋਂ ਇਸਤ੍ਰੀਆਂ ਵਿਚ ਸੰਤਾਨ ਦੀ ਇੱਛਾ ਵਧੇਰੇ ਹੁੰਦੀ ਹੈ । ਸੰਤਾਨ ਮਾਤਾ ਦੀ ਆਸ਼ਾ ਹੈ, ਅਤੇ ਉਸਦੇ ਦਿਲ ਦੀ ਸ਼ਾਂਤੀ ਹੈ। ਸ਼ੁਰੂ ਤੋਂ ਲੈਕੇ ਅੰਤ ਤਕ ਉਸ ਦਾ ਜੀਵਨ ਕਰਤੱਵਯ ਪੂਰਣ ਹੈ । ਇਸ ਕਰਤੱਵਯ ਵਾਲੇ ਥਲ ਵਿਚ ਇਕ ਬੱਚਾ ਹੀ ਉਹ ਹਰਿਆਰਲ ਹੈ, ਜਿਥੇ ਉਹ ਤੁਰਦੀ ਤੁਰਦੀ ਥਕ ਕੇ ਸਾਹ ਲੈਂਦੀ ਤੇ ਆਪਣੀ ਥਕਾਵਟ ਦੂਰ ਕਰਦੀ ਹੈ। ਬਾਲਾਂ ਦੀ ਅਣਹੋਂਦ ਜਾਂ ਉਨ੍ਹਾਂ ਦੀ ਕੀਮਤ ਪੁਰਸ਼ ਪੂਰੀ ਤਰ੍ਹਾਂ ਨਹੀਂ ਸਮਝ ਸਕਦੇ ।

ਸੋ ਇਸਤ੍ਰੀ ਆਦਰਸ਼ ਦੀ ਸਫਲਤਾ ਮਾਤਾ ਰੂਪ ਵਿਚ ਪ੍ਰਗਟ ਹੋਣ ਵੇਲੇ ਮੰਨੀ ਗਈ ਹੈ। ਕੰਨਿਆ ਜੀਵਨ ਵਿਚ ਬਾਲ-ਪਣ ਦੀ ਮਾਨਤਾ ਹੁੰਦੀ ਹੈ। ਇਸਤ੍ਰੀ ਬਣਨ ਵੇਲੇ ਉਸ ਵਿਚ ਭੋਗ ਵਿਲਾਸ ਦੀ ਪ੍ਰਧਾਨਤਾ ਹੁੰਦੀ ਹੈ ਅਤੇ ਕਿਸੇ ਬਚੇ ਦੀ ਮਾਤਾ ਹੋਣ ਪਰ ਉਸ ਵਿਚ ਦਯਾ, ਮਮਤਾ ਆਦਿ ਗੁਣ ਪ੍ਰਗਟ ਹੁੰਦੇ ਹਨ। ਇਸ ਲਈ ਮਾਤਾ ਭੀ ਕੁਆਰੀ ਕੰਨਿਆ ਦੀ ਤਰ੍ਹਾਂ ਪਵਿਤ੍ਰ ਤੇ ਪੂਜਨੀਕ ਮੰਨੀ ਗਈ ਹੈ।

ਮਾਤਾ ਬਣਨ ਪਰ ਇਸਤ੍ਰੀ ਦੇ ਤਿਆਗਮਈ ਜੀਵਨ ਦਾ, ਉਸਦੀ ਖੁਸ਼ੀ ਤੇ ਸਦਾ ਸੁਖ ਦੇਣ ਦਾ ਆਦਰਸ਼ ਪੂਰਾ ਹੁੰਦਾ ਹੈ। ਸੰਤਾਨ ਵਾਲੀ ਇਸਤ੍ਰੀ ਦੇ ਮਨ ਵਿਚ ਜੀਵਨ ਲਈ ਇਕ ਉੱਚੀ ਤਰ੍ਹਾਂ ਦਾ ਖ਼ਿਆਲ ਪੈਦਾ ਹੁੰਦਾ ਹੈ। ਇਹ ਸਚ ਹੈ ਕਿ ਬਹੁਤ ਸਾਰੀਆਂ ਇਸਤ੍ਰੀਆਂ ਮਾਤਾ ਹੋ ਜਾਣ ਪਰ ਭੀ ਮਾਤਾ ਨਹੀਂ ਦਿਸਦੀਆਂ। ਉਸ ਦਸ਼ਾ ਵਿਚ ਭੀ ਉਹ ਇਕ ਇਸਤ੍ਰੀ ਰੂਪ ਵਿਚ ਹੀ ਪ੍ਰਧਾਨ ਹੁੰਦੀਆਂ ਹਨ। ਪਰ ਬਾਲਾਂ ਦੇ ਕਾਰਨ ਉਨ੍ਹਾਂ ਦੇ ਮਨ ਵਿਚ ਆਪਣੇ ਆਪ ਹੀ ਸੰਜਮ ਦਾ ਭਾਵ ਪੈਦਾ ਹੋ ਜਾਂਦਾ ਹੈ।

ਸੰਤਾਨ ਪ੍ਰੇਮ ਦਾ ਇਹ ਭਾਵ ਭੀ ਨਹੀਂ ਕਿ ਢੇਰਾਂ ਢੇਰ ਬੱਚਾ ਪੈਦਾ ਕਰਦੇ ਜਾਈਏ! ਨਿਰੀ ਸੰਤਾਨ ਪੈਦਾ ਕਰ ਦੇਣ ਨਾਲ ਹੀ ਮਾਪਿਆਂ ਫ਼ਰਜ਼ ਪੂਰਾ ਨਹੀਂ ਹੋ ਜਾਂਦਾ। ਉਨ੍ਹਾਂ ਦੇ ਪਾਲਣ ਪੋਸਣ ਤੇ ਉਨ੍ਹਾਂ ਨੂੰ ਪੜ੍ਹਾਣ ਲਿਖਾਣ ਦੀ ਜ਼ਿਮੇਵਾਰੀ ਭੀ ਹੁੰਦੀ ਹੈ। ਬਹੁਤ ਸਾਰੇ ਕਮਜ਼ੋਰ ਤੇ ਨਾਲਾਇਕ ਬੱਚੇ ਪੈਦਾ ਕਰਨ ਨਾਲੋਂ ਇਕ ਬਲਵਾਨ ਤੇ ਲਾਇਕ ਸੰਤਾਨ ਪੈਦਾ ਕਰਨੀ ਠੀਕ ਹੈ। ਇਸ ਲਈ ਹਰ ਇਕ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਮਾਤਾ ਬਣ ਜਾਣਾ ਸੁਖਾਲਾ ਹੈ ਪਰ ਉਸਦੀ ਜ਼ਿਮੇਵਾਰੀ ਬਹੁਤ ਵੱਡੀ ਹੈ।

# ਜਵਾਨੀ

ਅਜ ਕਲ ਇਸਤ੍ਰੀਆਂ ਦੀ ਸਿਹਤ, ਉਮੰਗ, ਉਤਸ਼ਾਹ ਸਭ ਕੁਝ ੨੦ ਤੋਂ ੩੦ ਵਰ੍ਹੇ ਦੇ ਅੰਦਰ ਅੰਦਰ ਹੀ ਨਸ਼ਟ ਹੋ ਜਾਂਦਾ ਹੈ। ਜਦ ੨੦-੨੨ ਵਰ੍ਹੇ ਦੀਆਂ ਜਵਾਨ ਲੜਕੀਆਂ ਨੂੰ ਉਨ੍ਹਾਂ ਦੀਆਂ ਮਾਵਾਂ ਜਾਂ ਸੱਸਾਂ ਨਾਲ ਮੁਕਾਬਲਾ ਕਰਕੇ ਵੇਖਦੇ ਹਾਂ ਤਾਂ ਦਿਲ ਨੂੰ ਸੱਟ ਜਿਹੀ ਵਜਦੀ ਹੈ। ਮਾਵਾਂ ਤੇ ਸੱਸਾਂ ਤਾਂ ਚੰਗੀਆਂ ਭਲੀਆਂ ਉਮੰਗ ਉਤਸ਼ਾਹ ਵਾਲੀਆਂ ਹਨ, ਪਰ ਧੀਆਂ ਤੇ ਨੂੰਹਾਂ ਪੀਲੇ ਪੀਲੇ ਮੂੰਹ ਵਾਲੀਆਂ ਨਿਰਬਲ ਸਰੀਰ ਤੇ ਬੀਮਾਰਾਂ ਵਰਗੀਆਂ ਦਿਸਦੀਆਂ ਹਨ ।

ਅਜ ਕਲ ਸਾਫ਼ ਪੌਣ ਪਾਣੀ ਦਾ ਲਾਹਾ ਲੈਣ ਵਾਲੀਆਂ ਨੌਜਵਾਨ ਕੁੜੀਆਂ ਨੂੰ ਉਨ੍ਹਾਂ ਨਾਲ ਮਿਲਾਕੇ ਦੇਖੋ ਜਿਹੜੀਆਂ ਹੁਣ ਤਕ ਪਰਦੇ ਵਿਚ ਪਈਆਂ ਰਹੀਆਂ, ਜੋ ਛੋਟੀ ਉਮਰ ਵਿਚ ਵਿਆਹੀਆਂ ਗਈਆਂ ਤੇ ੮-੮, ੧੦-੧੦ ਧੀਆਂ ਪੁਤਰਾਂ ਦੀਆਂ ਮਾਵਾਂ ਸਨ । ਕੀ ਉੱਨਤੀ ਦਾ ਏਹੋ ਮਤਲਬ ਹੈ ? ਸੌ ਵਿਚੋਂ ੯੫ ਅਜ ਕਲ ਦੀਆਂ ਜਵਾਨ ਇਸਤ੍ਰੀਆਂ, ਇਸਤ੍ਰੀ-ਰੋਗਾਂ ਨਾਲ ਬੀਮਾਰ ਹਨ। ਚਾਹੀਦਾ ਤਾਂ ਇਹ ਸੀ ਕਿ ਸਿਹਤ ਚੰਗੀ ਰਖਣ ਦੇ ਸਾਰੇ ਸਾਮਾਨ ਪ੍ਰਾਪਤ ਕਰਨ ਵਾਲੀਆਂ ਇਸਤ੍ਰੀਆਂ ਪਹਿਲੀਆਂ ਨਾਲੋਂ ਬਹੁਤ ਮਜ਼ਬੂਤ ਤੇ ਅਰੋਗ ਹੁੰਦੀਆਂ। ਪਰ ਗਲ ਇਸ ਦੇ ਉਲਟ ਹੀ ਹੈ । ਇਸੇ ਕਰਕੇ ਕੌਮ ਦੀਆਂ ਸਾਰੀਆਂ ਆਸਾਂ ਨਿਕੰਮੀਆਂ ਹੋ ਰਹੀਆਂ ਹਨ । ਪਰਾਚੀਨ ਸਮੇਂ ਦੀਆਂ ਇਸਤ੍ਰੀਆਂ

ਪਾਣੀ ਦੇ ਭਰੇ ਹੋਏ ਦੋ ਦੋ ਘੜੇ ਚੁਕਕੇ ਤੁਰ ਸਕਦੀਆਂ ਸਨ, ਪਰ ਅਜ ਕਲ ਦੀਆਂ ਕੋਲੋਂ ਇਕ ਹੈਂਡ ਬੈਗ ਚੁਕਣਾ ਔਖਾ ਹੋ ਗਿਆ ਹੈ, ਬੱਚੇ ਤਾਂ ਭਲਾ ਉਨ੍ਹਾਂ ਕੀ ਚੁਕਣੇ ਹੋਏ ? ਸੋ ਪ੍ਰਾਚੀਨ ਮਾਵਾਂ, ਧੀਆਂ ਤੇ ਭੈਣਾਂ ਮਰਦੇ ਦਮ ਤਕ ਜਵਾਨ ਰਹਿੰਦੀਆਂ ਸਨ, ਪਰ ਅਜ ਉਨ੍ਹਾਂ ਦੀ ਸੰਤਾਨ ਦੀ ਇਹ ਦਸ਼ਾ ਹੈ। ਦੇਸ਼ ਦੀਆਂ ਇਸ-ਤ੍ਰੀਆਂ ਉਤੇ ਹੀ ਦੇਸ਼ ਦਾ ਆਉਣ ਵਾਲਾ ਸਮਾਂ ਖੜਾ ਹੈ, ਕਿਉਂਕਿ ਇਨ੍ਹਾਂ ਨੇ ਹੀ ਉਹ ਬਚੇ ਪੈਦਾ ਕਰਨੇ ਹਨ ਜਿਹੜੇ ਦੇਸ਼ ਨੂੰ ਆਜ਼ਾਦ ਕਰਾਨਗੇ ਤੇ ਸੰਸਾਰ ਨੂੰ ਸ਼ਾਂਤੀ ਰਖਣ ਦਾ ਸੰਦੇਸਾ ਸੁਣਾਉਣਗੇ।

ਇਸ ਲਈ, ਆਪਣੀ ਸਿਹਤ ਦਾ ਸਦਾ ਧਿਆਨ ਰਖੋ। ਇਸਤ੍ਰੀਆਂ ਦਾ ਆਪਣੀ ਸਿਹਤ ਵਲੋਂ ਉਦਾਸ ਰਹਿਣਾ, ਉਸਦੀ ਪ੍ਰਵਾਹ ਨਾ ਕਰਨੀ ਸਿਰਫ਼ ਅਯੋਗ ਹੀ ਨਹੀਂ ਇਕ ਕੌਮੀ ਜੁਰਮ ਭੀ ਹੈ। ਹਰ ਇਕ ਇਸਤ੍ਰੀ ਨੂੰ ਆਸਾਂ, ਭਰੋਸਾ ਤੇ ਹਿੰਮਤ ਰਖਣੀ ਚਾਹੀਦੀ ਹੈ ਕਿ ਮੈਂ ਸੱਠਾਂ ਵਰ੍ਹਿਆਂ ਤੀਕ ਜਵਾਨ ਬਣੀ ਰਹਾਂਗੀ। ਐਨੀ ਬੀਸੈਂਟ ਨਾਮੇ ਅੰਗ੍ਰੇਜ਼ ਇਸਤ੍ਰੀ ਜਿਹੜੀ ਦੇਸ ਦੇ ਲੀਡਰਾਂ ਵਿਚ ਗਿਣੀ ਜਾਂਦੀ ਸੀ ਉਹ ਆਪਣੇ ਆਪ ਨੂੰ "ਚੁਰਾਸੀ ਵਰ੍ਹੇ ਦੀ ਜਵਾਨ" ਆਖਦੀ ਸੀ। ਉਸ ਦਾ ਉਤਸ਼ਾਹ, ਉਸਦੀ ਮਿਹਨਤ ਅਤੇ ਕਦੇ ਨਾ ਥੱਕਣ ਵਾਲੀ ਤਾਕਤ ਦੇਖ ਕੇ ਜਵਾਨਾਂ ਨੂੰ ਭੀ ਸ਼ਰਮ ਆਉਂਦੀ ਸੀ।

ਬਹੁਤ ਸਾਰੇ ਲੋਕ ਜਵਾਨੀ ਕਾਇਮ ਰੱਖਣ ਵਾਲੀਆਂ ਗੱਲਾਂ ਕਰਨ ਵਿਚ ਹੀ ਸ਼ਰਮਾਉਂਦੇ ਹਨ, ਇਹ ਇਸ ਲਈ ਕਿ ਉਹ ਜਵਾਨੀ ਨੂੰ ਸਿਰਫ਼ ਭੋਗ ਵਿਲਾਸ ਦਾ ਸਾਧਨ ਸਮਝਦੇ ਹਨ। ਉਹ ਇਹ ਭੁਲ ਜਾਂਦੇ ਹਨ ਕਿ ਜਵਾਨੀ ਵਿਚ ਹੀ ਹਰ ਇਕ ਕੰਮ ਕਰਨ ਦਾ ਜੋਸ਼ ਹੁੰਦਾ ਹੈ। ਜਵਾਨੀ ਵਿਚ ਉੱਚਾ ਉੱਠਣ ਤੇ ਚੰਗੇ ਤੋਂ ਚੰਗਾ ਕੰਮ ਕਰਨ ਦੀ ਲਗਨ ਹੁੰਦੀ ਹੈ। ਜਵਾਨੀ ਵਿਚ ਉੱਤਮ ਭਾਵਾਂ ਨੂੰ ਪੈਦਾ ਕਰਨ ਦਾ ਜੋਸ਼ ਹੁੰਦਾ ਹੈ। ਜਵਾਨੀ ਵਿਚ

ਫ਼ਰਜ਼ ਪਾਲਣ ਦੀ ਸ਼ਕਤੀ ਹੁੰਦੀ ਹੈ। ਆਤਮ ਸੰਜਮ ਭੀ ਜਵਾਨੀ ਵਿਚ ਹੁੰਦਾ ਹੈ। ਇਸ ਲਈ ਜਵਾਨੀ ਕੋਈ ਬੁਰੀ ਚੀਜ਼ ਨਹੀਂ। ਬੁਢੇਪੇ ਵਿਚ ਕਮਜ਼ੋਰੀ ਹੈ, ਬੁਢੇਪੇ ਵਿਚ ਨਿਰਾਸਤਾ ਹੈ। ਸੋ ਸਦਾ ਜਵਾਨ ਬਣਨ ਦੀ ਇੱਛਾ ਰਖਣੀ ਕੋਈ ਭੈੜੀ ਗੱਲ ਨਹੀਂ, ਹਾਂ ਉਹ ਜਵਾਨੀ ਵਿਸ਼ੇ ਵਿਕਾਰਾਂ ਲਈ ਨਾ ਬਣਾਈ ਜਾਵੇ।

ਦੂਜੀ ਗੱਲ ਇਹ ਹੈ ਕਿ ਪਤੀ ਪਤਨੀ ਦੇ ਪ੍ਰੇਮ ਵਿਚ, ਦਿਲ ਨਾਲ ਦਿਲ ਮਿਲ ਜਾਣ ਪਰ ਭੀ ਕੁਝ ਨਾ ਕੁਝ ਸਰੀਰਕ ਖਿਚ ਹੁੰਦੀ ਹੀ ਹੈ। ਸੋ ਜੇ ਕਿਸੇ ਪਤੀ ਪਤਨੀ ਨੂੰ ਆਪਣਾ ਪ੍ਰੇਮ ਸਦਾ ਇਕ-ਰਸ ਰਖਣ ਦੀ ਚਾਹ ਹੋਵੇ ਤਾਂ ਆਪਣੀ ਅਰੋਗਤਾ ਤੇ ਸਿਹਤ ਠੀਕ ਰੱਖਣ ਵਲ ਸਦਾ ਧਿਆਨ ਦੇਣਾ ਚਾਹੀਦਾ ਹੈ, ਜੇ ਦੋਹਾਂ ਵਿਚੋਂ ਕੋਈ ਬੀਮਾਰ ਪੈ ਜਾਂਦਾ ਹੈ ਤਾਂ ਘਰ ਦੇ ਕੰਮ ਕਾਰ ਭੀ ਰੁਕ ਜਾਂਦੇ ਹਨ ਅਰ ਹੋਰ ਭੀ ਕਈ ਉਦਾਸ ਹੋ ਜਾਂਦੇ ਹਨ।

ਆਪਣੀ ਸਿਹਤ ਨੂੰ ਅਜਿਹਾ ਸੰਭਾਲ ਕੇ ਰਖੋ ਕਿ ਤੁਸੀਂ ੪੦-੫੦ ਵਰ੍ਹੇ ਦੀ ਉਮਰ ਵਾਲੀਆਂ ਹੋ ਜਾਣ ਪਰ ਭੀ ਪ੍ਰਦੇਸੀ ਇਸਤ੍ਰੀਆਂ ਵਾਕਰ ੨੦-੨੫ ਵਰ੍ਹੇ ਦੀਆਂ ਪਈਆਂ ਦਿੱਸੋ। ਇਹ ਗੱਲ ਤੁਹਾਨੂੰ ਅਨੋਖੀ ਜੇਹੀ ਮਾਲੂਮ ਹੋਵੇਗੀ, ਪਰ ਇਹ ਕੋਈ ਅਸੰ-ਭਵ ਨਹੀਂ। ਸਿਹਤ ਤੇ ਜਵਾਨੀ ਨੂੰ ਕਾਇਮ ਰਖਣ ਲਈ ਹੇਠ ਲਿਖੇ ਉਪਾ ਬਹੁਤ ਸੁਖਾਲੇ ਹਨ :—

੧—ਕੁਆਰੀ ਉਮਰ ਵਿਚ ਆਪਣੇ ਮਾਤਾ ਪਿਤਾ ਭੈਣ ਭਰਾ ਨਾਲ ਅਤੇ ਵਿਆਹ ਹੋ ਜਾਣ ਤੇ ਆਪਣੇ ਪਤੀ, ਸਸ ਸਹੁਰੇ, ਦੇਵਰ ਤੇ ਦਿਰਾਣੀ, ਜੇਠ ਤੇ ਜਿਠਾਣੀ ਤਥਾ ਨਿਨਾਣਾਂ ਆਦਿ ਨਾਲ ਪ੍ਰੇਮ ਕਰੋ। ਪ੍ਰੇਮ ਦਾ ਭਾਵ ਇਹ ਹੈ ਕਿ ਤੁਹਾਡਾ ਮਨ ਸਦਾ ਉਨ੍ਹਾਂ ਸਾਰਿਆਂ ਦੀ ਭਲਾਈ ਤੇ ਸੁਖ ਚਾਹੁੰਦਾ ਰਹੇ: ਅਜੇਹੇ ਪ੍ਰੇਮ ਨਾਲੋਂ ਵਧ ਤੁਹਾਡੀ ਸਿਹਤ ਨੂੰ ਕਾਇਮ ਰਖਣ ਵਾਲੀ ਹੋਰ ਕੋਈ ਚੀਜ਼ ਨਹੀਂ। ਪ੍ਰੇਮ ਹੀ ਜੀਵਨ ਦਾ ਅੰਮ੍ਰਤ ਹੈ, ਪ੍ਰੇਮ ਹੀ ਜੀਵਨ ਦਾ ਰਸ ਹੈ। ਜਿਸ ਦੇ

ਦਿਲ ਵਿਚ ਪ੍ਰੇਮ ਹੈ ਉਸ ਨੂੰ ਸੰਸਾਰ ਦੀ ਕੋਈ ਬਿਪਤਾ ਦੁਖੀ ਨਹੀਂ ਕਰ ਸਕਦੀ। ਉਸ ਦਾ ਦਿਲ ਸਦਾ ਉਮੰਗਾਂ ਤੇ ਆਸਾਂ ਨਾਲ ਭਰ-ਪੂਰ ਰਹਿੰਦਾ ਹੈ।

੨–ਕੋਈ ਦੁਖ ਆ ਬਣੇ ਤਾਂ ਉਸ ਨੂੰ ਦਬਾਓ, ਆਪਣੇ ਆਪ ਨੂੰ ਸੁਖੀ ਪ੍ਰਤੀਤ ਕਰੋ। ਕੋਈ ਕੌੜਾ ਬੋਲੇ ਉਸ ਨੂੰ ਹਾਸੇ ਵਿਚ ਉਡਾ ਦਿਓ। ਸਭਨਾਂ ਨਾਲ ਮਿੱਠਾ ਬੋਲੋ, ਜਿਸ ਨਾਲ ਸੁਣਨ ਵਾਲਾ ਉਤਸ਼ਾਹ ਨਾਲ ਭਰ ਜਾਵੇ। ਸਦਾ ਅਨੰਦ ਪ੍ਰਸੰਨ ਰਹੋ।

੩–ਸਦਾ ਸੰਜਮ ਨਾਲ ਰਹੋ, ਸੰਜਮ ਦਾ ਇਹ ਭਾਵ ਹੈ ਕਿ ਹੌਲੀ ਤੇ ਛੇਤੀ ਹਜ਼ਮ ਹੋਣ ਵਾਲੀ ਖੁਰਾਕ ਖਾਓ। ਉਠਣਾ ਬੈਠਣਾ, ਲੇਟਣਾ ਸੌਣਾ, ਖਾਣਾ ਪੀਣਾ, ਨਹਾਉਣਾ ਧੋਣਾ, ਪੜ੍ਹਣਾ ਲਿਖਣਾ, ਚਰਖਾ ਕੱਤਣਾ, ਕਸਰਤ ਕਰਨੀ ਸਾਰੇ ਕੰਮ ਨਿਯਮਾਂ ਅਨੁਸਾਰ ਵਕਤ ਸਿਰ ਕਰੋ। ਵਿਸ਼ੇ-ਵਾਸ਼ਨਾਂ ਭਰੀ ਸ਼ੁਕੀਨੀ ਤੇ ਗੱਲਾਂ (ਗੰਦੇ ਕਿੱਸੇ ਕਹਾਣੀਆਂ) ਤੇ ਭੋਗ-ਵਿਲਾਸ ਤੋਂ ਬਚੋ।

੪–ਕਦੇ ਵਿਹਲੇ ਨਾ ਬੈਠੋ, ਕਿਸੇ ਨਾ ਕਿਸੇ ਕੰਮ ਵਿਚ ਆਪਣੇ ਆਪ ਨੂੰ ਲਾਈ ਰਖੋ। ਆਪਣੇ ਹੱਥ ਪੈਰ ਹਿਲਾਉਂਦੇ ਰਹੋ, ਸੁਸਤ ਹੋ ਕੇ ਕਦੇ ਨਾ ਬੈਠੋ।

੫–ਸਦਾ ਚੰਗੇ ਭੈਣ ਭਰਾਵਾਂ ਕੋਲ ਬੈਠੋ, ਦਿਲ ਲੁਭਾਣ ਵਾਲੀਆਂ ਗੱਲਾਂ ਕਰਨ ਵਾਲੀਆਂ ਜਿਹੜੀਆਂ ਇਸਤ੍ਰੀਆਂ ਹੋਣ (ਯਾ ਪੁਰਸ਼ ਹੋਣ) ਉਨ੍ਹਾਂ ਪਾਸ ਭੁਲ ਕੇ ਵੀ ਨਾ ਜਾਓ। ਆਪਣੇ ਮਨ ਨੂੰ ਸਦਾ ਬੁਰੇ ਖ਼ਿਆਲਾਂ ਤੋਂ ਬਚਾਓ। ਸਦਾ ਚੰਗੀਆਂ ਗੱਲਾਂ ਵਲ ਧਿਆਨ ਰਖੋ, ਸਿਰਫ਼ ਮਨ ਪਰਚਾਣ ਲਈ ਭੀ ਕੋਈ ਭੈੜੀ ਪੁਸਤਕ ਨਾ ਪੜ੍ਹੋ। ਜਿਸ ਪੁਸਤਕ ਤੋਂ ਤੁਹਾਨੂੰ ਕੁਝ ਲਾਭ ਪਹੁੰਚੇ, ਕੁਝ ਸਿਖਿਆ ਮਿਲੇ, ਅਜੇਹੀ ਪੁਸਤਕ ਪੜ੍ਹੋ। ਉਸ ਵਿਚ ਜਿਹੜੀ ਗੱਲ ਚੰਗੀ ਹੋਵੇ ਉਸ ਨੂੰ ਆਪਣੇ ਮਨ ਵਿਚ ਗੰਢ ਬਨ੍ਹ ਕੇ ਰਖੋ।

੬–ਚਿੰਤਾ ਕਦੇ ਨਾ ਕਰੋ, 'ਚਿੰਤਾ ਚਿਖਾ ਬਰਾਬਰੀ' ਹਰ ਇਕ

ਸੁਖ ਦੁਖ ਲਈ ਸਦਾ ਤਿਆਰ ਰਹੋ। ਕਿਸੇ ਆਉਣ ਵਾਲੇ ਦੁਖ ਲਈ ਸਦਾ ਚਿੰਤਾ ਫਿਕਰ ਕਰਦੇ ਰਹਿਣਾ ਠੀਕ ਨਹੀਂ, ਚਿੰਤਾ ਫਿਕਰਾਂ ਨਾਲ ਬਹੁਤ ਛੇਤੀ ਸਰੀਰ ਬੁੱਢਾ ਹੋ ਜਾਂਦਾ ਹੈ। ਥੋੜੇ ਦਿਨਾਂ ਦੀ ਗਲ ਹੈ ਕਿ ਵਲਾਇਤ ਵਿਚ ਇਕ ਜਵਾਨ ਇਸਤ੍ਰੀ ਕਿਸੇ ਕਸੂਰ ਪਿਛੇ ਫੜੀ ਗਈ ਤੇ ਰਾਤ ਨੂੰ ਹਵਾਲਾਤ ਵਿਚ ਰਖੀ ਗਈ। ਜਦ ਸਵੇਰੇ ਵੇਖਿਆ ਗਿਆ ਤਾਂ ਉਸ ਦਾ ਸਾਰਾ ਸਿਰ ਚਿਟਾ ਹੋ ਗਿਆ ਸੀ ਤੇ ਉਹ ਪਛਾਣੀ ਨਹੀਂ ਸੀ ਜਾਂਦੀ। ਫ਼ਿਕਰ ਦਾ ਇਤਨਾ ਅਸਰ ਹੁੰਦਾ ਹੈ।

੭—ਸਾਰੇ ਕੰਮ ਨੇਮ ਨਾਲ ਕਰੋ। ਹਰ ਕੰਮ ਤੇ ਹਰ ਚੀਜ਼ ਵਿਚ ਨਿਯਮ ਵਰਤੋ। ਨਿਯਮ ਵਿਰੁਧ ਕੋਈ ਕੰਮ ਠੀਕ ਨਹੀਂ।

੮—ਅਗੇ ਆਉਣ ਵਾਲੇ ਸਮੇਂ ਲਈ ਤੇ ਬੀਤ ਗਏ ਸਮੇਂ ਲਈ ਬਿਲਕੁਲ ਚਿੰਤਾ ਨਾ ਕਰੋ, ਜੋ ਵਰਤਮਾਨ ਸਮਾਂ ਹੈ, ਉਸ ਅਨੁਸਾਰ ਚਲੋ ਤੇ ਸੁਖੀ ਰਹੋ।

੯—ਥੋੜੀ ਜੇਹੀ ਕਸਰਤ ਰੋਜ਼ ਕਰੋ। ਜਿਹਾ ਕਿ ਚੱਕੀ, ਚਰਖਾ ਕੱਤਣਾਂ, ਕਪੜੇ ਧੋਣੇ ਤੇ ਦੋ ਤਿੰਨ ਮੀਲ ਰੋਜ਼ ਸੈਰ ਕਰਨੀ ਆਦਿ ਕੰਮ ਕਸਰਤ ਦੇ ਹਨ। ਮਤਲਬ ਇਹ ਕਿ ਐਸਾ ਕੰਮ ਕਰੋ ਜਿਸ ਨਾਲ ਤੁਹਾਡਾ ਸਾਰਾ ਸਰੀਰ ਹਿਲ ਜਾਵੇ। ਇਸ ਨਾਲ ਤੁਹਾਨੂੰ ਭੁੱਖ ਵੀ ਠੀਕ ਲਗੇਗੀ ਤੇ ਜੋ ਕੁਝ ਖਾਉਗੇ ਪਚ ਜਾਵੇਗਾ।

੧੦—ਅਪਣੇ ਹਾਜ਼ਮੇਂ ਦਾ ਧਿਆਨ ਰਖੋ। ਪੇਟ ਵਿਚ ਕੋਈ ਖ਼ਰਾਬੀ ਨਾ ਹੋਣ ਦਿਓ, ਜਿੰਨੀ ਭੁਖ ਹੋਵੇ ਉਸ ਤੋਂ ਜ਼ਰਾ ਘਟ ਹੀ ਖਾਓ। ਕਬਜ਼ੀ ਜਾਂ ਹੋਰ ਕੋਈ ਖਰਾਬੀ ਹੋਵੇ ਤਾਂ ਉਸ ਦਾ ਇਲਾਜ ਕਰੋ। ਜੇਕਰ ਪੇਟ ਦਰਦ ਜਾਂ ਕੋਈ ਹੋਰ ਖ਼ਰਾਬੀ ਹੋਵੇ, ਤਾਂ ਕਿਸੇ ਸਿਆਣੇ ਦੀ ਸਲਾਹ ਲਓ, ਪਰ ਇਹ ਯਾਦ ਰਖੋ ਕਿ ਸਭਨਾਂ ਬੀਮਾਰੀਆਂ ਦੀ ਜੜ੍ਹ ਹਾਜ਼ਮੇ ਦੀ ਖਰਾਬੀ ਹੈ। ਜਿਸ ਨੂੰ ਖ਼ੁਰਾਕ ਵੇਲੇ ਸਿਰ ਹਜ਼ਮ ਹੋ ਜਾਂਦੀ ਹੈ, ਜਿਸ ਨੂੰ ਟੱਟੀ ਸਾਫ਼ ਆਉਂਦੀ ਹੈ,

ਜਿਸ ਨੂੰ ਭੁੱਖ ਚੰਗੀ ਤਰ੍ਹਾਂ ਲੱਗਦੀ ਹੈ, ਉਸ ਨੂੰ ਕੋਈ ਬੀਮਾਰੀ ਤੰਗ ਨਹੀਂ ਕਰ ਸਕਦੀ।

ਪੇਟ ਦੀ ਖਰਾਬੀ ਨਾਲ ਅੱਖਾਂ ਕਮਜ਼ੋਰ ਹੋ ਜਾਂਦੀਆਂ ਹਨ, ਸਿਰ ਦਰਦ ਹੋ ਜਾਂਦੀ ਹੈ, ਦੰਦਾਂ ਵਿਚ ਬੋ, ਤੇ ਪੇਟ ਵਿਚ ਕੀੜੇ ਪੈ ਜਾਂਦੇ ਹਨ। ਚਿਹਰਾ ਕੁਮਲਾ ਜਾਂਦਾ ਹੈ, ਜ਼ੁਕਾਮ ਲਗ ਜਾਂਦਾ ਹੈ, ਪੇਟ ਵਿਚ ਜਲਨ ਤੇ ਪੀੜ ਬਣੀ ਰਹਿੰਦੀ ਹੈ। ਬਵਾਸੀਰ, ਪ੍ਰਦਰ (ਚਿੱਟਾ ਪੀਲਾ ਪਾਣੀ ਆਦਿ ਦਾ ਆਉਣਾ), ਕਮਰ ਦਰਦ, ਬਹੁਤਾ ਪਿਸ਼ਾਬ ਅਤੇ ਚਕ੍ਰਾਂ ਦਾ ਆਉਣਾ ਆਦਿ ਕਈ ਖਰਾਬੀਆਂ ਹੋ ਜਾਂਦੀਆਂ ਹਨ। ਨੀਂਦ ਨਹੀਂ ਆਉਂਦੀ, ਰੋਟੀ ਬੇਸੁਆਦ ਮਲੂਮ ਹੁੰਦੀ ਹੈ, ਇਸ ਲਈ ਪੇਟ ਨੂੰ ਸਦਾ ਸਾਫ਼ ਰਖੋ। ਜੇ ਜ਼ਰਾ ਭੀ ਖਰਾਬੀ ਦਿੱਸੇ ਤਾਂ ਰੋਟੀ ਖਾਣ ਦੇ ਪਿਛੋਂ ਹਾਜ਼ਮੇ ਦਾ ਚੂਰਨ, ਜਾਂ ਕੋਈ ਹਾਜ਼ਮੇ ਵਾਲੀ ਚੰਗੀ ਗੋਲੀ ਖਾ ਲੈਣੀ ਚਾਹੀਦੀ ਹੈ। ਰੋਟੀ ਖਾ ਕੇ ਥੋੜੀ ਦੂਰ ਤਕ ਫਿਰਨਾ ਤੁਰਨਾ (ਟਹਿਲਣਾ) ਭੀ ਬਹੁਤ ਚੰਗਾ ਹੈ।

੧੧–ਸੌਣ ਵੇਲੇ ਮੂੰਹ ਨੰਗਾ ਕਰ ਕੇ ਸਵੋਂ। ਜੇਕਰ ਸਿਆਲ ਹੋਵੇ ਤਾਂ ਘੱਟ ਤੋਂ ਘੱਟ ਇਕ ਬਾਰੀ ਜਾਂ ਰੌਸ਼ਨਦਾਨ ਰਾਤ ਨੂੰ ਜ਼ਰੂਰ ਖੁਲ੍ਹਾ ਰਖੋ। ਬਲਦੀ ਹੋਈ ਮਿੱਟੀ ਦੇ ਤੇਲ ਦੀ ਲੈਂਪ ਤੇ ਅੱਗ ਸੌਣ ਵਾਲੇ ਕਮਰੇ ਵਿਚ ਕਦੇ ਨਾ ਰਖੋ, ਨਹੀਂ ਤਾਂ ਜ਼ਹਿਰੀਲੀ ਗੈਸ ਨੱਕ ਦੇ ਰਾਹ ਅੰਦਰ ਜਾ ਕੇ ਫੇਫੜਿਆਂ ਨੂੰ ਕਮਜ਼ੋਰ ਕਰੇਗੀ।

ਬਹੁਤ ਘੁੱਟ ਕੇ ਕੇਸ ਬੰਨ੍ਹੇ ਹੋਏ ਵੀ ਕਮਜ਼ੋਰ ਹੋ ਜਾਂਦੇ ਹਨ। ਰਾਤ ਨੂੰ ਭਾਵੇਂ ਖੁਲ੍ਹੇ ਛੱਡ ਦੇਵੋ। ਕੇਸਾਂ ਨੂੰ ਕੋਈ ਚੰਗਾ ਤੇਲ ਲਾਉਣਾ ਚੰਗਾ ਰਹਿੰਦਾ ਹੈ। ਬਜ਼ਾਰਾਂ ਵਿਚ ਅਜ ਕਲ ਰੰਗਦਾਰ (ਮਿੱਟੀ ਦਾ) ਤੇਲ ਬਹੁਤ ਵਿਕਦਾ ਹੈ। ਅਜੇਹੇ ਤੇਲਾਂ ਤੋਂ ਬਚੋ। ਅਜੇਹੇ ਤੇਲ ਸਿਰ ਦਰਦ ਤੇ ਕੇਸਾਂ ਦਾ ਬਹੁਤ ਛੇਤੀ ਚਿੱਟੇ ਹੋ ਜਾਣਾ ਆਦਿ ਕਈ ਬੀਮਾਰੀਆਂ ਪੈਦਾ ਕਰ ਦੇਂਦੇ ਹਨ। ਸਾਫ਼ ਸਰ੍ਹੋਂ ਦਾ ਕੱਚਾ ਤੇਲ ਜਾਂ ਤਿਲੀ ਦਾ ਤੇਲ ਕੇਸਾਂ ਨੂੰ ਲਾਉਣਾ ਬਹੁਤ ਚੰਗਾ ਹੈ। ਜੇ ਕੋਈ ਚੰਗਾ

ਤਸੱਲੀ ਬਖਸ਼ ਬਣਿਆ ਹੋਇਆ ਤੇਲ ਮਿਲੇ ਤਾਂ ਵਰਤਣਾ ਚਾਹੀਦਾ ਹੈ। ਰਾਤ ਦੇ ਨੌਂ ਦਸ ਵਜੇ ਤਕ ਸੌਂ ਜਾਣਾ ਚਾਹੀਦਾ ਹੈ, ਇਸ ਦੇ ਪਿਛੋਂ ਸੌਣਾ ਖਰਾਬੀ ਕਰਦਾ ਹੈ। ਕਿਉਂ ਕਿ ਫੇਰ ਸਵੇਰੇ ਛੇਤੀ ਜਾਗ ਨਹੀਂ ਖੁਲ੍ਹਦੀ ਤੇ ਕੰਮ ਕਾਰ ਭੀ ਵੇਲੇ ਸਿਰ ਨਹੀਂ ਹੁੰਦੇ। ਇਸ ਸੰਬੰਧੀ ਪ੍ਰਸਿਧ ਅਖਾਣ ਹੈ:-

"ਸਵੱਖ਼ਤੇ ਸੌਂ ਸਵੱਖਤੇ ਜਾਗ।
ਵਧੀ ਉਮਰ ਤੇ ਲੱਗੀ ਭਾਗ॥"

ਸਵੇਰੇ ਚਾਰ ਪੰਜ ਵਜੇ ਉਠ ਬਹਿਣਾ ਸਿਹਤ ਲਈ ਬਹੁਤ ਚੰਗਾ ਹੈ। ਜੇ ਕਬਜ਼ੀ ਹੋਵੇ, ਤਾਂ ਨੱਕ ਬੰਦ ਕਰ ਕੇ ਇਕ ਗਲਾਸ ਪਾਣੀ ਹੌਲੇ ਹੌਲੇ ਪੀਓ। ਥੋੜੀ ਦੇਰ ਪਿਛੋਂ ਤੁਹਾਨੂੰ ਟੱਟੀ ਜਾਣ ਦੀ ਹਾਜਤ ਹੋਵੇਗੀ। ਪਾਣੀ ਪੀ ਕੇ ਥੋੜਾ ਟਹਿਲੋ, ਜਾਂ ਝਾੜੂ ਬੁਹਾਰੀ ਚੌਂਕੇ ਆਦਿ ਦਾ ਕੰਮ ਕਰੋ।

੧੨-ਕਦੇ ਗੁੱਸਾ ਨਾ ਕਰੋ; ਨਾ ਖਿਝ ਕੇ ਬੋਲੋ, ਜਿਸ ਉੱਤੇ ਗੁਸਾ ਕੀਤਾ ਜਾਂਦਾ ਹੈ, ਉਸ ਨਾਲੋਂ ਵਧੇਰੇ ਨੁਕਸਾਨ ਗੁਸਾ ਕਰਨ ਵਾਲੇ ਦਾ ਹੁੰਦਾ। ਕਿਉਂਕਿ ਗੁਸਾ ਕਰਨ ਵਾਲੇ ਦਾ ਆਪਣਾ ਤਨ ਮਨ ਵੀ ਤਪ ਜਾਂਦਾ ਹੈ, ਜਿਸ ਦਾ ਅਸਰ ਉਸ ਦੀ ਸਿਹਤ ਉਪਰ ਬਹੁਤ ਬੁਰਾ ਪੈਂਦਾ ਹੈ। ਸਰੀਰ ਨੂੰ ਅਰੋਗ ਰਖਣ ਲਈ ਉਪ੍ਰੋਕਤ ਗੱਲਾਂ ਦਾ ਜ਼ਰੂਰ ਧਿਆਨ ਰਖਣਾ ਚਾਹੀਦਾ ਹੈ।

* * * *

ਆਪ ਕੋਈ ਲੜਾਈ ਝਗੜਾ ਖੜਾ ਨਾ ਕਰੋ ਤੇ ਨਾ ਕਿਸੇ ਦੇ ਲੜਾਈ ਝਗੜੇ ਵਿਚ ਪਵੋ। ਮਾਤਾ ਪਿਤਾ ਭੈਣ ਭਰਾ ਨਾਲ ਜਾਂ ਸਹੁਰੇ ਘਰ ਪਤੀ ਅਥਵਾ ਸੱਸ ਸਹੁਰੇ ਨਾਲ ਆਪਣੇ ਆਪ ਨੂੰ ਬਹੁਤ ਸੰਭਾਲਣ ਪਰ ਭੀ ਜੇਕਰ ਕੋਈ ਝਗੜਾ ਹੋ ਜਾਵੇ, ਤਾਂ ਉਸ ਨੂੰ ਪ੍ਰੇਮ ਨਾਲ, ਨਿਮ੍ਰਤਾ ਨਾਲ, ਖਿਮਾਂ ਮੰਗ ਕੇ ਮਿਟਾਣ ਦਾ ਯਤਨ ਕਰੋ;

ਦੂਜਿਆਂ ਨੂੰ ਉਸ ਵਿਚ ਸਾਲਸ ਨਾ ਬਣਾਓ, ਨਹੀਂ ਤਾਂ ਉਹ ਤੁਹਾ-ਡੀਆਂ ਹੀ ਕਮਜ਼ੋਰੀਆਂ ਤੋਂ ਲਾਭ ਉਠਾਕੇ ਤੁਹਾਨੂੰ ਹੀ ਹੇਠਾਂ ਗਿਰਾਣ ਦੀ ਕੋਸ਼ਸ਼ ਕਰਨਗੇ। ਇਹ ਨਾ ਸਮਝੋ ਕਿ ਖਿਮਾਂ ਮੰਗਣ ਵਿਚ ਤੁਹਾਡੀ ਕਮਜ਼ੋਰੀ ਜਾਂ ਹੇਠੀ ਹੈ, ਨਹੀਂ ਸਗੋਂ ਉਸ ਨਾਲ ਤੁਹਾਡੇ ਅੰਦਰ ਪਵਿਤ੍ਰਤਾ ਆਵੇਗੀ ਤੇ ਚੰਗੇ ਖਿਆਲ ਵਧਣਗੇ।

* * * *

ਇਕ ਲੜਕੀ ਇਕ ਮਾਮੂਲੀ ਗ੍ਰਿਹਸਥੀ ਦੇ ਘਰ ਵਡੀਆਂ ਤਕਲੀਫ਼ਾਂ ਵਿਚ ਪੈਦਾ ਹੋਈ, ਉਨ੍ਹਾਂ ਤਕਲੀਫ਼ਾਂ ਵਿਚ ਹੀ ਜੋ ਲਾਡ ਪਿਆਰ ਮਿਲ ਸਕਿਆ ਉਸ ਵਿਚ ਪਲੀ ਤੇ ਜੋ ਕੁਝ ਸਿਖਾਇਆ ਗਿਆ ਸਿਖੀ। ਛੋਟੀ ਉਮਰੇ ਹੀ ਵਿਆਹ ਹੋ ਗਿਆ। ਘਰ ਦਾ ਬੋਝ ਸਿਰ ਉਪਰ ਆਣ ਪਿਆ। ਰਾਤ ਦਿਨ ਦੇ ਚਿੰਤਾ ਫ਼ਿਕਰਾਂ ਤੇ ਦੁਖਾਂ ਵਿਚ ਤੇ ਸਭਨਾਂ ਨੂੰ ਖੁਸ਼ ਰਖਣ ਦੀ ਆਸ਼ਾ ਵਿਚ ਉਸ ਦਾ ਸਰੀਰ ਘੁਲਣ ਲਗਾ। ਕਦੇ ਉਹ ਗੁਸੇ ਹੈ, ਉਸ ਨੂੰ ਮਨਾਉਣਾ ਹੈ, ਕਦੀ ਸਹੁਰਾ ਬੀਮਾਰ ਹੈ, ਉਸ ਨੂੰ ਦਵਾਈ ਦੇਣੀ ਹੈ। ਕਦੇ ਪਤੀ ਦੀ ਤਬੀਅਤ ਠੀਕ ਨਹੀਂ, ਸਿਰ ਦਰਦ ਹੈ, ਸਿਰ ਘੁਟਣਾ ਹੈ, ਏਧਰੋਂ ਵਿਹਲੀ ਹੋਈ ਕਿ ਝਾੜੂ ਦੇਣਾ ਹੈ, ਘਰ ਸਾਫ਼ ਕਰਨਾ ਹੈ; ਭਾਂਡੇ ਮਾਂਜਣੇ ਹਨ, ਉਹ ਕਰ ਕੇ ਹਟੀ, ਨ੍ਹਾਤੀ ਧੋਤੀ ਤੇ ਚੁਲ੍ਹੇ ਵਿਚ ਅੱਗ ਬਾਲ, ਆਟਾ ਗੁੰਨ੍ਹਣ ਲੱਗੀ, ਭਾਜੀ ਤਿਆਰ ਹੋ ਗਈ ਤੇ ਰੋਟੀਆਂ ਪਕਾਣ ਲੱਗੀ, ਅਜੇ ਅੱਧਾ ਹੀ ਆਟਾ ਪਕਾਇਆ ਸੀ ਕਿ ਦੋ ਪਰਾਹੁਣੇ ਆ ਗਏ। ਵਿਚਾਰੀ ਸੋਚਦੀ ਤਾਂ ਇਹ ਪਈ ਸੀ ਕਿ ਛੇਤੀ ਨਾਲ ਰੋਟੀ ਪਕਾ ਕੇ ਹਟ ਜਾਵਾਂਗੀ ਤੇ ਪਤੀ ਦੀ ਖ਼ਬਰ ਲਵਾਂਗੀ, ਸੇਵਾ ਕਰਾਂਗੀ, ਪਰ ਹੁਣ ਪਰਾਹੁਣੇ ਆ ਗਏ। ਰਾਤੀ ਵੀ ਚਿਰਾਕੀ ਸੁੱਤੀ, ਜਿਸ ਕਰ ਕੇ ਅੱਖਾਂ ਵਿਚ ਸੜਨ ਹੈ ਤੇ ਸਿਰ ਭੀ ਭਾਰੀ ਹੈ।

ਘਰ ਵਿਚ ਪਤੀ ਦੇ ਬੀਮਾਰ ਹੋਣ ਕਰ ਕੇ ਦਿਲ ਭੀ ਦੁਖੀ ਹੈ, ਓਧਰ ਪਰਾਹੁਣਿਆਂ ਨੇ ਭੀ ਛੇਤੀ ਖਾ ਪੀ ਕੇ ਕਿਸੇ ਨੂੰ ਮਿਲਣ ਜਾਣਾ ਹੈ। ਸੋ ਉਨ੍ਹਾਂ ਨੂੰ ਖੁਆ ਪਿਲਾ ਕੇ ਭਾਂਡੇ ਮਾਂਜਣ ਲਗ ਪਈ। ਭਾਂਡੇ ਮਾਂਜ ਕੇ ਹਟੀ ਤਾਂ ਮੈਲੇ ਧੋਣ ਵਾਲੇ ਕਪੜਿਆਂ ਉਤੇ ਨਜ਼ਰ ਜਾ ਪਈ, ਜਿਨ੍ਹਾਂ ਦਾ ਕਈ ਦਿਨਾਂ ਤੋਂ ਢੇਰ ਲਗਾ ਹੋਇਆ ਸੀ। ਉਨ੍ਹਾਂ ਨੂੰ ਧੋਣ ਬੈਠ ਗਈ। ਧੋਂਦਿਆਂ ਧੋਂਦਿਆਂ ਬਾਹਾਂ ਵਿਚ ਪੀੜ ਹੋਣ ਲਗੀ, ਪਰ ਕਿਸੇ ਤਰ੍ਹਾਂ ਨਾਲ ਉਹ ਕੰਮ ਭੀ ਪੂਰਾ ਕੀਤਾ।

ਫੇਰ ਵੇਖਿਆ ਕੁੜਤਾ ਫਟ ਗਿਆ ਹੈ, ਸੋਚਿਆ ਜੇਕਰ ਹੁਣੇ ਨਹੀਂ ਸੀਵਾਂਗੀ, ਤਾਂ ਹੋਰ ਫਟ ਜਾਵੇਗਾ। ਸੁ ਝਟ ਉਸ ਨੂੰ ਸੀਵਣ ਬੈਠ ਗਈ, ਫੇਰ ਪਤੀ ਦੀ ਖਬਰ ਜਾ ਕੇ ਲਈ। ਉਸ ਨਾਲ ਦੋ ਤਿੰਨ ਮਿੱਠੀਆਂ ਗੱਲਾਂ ਕਰ ਕੇ ਤੇ ਉਸ ਨੂੰ ਹੌਂਸਲਾ ਦੇ ਕੇ ਸੇਵਾ ਕਰਨ ਲਗ ਪਈ, ਇਤਨੇ ਨੂੰ ਸ਼ਾਮਾਂ ਪੈ ਗਈਆਂ। ਫੇਰ ਰੋਟੀ ਕਰਨੀ ਹੈ ਭਾਜੀ ਚੀਰਨੀ ਹੈ, ਚਾੜ੍ਹਨੀ ਹੈ। ਭਾਜੀ ਬਣਾਈ, ਰੋਟੀਆਂ ਪਕਾਈਆਂ ਤੇ ਸਭਨਾਂ ਨੂੰ ਖੁਆਈਆਂ ਕਿ ਰਾਤ ਪੈ ਗਈ। ਇਕ ਮਿੰਟ ਭੀ ਉਸ ਨੂੰ ਵਿਹਲ ਨਹੀਂ ਤੇ ਨਾ ਆਰਾਮ ਕਰਨ ਦਾ ਸਮਾ ਹੈ।

ਜਦੋਂ ਬੱਚਾ ਹੋ ਪਿਆ, ਤਾਂ ਫੇਰ ਹੋਰ ਜ਼ਿਮੇਵਾਰੀ ਸਿਰ ਤੇ ਆਣ ਪਈ। ਉਸ ਨੂੰ ਪਾਲਣ, ਪੋਸਣ ਵਿਚ ਰਾਤ ਦੀ ਨੀਂਦ ਭੀ ਹਰਾਮ ਹੋ ਗਈ। ਉਸ ਨੂੰ ਨੁਹਾਉਣਾ, ਧੁਲਾਉਣਾ, ਖੁਆਣਾ, ਪਿਆਣਾ, ਕਪੜੇ ਸਾਫ ਕਰਨੇ, ਖੇਡਣਾ, ਖਿਡਾਉਣਾ, ਬਸ ਜ਼ਰਾ ਵਿਹਲ ਨਹੀਂ ਮਿਲਦੀ, ਕੰਮ ਵਧਦੇ ਹੀ ਗਏ। ਉਸ ਦਾ ਕੰਚਨ ਵਰਗਾ ਸਰੀਰ, ਚੇਹਰੇ ਦੀ ਸੋਭਾ, ਮਨ ਦੀਆਂ ਵਡੀਆਂ ਵਡੀਆਂ ਉਮੰਗਾਂ ਤੇ ਹੌਸਲੇ ਇਕ ਇਕ ਕਰਕੇ ਸਾਰੇ ਲੀਨ ਹੋ ਗਏ।

ਪਰ ਬਦਲੇ ਵਿਚ ਉਸ ਨੂੰ ਕੀ ਲੱਭਾ ? ਉਸ ਦੇ ਤਿਆਗ ਦੀ ਕਿਸੇ ਦੇ ਕੰਨ ਵਿਚ ਖਬਰ ਭੀ ਨਾ ਹੋਈ। ਉਸ ਦੀਆਂ ਸਾਰੀ-

ਉਮਰ ਦੀਆਂ ਕੁਰਬਾਨੀਆਂ ਦੀਆਂ ਕਹਾਣੀਆਂ ਭੀ ਅਖਬਾਰਾਂ ਵਿਚ ਕੋਈ ਨਹੀਂ ਛਪੀਆਂ। ਉਸਦਾ ਨਾਮ ਤਕ ਭੀ ਕੋਈ ਨਹੀਂ ਜਾਣਦਾ। ਉਸ ਦੀ ਉਪਮਾ ਲਈ ਸਭਨਾਂ ਦੇ ਮੂੰਹ ਬੰਦ ਹਨ। ਹਾਂ ! ਨਿੰਦਿਆ ਝਾੜ ਝਪਟ ਕਰਨ ਲਈ ਸਭਨਾਂ ਦੇ ਮੂੰਹ ਖੁਲ੍ਹ ਜਾਂਦੇ ਹਨ। ਉਸ ਦੀਆਂ ਅਖਾਂ ਦੇ ਕੋਣਿਆਂ ਵਿਚ ਸਜੀਵ ਮੋਤੀ ਦੇ ਚਾਰ ਦਾਣੇ ਆਣ ਪ੍ਰਗਟਦੇ ਹਨ। ਉਹ ਸੰਸਾਰ ਵਲ ਈਰਖਾ ਤੇ ਨਿਰਾਸਤਾ ਨਾਲ ਤੱਕਦੇ ਹਨ, ਤੇ ਫੇਰ ਚੁਪ ਚਾਪ ਹੀ ਢਲ ਕੇ ਮਿਟੀ ਵਿਚ ਮਿਲ ਜਾਂਦੇ ਹਨ। ਪਰ ਇਸ ਨੂੰ ਭੀ ਕੋਈ ਨਹੀਂ ਵੇਖਦਾ। ਫੇਰ ਭੀ ਉਹ ਇਸ ਨਿੰਦਿਆ ਤੇ ਤਕਲੀਫਾਂ ਭਰੇ ਰਾਹ ਵਿਚ ਚੁਪ ਚਾਪ ਆਪਣੇ ਗ੍ਰਿਹਸਤ ਦਾ ਭਾਰ ਚੁਕੀ ਆਪਣੇ ਜੀਵਨ ਦੇ ਪੈਂਡੇ ਨੂੰ ਮੁਕਾਉਂਦੀ ਚਲੀ ਜਾ ਰਹੀ ਹੈ।

ਇਹ ਇਕ ਆਮ ਇਸਤ੍ਰੀ ਦੀ ਹਾਲਤ ਹੈ। ਅਮਰੀਕਾ ਦੀ ਇਕ ਇਸਤ੍ਰੀ ਆਪਣੇ ਦੇਸ਼ ਦੀਆਂ ਮਾਮੂਲੀ ਇਸਤ੍ਰੀਆਂ ਬਾਬਤ ਆਪਣੀ ਇਕ ਪੁਸਤਕ ਵਿਚ ਲਿਖਦੀ ਹੈ:-

"ਮੇਰਾ ਜੀ ਕਰਦਾ ਹੈ ਕਿ ਜੇ ਮੈਨੂੰ ਬਹਾਦਰੀ ਦੇ ਤਮਗ਼ੇ (ਮੈਡਲ) ਵੰਡਣ ਦਾ ਮੌਕਾ ਮਿਲੇ ਤਾਂ ਮੈਂ ਉਸ ਮਾਮੂਲੀ ਇਸਤ੍ਰੀ ਨੂੰ ਸਭ ਤੋਂ ਚੰਗਾ ਤਮਗ਼ਾਂ ਦੇਵਾਂ। ਇਹ ਸੱਚ ਹੈ ਕਿ ਉਸ ਨੇ ਕਦੇ ਤੂਫ਼ਾਨ ਵਿਚ ਡੁਬਦੇ ਹੋਏ ਜਹਾਜ਼ ਨੂੰ ਕੰਢੇ ਨਹੀਂ ਲਾਇਆ ਅਤੇ ਨਾ ਕਿਸੇ ਡੁਬਦੇ ਆਦਮੀ ਨੂੰ ਹੀ ਉਸ ਨੇ ਕਢਿਆ ਹੈ, ਇਹ ਭੀ ਸਚ ਹੈ ਕਿ ਉਸ ਨੇ ਕਦੇ ਨੱਠੇ ਜਾਂਦੇ ਘੋੜੇ ਨੂੰ ਭੀ ਨਹੀਂ ਫੜਿਆ ਅਤੇ ਨਾ ਕਿਸੇ ਸੜਦੇ ਘਰ ਵਿਚੋਂ ਕਿਸੇ ਜੀਵ ਨੂੰ ਕੱਢ ਕੇ ਲਿਆਂਦਾ ਹੈ। ਮਤਲਬ ਇਹ ਕਿ ਉਸ ਨੇ ਕਦੀ ਕੋਈ ਅਜੇਹੀ ਬਹਾਦਰੀ ਦਾ ਕੰਮ ਨਹੀਂ ਕੀਤਾ।

ਪਰ ਉਸ ਨੇ ਸਿਰਫ ਇੱਨਾ ਕੀਤਾ ਕਿ ੩੦-੪੦ ਵਰ੍ਹੇ ਤਕ ਘਰ ਵਿਚ ਟਿਕੀ ਰਹੀ। ਬੀਮਾਰੀ ਤੇ ਗ਼ਰੀਬੀ ਵਿਚ ਭੀ ਇਕੱਲੀ ਰਹਿ

ਕੇ ਚੁਪ ਚਾਪ ਅਨੇਕਾਂ ਨਿਰਾਸਤਾਂ ਵੇਖੀਆਂ ਤੇ ਤਕਲੀਫਾਂ ਨੂੰ ਅਜੇਹੀ ਹਿੰਮਤ ਨਾਲ ਸਹ ਰਿਆ ਕਿ ਕਿਸੇ ਦੇ ਕੰਨ ਤਕ ਖਬਰ ਭੀ ਨਾ ਹੋਈ। ਸੋ ਅਜੇਹੀ ਇਕ ਮਾਮੂਲੀ ਇਸਤ੍ਰੀ ਦੇ ਸਾਹਮਣੇ ਇਕ ਬਹਾਦਰ ਸਿਪਾਹੀ ਭੀ ਸਿਰ ਝੁਕਾ ਕੇ ਉਸ ਦੀ ਬਹਾਦਸੀ ਦਾ ਸਤਿਕਾਰ ਕਰੇਗਾ।

ਉਸ ਦੀ ਸ਼ਕਲ ਸੂਰਤ ਤੋਂ ਭੀ ਕੋਈ ਬਹਾਦਰੀ ਜਾਂ ਉੱਚਤਾ ਦਾ ਭਾਵ ਪ੍ਰਗਟ ਨਹੀਂ ਹੁੰਦਾ। ਉਹ ਇਕ ਮਾਮੂਲੀ ਇਸਤ੍ਰੀ ਹੈ। ਜਿਸ ਦੇ ਮਾਮੂਲੀ ਕਪੜੇ, ਥਕਿਆ ਹੋਇਆ ਚੇਹਰਾ ਤੇ ਕੰਮ ਨਾਲ ਘਸੇ ਹੋਏ ਹੱਥ ਹਨ। ਅਜੇਹੀ ਇਸਤ੍ਰੀ ਨੂੰ ਤੁਸਾਂ ਸੈਂਕੜੇ ਵਾਰੀ ਦੇਖਿਆ ਹੋਵੇਗਾ, ਤੇ ਉਸ ਨੂੰ ਸਤਿਕਾਰਨ ਦਾ ਖਿਆਲ ਤਕ ਤੁਹਾਨੂੰ ਨਹੀਂ ਆਇਆ ਹੋਵੇਗਾ। ਪਰ ਅਸਲ ਵਿਚ ਉਹ ਇਕ ਸੂਰਬੀਰ ਸਿਪਾਹੀ ਵਾਂਗ ਮਨੁੱਖ ਜੀਵਨ ਦੀ ਲੜਾਈ ਵਿਚ ਬਹਾਦਰੀ ਲੈਣ ਦੀ ਹੱਕਦਾਰ ਹੈ।

ਇਸ ਗੱਲ ਨੂੰ ਕਈ ਵਰ੍ਹੇ ਬੀਤ ਗਏ ਜਦ ਉਹ ਨਵੀਂ ਜਵਾਨੀ ਵਿਚ ਉਮੰਗਾਂ ਭਰੇ ਦਿਲ ਨਾਲ ਵਿਆਹੀ ਆਈ ਸੀ। ਉਸ ਨੇ ਆਪਣੇ ਮਨ ਵਿਚ ਵੱਡੀਆਂ ਵਡੀਆਂ ਆਸਾਂ ਧਾਰ ਰਖੀਆਂ ਸਨ।

ਪਰ ਇਕ ਇਕ ਕਰਕੇ ਉਸ ਦੀਆਂ ਸਾਰੀਆਂ ਆਸਾਂ ਨਸ਼ਟ ਹੋ ਗਈਆਂ। ਉਸ ਨੂੰ ਜੋ ਪਤੀ ਲੱਭਾ ਓਹ ਚੰਗਾ ਆਦਮੀ ਸੀ, ਪਰ ਥੋੜੇ ਦਿਨਾਂ ਪਿਛੋਂ ਉਸਦਾ ਸੁਭਾਵ ਵੀ ਬਦਲ ਗਿਆ। ਹੁਣ ਇਸਤ੍ਰੀ ਦੇ ਰੂਪ ਜਾਂ ਸ਼ਿੰਗਾਰ ਦੀ ਉਪਮਾ ਨਹੀਂ ਕਰਦਾ ਅਤੇ ਨਾ ਉਸ ਨਾਲ ਹੁਣ ਮਿੱਠੀਆਂ ਮਿੱਠੀਆਂ ਗੱਲਾਂ ਹੀ ਕਰਦਾ ਹੈ ਅਤੇ ਨਾ ਉਸ ਦੇ ਪਾਸ ਟਿਨ੍ਹਾਂ ਕੰਮਾਂ ਲਈ ਸਮਾਂ ਹੈ। ਹੌਲੀ ਹੌਲੀ ਉਸ ਤੀਵੀਂ ਦੇ ਵਿਅ ਹ ਦਾ ਸੁਖ ਦੂਰ ਹੋ ਗਿਆ। ਪ੍ਰੇਮ ਤੇ ਅਨੰਦ ਭਰੇ ਸੁਖਦਾਈ ਪੈਂਡੇ ਦੀ ਥਾਂ ਉਸ ਦੇ ਸਾਹਮਣੇ ਫ਼ਰਜ਼ ਤੇ ਚਿੰਤਾ ਦਾ ਕਰੜਾ ਪੈਂਡਾ ਆ ਪਿਆ।

ਰੋਜ਼ ਉਹ ਕਪੜੇ ਸੀਊਂਦੀ, ਰੋਟੀ ਕਰਦੀ, ਘਰ ਦੀ ਸਫ਼ਾਈ

ਰਖਦੀ, ਅਤੇ ਸਭ ਕੁਝ ਉਸ ਆਦਮੀ ਲਈ ਕਰਦੀ ਹੈ ਪਰ ਉਹ ਇਸ ਸੇਵਾ ਦੇ ਬਦਲੇ ਦੋ ਮਿੱਠੀਆਂ ਗਲਾਂ ਭੀ ਉਸ ਨਾਲ ਨਹੀਂ ਕਰਦਾ, ਸਗੋਂ ਜਦ ਉਸ ਦਾ ਮਿਜ਼ਾਜ਼ ਵਿਗੜਦਾ ਹੈ, ਤਾਂ ਰੁਖੀਆਂ ਗੱਲਾਂ ਕਹਿ ਦਿੰਦਾ ਤੇ ਝਗੜਦਾ ਹੈ। ਜਦ ਉਸ ਦਾ ਮਿਜ਼ਾਜ਼ ਠੰਡਾ ਹੋ ਜਾਂਦਾ ਹੈ, ਤਾਂ ਫੇਖ ਭੁੱਖੇ ਬਘਿਆੜ ਦੀ ਤਰ੍ਹਾਂ ਰੋਟੀਆਂ ਨੂੰ ਹੱਥ ਫੇਰਦਾ, ਖਾ ਪੀਕੇ ਤੇ ਅਖਬਾਰ ਲੈ ਕੇ ਇਕ ਪਾਸੇ ਜਾ ਬੈਠਦਾ ਹੈ। ਇਸਤ੍ਰੀ ਵਿਚਾਰੀ ਮਨ ਮਾਰ ਕੇ ਘਰ ਦੇ ਕੰਮ ਕਾਰ ਵਿਚ ਫਸੀ ਰਹਿੰਦੀ ਹੈ।

ਭਾਗਾਂ ਨਾਲ ਪਤੀ ਵਿਚ ਰੁਪਏ ਕਮਾਉਣ ਦਾ ਗੁਣ ਸੀ, ਉਹ ਵੱਡੀ ਮਿਹਨਤ ਨਾਲ ਪੈਸਾ ਪੈਦਾ ਕਰਦਾ ਸੀ, ਪਰ ਸੰਸਾਰ ਵਿਚ ਸ਼ਾਰੇ ਅਜਿਹੇ ਨਹੀਂ ਹਨ। ਅਜਿਹੇ ਭੀ ਹਨ, ਜਿਨ੍ਹਾਂ ਨੂੰ ਆਪਣੇ ਹੀ ਪੇਟ ਦਾ ਫ਼ਿਕਰ ਹਰ ਵੇਲੇ ਲਗਾ ਰਹਿੰਦਾ ਹੈ। ਇਸ ਕਰ ਕੇ ਉਨ੍ਹਾਂ ਦੀਆਂ ਇਸਤ੍ਰੀਆਂ ਨੂੰ ਭੀ ਕੰਗਾਲਤਾ ਦਾ ਜੀਵਨ ਬਿਤਾਉਣ ਲਈ ਮਜਬੂਰ ਹੋਣਾ ਪੈਂਦਾ ਹੈ। ਪਰ ਇਹ ਇਸਤ੍ਰੀ ਦਾ ਹੀ ਕੰਮ ਹੈ। ਜਿਹੜੀ ਥੋੜੀ ਆਮਦਨੀ ਵਿਚ ਭੀ ਗੁਜ਼ਾਰਾ ਕਰਦੀ ਹੈ। ਆਪਣੇ ਆਪ ਭੁਖੀ ਰਹਿ ਕੇ ਭੀ ਉਹ ਪਤੀ ਤੇ ਬਚਿਆਂ ਨੂੰ ਪਾਲਦੀ ਹੈ।"

ਇਹ ਅਮਰੀਕਾ ਦੀ ਇਕ ਮਾਮੂਲੀ ਇਸਤ੍ਰੀ ਦੀ ਹਾਲਤ ਹੈ। ਪਰ ਇਸ ਤੋਂ ਪਹਿਲਾਂ ਜਿਸ ਇਸਤ੍ਰੀ ਦੀ ਹਾਲਤ ਦਾ ਵਰਨਣ ਹੈ, ਉਹ ਇਸ ਨਾਲੋਂ ਵੀ ਵਧ ਦਰਦਨਾਕ ਹੈ। ਕਿਉਂਕਿ ਪੱਛਮੀ ਇਸਤ੍ਰੀਆਂ ਸਿਰਫ ਪੈਸੇ ਦੀ ਤੰਗੀ ਦੇ ਕਾਰਨ ਸਭ ਕੁਝ ਸਹਿੰਦੀਆਂ ਹਨ, ਪਰ ਹਿੰਦੀ ਇਸਤ੍ਰੀਆਂ ਆਪਣਾ ਫ਼ਰਜ਼ ਸਮਝ ਕੇ ਸਹਿੰਦੀਆਂ ਹਨ।

ਤੁਸੀਂ ਸਾਧਾਰਨ ਇਸਤ੍ਰੀ ਦੀ ਇਸ ਹਾਲਤ ਨੂੰ ਦੇਖੋ ਕਿ ਉਹ ਕਿਤਨੀ ਕੁਰਬਾਨੀ ਕਰ ਰਹੀ ਹੈ। ਉਹ ਕਿਤਨਿਆਂ ਸੁਖਾਂ ਨੂੰ ਛੱਡਦੀ ਹੈ, ਕਿਤਨੇ ਪਦਾਰਥਾਂ ਵਲੋਂ ਉਸ ਨੂੰ ਮੂੰਹ ਮੋੜਨਾ ਪੈਂਦਾ

ਹੈ। ਉਹ ਘਰ ਦੇ ਸਭਨਾਂ ਜੀਆਂ ਨੂੰ ਚੰਗੀ ਤਰ੍ਹਾਂ ਖੁਆ ਪਿਆ ਛੱਡਦੀ ਹੈ, ਪਰ ਉਹ ਆਪ ਕੀ ਖਾਂਦੀ ਹੈ ਇਸ ਦਾ ਕਿਸੇ ਨੂੰ ਕੁਝ ਪਤਾ ਨਹੀਂ ਲਗਦਾ ਅਤੇ ਨਾ ਕੋਈ ਪਤਾ ਕਰਨ ਦੀ ਪ੍ਰਵਾਹ ਹੀ ਕਰਦਾ ਹੈ। ਕਦੇ ਕਦੇ ਉਸ ਨੂੰ ਅੱਧੀ ਭੁਖੀ ਰਹਿਣਾ ਪੈਂਦਾ ਹੈ। ਕਦੇ ਸਾਗ ਭਾਜੀ ਨਹੀਂ ਤਾਂ ਲੂਣ ਨਾਲ ਰੋਟੀ ਖਾਣੀ ਪੈ ਜਾਂਦੀ ਹੈ।

ਜਦ ਉਹ ਥੱਕੀ ਹੋਈ ਹੁੰਦੀ ਹੈ, ਜਾਂ ਅੰਦਰੋ ਅੰਦਰ ਬੁਖ਼ਾਰ ਨਾਲ ਹਡੀਆਂ ਪਈਆਂ ਟੁਟਦੀਆਂ ਹੁੰਦੀਆਂ ਹਨ, ਓਦੋਂ ਕੀ ਉਹ ਘਰ ਦਾ ਸਾਰਾ ਕੰਮ ਬਿਨਾਂ ਹਾਇ ਕੀਤੇ ਦੇ ਪੂਰਾ ਕਰਦੀ ਹੈ। ਰੋਂਦੇ ਹੋਇ ਬਾਲਾਂ ਨੂੰ ਪੁਚਕਾਰ ਕੇ ਸੁਆਉਂਦੀ ਹੈ। ਜਦ ਛੂਤ ਵਾਲੀਆਂ ਬੀਮਾਰੀਆਂ ਹੋ ਜਾਂਦੀਆਂ ਹਨ ਓਦੋਂ ਭੀ ਉਹ ਬਿਨਾਂ ਡਰ ਦੇ ਸਭ ਤਰ੍ਹਾਂ ਦੀ ਸੇਵਾ ਕਰਦੀ ਹੈ। ਇਕ ਪਾਸੇ ਤਾਂ ਕਿਸੇ ਬੱਚੀ ਬਚੇ ਦੀ ਬੀਮਾਰੀ, ਜਾਂ ਪਤੀ ਦੀ ਮੌਤ ਤਕ ਹੋ ਜਾਣ ਕਰ ਕੇ ਉਸਦਾ ਦਿਲ ਕਰਦਾ ਹੈ ਕਿ ਇਕਲਵੰਜੇ ਬੈਠਕੇ ਖੂਬ ਰੋਵਾਂ, ਪਰ ਦੂਜੇ ਪਾਸੇ ਰੋਂਦੇ ਬਚੇ ਨੂੰ ਪੁਚਕਾਰਦੀ, ਆਪਣੇ ਕਲੇਜੇ ਉਤੇ ਪੱਥਰ ਰਖਕੇ ਆਪ ਹਸਦੀ ਤੇ ਉਸ ਨੂੰ ਹਸਾਉਂਦੀ ਹੈ। ਭਾਵੇਂ ਉਹ ਵੱਡਾ ਹੋਕੇ ਉਸ ਦਾ ਵੈਰੀ ਹੀ ਬਣ ਜਾਵੇ ਪਰ ਉਹ ਆਪਣੇ ਸਨੇਹ ਵਿਚ ਉਨ੍ਹਾਂ ਅਗੇ ਆਉਣ ਵਾਲੀਆਂ ਔਕੜਾਂ ਦਾ ਵਿਚਾਰ ਕੀਤੇ ਬਿਨਾਂ ਆਪਣੇ ਫ਼ਰਜ਼ ਨੂੰ ਪੂਰਾ ਕਰ ਰਹੀ ਹੈ। ਭਲਾ ਇਸ ਚੁਪ ਦੀ ਕੁਰਬਾਨੀ ਤੇ ਤਿਆਗ ਦੇ ਸਾਹਮਣੇ ਕਿਸੇ ਬਹਾਦਰ ਦੀ ਬਹਾਦਰੀ ਕਦ ਠਹਿਰ ਸਕਦੀ ਹੈ? ਇਸ ਸਾਰੀ ਉਮਰ ਦੀ ਤਪੱਸਿਆ ਦੇ ਸਾਹਮਣੇ ਕਿਸ ਵੈਰਾਗੀ, ਤਿਆਗੀ ਮਨੁੱਖ ਦਾ ਤਿਆਗ ਬਰਾਬਰ ਸਾਹਮਣੇ ਖੜੋ ਸਕਦਾ ਹੈ ?

ਆਪਣੇ ਸਾਹਮਣੇ ਜੱਸ ਤੇ ਧਨ ਲਈ ਲਲਚਾਉਣ

ਵਾਲੀਆਂ ਇਸਤ੍ਰੀਆਂ ਦੀ ਥਾਂ ਇਕ ਮਾਮੂਲੀ ਇਸਤ੍ਰੀ ਦੀ ਹਾਲਤ ਆਪਣੇ ਸਾਹਮਣੇ ਰਖੋ। ਦੇਸ ਜਾਂ ਕੌਮ ਵਿਚ ਅਜਿਹੀ ਇਸਤ੍ਰੀ ਨੂੰ ਕੋਈ ਨਹੀਂ ਸਿਆਣਦਾ। ਕਿਸੇ ਇਕ ਦਾ ਭੀ ਹਥ ਉਸ ਦੇ ਸਤਿਕਾਰ ਲਈ ਨਹੀਂ ਉਠੇਗਾ ਅਤੇ ਨਾ ਤੁਹਾਡੀ ਇਸ ਚੋਣ ਦੀ ਕੋਈ ਉਪਮਾ ਕਰੇਗਾ। ਇਤਨੇ ਪਰ ਭੀ ਉਹ ਉਨ੍ਹਾਂ ਲੋਕਾਂ ਨਾਲੋਂ ਬਹੁਤ ਵੱਡੀ ਹੈ, ਜਿਨ੍ਹਾਂ ਦੀਆਂ ਗਲਾਂ ਸੁਣਕੇ ਹਜ਼ਾਰਾਂ ਤੌੜੀਆਂ ਇਕੱਠੀਆਂ ਵਜ ਪੈਂਦੀਆਂ ਹਨ, ਜਾਂ ਜਿਨ੍ਹਾਂ ਦੇ ਬੈਠਣ ਲ[illegible] ਸਭਨਾਂ ਤੋਂ ਅਗੇ ਕੁਰਸੀਆਂ ਸਜਾ ਕੇ ਰਖੀਆਂ ਜਾਂਦੀਆਂ ਹਨ। ਅੰਜਿਹੀ ਇਸਤ੍ਰੀ ਕੇਵਲ ਅਖਾਂ ਨਾਲ ਵੇਖਣ ਵਾਲੀ ਚੀਜ਼ ਨਹੀਂ, ਤੇ ਨਾ ਹੀ ਕੰਨਾਂ ਨਾਲ ਸੁਣੀਨ ਵਾਲੀ ਕੋਈ ਕਹਾਣੀ ਤੇ ਨਾ ਹੀ ਸਿਰ ਝੁਕਾਣ ਲਾਇਕ ਮੂਰਤੀ। ਉਹ ਤਾਂ ਦਿਲ ਵਿਚ ਰੱਖਣ ਤੇ ਦਿਲ ਵਿਚ ਹੀ ਅਨੁਭਵ ਕਰਨ ਵਾਲੀ ਚੀਜ਼ ਹੈ।

## ਸੰਸਾਰ ਦੀ ਸੰਮਤੀ

ਸੰਸਾਰ ਵਿਚ ਅਜੇਹੀਆਂ ਤਕਲੀਫ਼ਾਂ ਆਉਣਗੀਆਂ ਕਿ ਜਿਨ੍ਹਾਂ ਦਾ ਤੁਹਾਨੂੰ ਖ਼ਿਆਲ ਭੀ ਨਹੀਂ ਹੋਵੇਗਾ। ਜਦ ਤੁਸੀਂ ਬਿਲਕੁਲ ਪਵਿਤ੍ਰ ਤੇ ਬੇਕਸੂਰ ਹੋਵੋਗੀਆਂ ਤਦ ਭੀ ਲੋਕ ਤੁਹਾਡਾ ਨਾਮ ਬਦਨਾਮ ਕਰਨਗੇ। ਲੋਕਾਂ ਦੀ ਨਿੰਦਿਆ ਨਾਲੋਂ ਵਧ ਸੱਟ ਮਾਰਨ ਵਾਲੀ ਹੋਰ ਕੋਈ ਚੀਜ਼ ਨਹੀਂ। ਖ਼ਾਸ ਕਰ ਕੇ ਜਦ ਕੋਈ ਆਦਮੀ ਬੇਕਸੂਰ ਹੋਵੇ, ਉਸ ਦੀ ਨਿੰਦਿਆ ਕੀਤੀ ਜਾਵੇ, ਤਾਂ ਉਸ ਦੀ ਸ਼ਰਧਾ ਮਨੁਖਾਂ ਉਪਰੋਂ ਹਟ ਜਾਂਦੀ ਹੈ, ਪਰ ਤੁਸੀਂ ਨਿੰਦਿਆ ਤੋਂ ਡਰ ਕੇ ਕੋਈ ਭੈੜਾ ਕੰਮ ਨਾ ਕਰੋ। ਪਵਿਤ੍ਰ ਤੇ ਬੇ-

ਕਸੂਰ ਰਹੋ। ਦੁਨੀਆਂ ਬਹੁਤ ਗਿਰ ਗਈ ਹੈ, ਉਹ ਮਾਮੂਲੀ ਸੁਧਾਰ ਨੂੰ, ਇਕ ਤੀਵੀਂ ਮਰਦ ਦੀ ਗੂੜ੍ਹੀ ਪ੍ਰੀਤੀ ਪ੍ਰੇਮ ਨੂੰ ਆਪਣੀ ਹੀ ਤਕੜੀ ਨਾਲ ਤੋਲਦੀ ਹੈ ਤੇ ਉਸਦੇ ਅਜੇਹੇ ਤੋਲ ਜੋਖ ਨੂੰ ਸਹਾਰ ਲੈਣਾ ਵਡਾ ਔਖਾ ਕੰਮ ਹੈ।

ਇਸ ਲਈ ਤੁਸੀਂ ਆਪਣੇ ਆਪ ਨੂੰ ਇਤਨਾ ਉੱਚਾ ਉਠਾਵੋ ਕਿ ਨਾ ਤਾਂ ਕਿਸੇ ਦੀ ਨਿੰਦਿਆ ਤੁਹਾਨੂੰ ਸੱਚੇ ਰਾਹ ਤੋਂ ਹਟਾ ਸਕੇ ਤੇ ਨਾ ਤੁਹਾਨੂੰ ਵਡਿਆਈ ਦੀ ਖਾਹਸ਼ ਕਿਸੇ ਝੂਠੇ ਰਸਤੇ ਉਪਰ ਲਿਆ ਸਕੇ। ਇਹ ਤੁਹਾਡੀ ਵਡਿਆਈ ਹੈ ਤੇ ਇਹੋ ਆਦਰਸ਼। ਸਭਨਾਂ ਨੂੰ ਖੁਸ਼ ਰਖਣਾ ਅਸੰਭਵ ਹੈ। ਇਸ ਲਈ ਕੋਈ ਕੰਮ ਲੋਕਾਂ ਦੀ ਖ਼ੁਸ਼ੀ ਜਾਂ ਨਾਰਾਜ਼ਗੀ ਪਿਛੇ ਨਾ ਕਰੋ ਸਗੋਂ ਇਹ ਸੋਚ ਕੇ ਕਰੋ ਕਿ ਉਹ ਚੰਗਾ ਕੰਮ ਹੈ।

# ਸਰੀਰ

# ਅਰੋਗ ਰਖਣ

# ਤੇ

# ਰੋਗਾਂ ਤੋ ਛੁਟਕਾਰਾ

## ਪਾਣ ਲਈ

ਖਾਸ ਕਰ

ਦਿਮਾਗ਼ੀ ਕੰਮ ਕਰਨ ਵਾਲਿਆਂ ਵਾਸਤੇ

ਅਤੀ ਲਾਭਦਾਇਕ ਤੇ ਅਦੁਤੀ ਸੁਗਾਤ

# ਕਸਤੂਰੀ ਆਦਿ ਬਟੀ

ਦਿਲ, ਦਿਮਾਗ਼, ਜਿਗਰ ਤੇ ਪੱਠਿਆਂ ਦੀ ਕਮਜ਼ੋਰੀ ਆਦਿ ਹਟਾਉਣ, ਯਾਦਸ਼ਕਤੀ ਤੇ ਸੁੰਦਰਤਾ ਵਧਾਉਣ ਤੇ ਤਾਕਤ ਕਰਨ ਵਾਸਤੇ ਪ੍ਰੀਖਯਕ ਹਨ।

ਕੀਮਤ ਸੌ ਗੋਲੀ ਚਾਰ ਆਨੇ

ਇਹ ਤੇ ਹੋਰ ਸਿਧ ਸੁਦੇਸ਼ੀ ਦਵਾਵਾਂ ਮੰਗਾਣ ਦਾ ਪਤਾ—

**ਭਾਈ ਮੋਹਨ ਸਿੰਘ ਵੈਦ ਐਂਡ ਸਨਜ਼**

ਤਰਨਤਾਤਨ (ਪੰਜਾਬ)

## ਜੀਵਨ ਭਾਈ ਸਾਹਿਬ

# ਭਾਈ ਮੋਹਨ ਸਿਘ ਜੀ ਵੈਦ

ਦ ਜੀ ਉਹਨਾਂ ਮਹਾਨ ਉੱਤਮ ਵਯਕਤੀਆਂ ਵਿਚੋਂ ਸਨ ਜਿਨ੍ਹਾਂ
ਦਾ ਜੀਵਨ ਅੰਧੇਰੇ ਸੰਸਾਰ ਸਾਗਰ ਵਿਚ ਪ੍ਰਕਾਸ਼-ਘਰ ਦਾ
ਕੰਮ ਿੰਦਾਹੈ ਜਿਸ ਲਈ–ਇਸ ਵਿਚ ਵੈਦ ਜੀ ਦੇ ਅਤੀ
ਸਿਖਯਾਦਾਇਕ, ਧਾਰਮਕ, ਪੰਥਕ, ਕੌਮੀ ਤੇ ਭਾਈ-
ਚਾਰਕ ਜੀਵਨ ਤੇ ਨਿਰਪਖ ਵਿਚਾਰਾਂ ਦੇ ਨਾਲ
ਹੀ ਪਿਛਲੇ ੬੦ ਸਾਲਾਂ ਦੇ ਪੰਜਾਬ ਤੇ ਸਿਖ
ਇਤਿਹਾਸ ਤੇ ਭੀ ਸੋਹਣੀ ਰੌਸ਼ਨੀ ਪਾਈ
ਗਈ ਹੈ। ਨਾਮਧਾਰੀ, ਸਿੰਘ ਸਭਾ
ਤੇ ਅਕਾਲੀ ਲਹਿਰ, ਕੌਮਾ
ਗਾਟਾ ਮਾਰੂ ਜਹਾਜ਼ ਤੇ
ਮਾਰਸ਼ਲ ਲਾ ਦੇ ਹਾਲ
ਤਾਂ ਨਵੀਨ ਢੰਗ
ਤੇ ਅਤਯੰਤ
ਖੋਜ ਦਾ
ਸਿੱਟਾ
ਹਨ।

ਤ ਜੀ ਦੇ ਨਿਰਪਖ ਵਿਚਾਰ ਅਤੀ ਸਿਖਯਾਦਾਇਕ, ਸਵਾਦਲੇ
ਤੇ ਖਾਸ ਪੜ੍ਹਨ ਯੋਗ ਹਨ।

ਟਾਈਪ ਬਰੀਕ, ਸਫੇ ੯੬੬ ਕੀਮਤ ੫)

**ਲਾਹੌਰ ਬੁਕ ਸ਼ਾਪ – ਨਿਸਬਤ ਰੋਡ – ਲਾਹੌਰ**

ਵਿਦਵਾਨ ਸਜਣਾਂ ਦੀ ਰਾਇ

# ਸਹੁਰਾ ਘਰ

ਇਸਤ੍ਰੀਆਂ ਘਰਾਂ ਵਿਚ ਪੜ੍ਹਨ ਤਾਂ ਬੜੀ ਉਪਕਾਰੀ ਹੈ।
(ਭਾਈ ਸਾਹਿਬ ਭਾਈ ਵੀਰ ਸਿੰਘ ਜੀ)

ਵਿਆਹਿਤ ਜੀਵਨ ਨੂੰ ਸੁਖੀ ਤੇ ਖ਼ੁਸ਼ਹਾਲ ਬਨਾਉਣ ਲਏ, ਬੜੀ ਜ਼ਰੂਰੀ ਹੈ। (ਸਰ ਜੋਗਿੰਦਰਾ ਸਿੰਘ ਜ਼ੀ.

ਜੀਵਨ ਯਾਤ੍ਰਾ ਦੇ ਸੁਖ ਨਾਲ ਬਿਤਾਉਣ ਦੀ ਅਦਭੁਤ ਕੁੰਜੀ ਹੈ। (ਸ. ਬ. ਕਾਨ੍ਹ ਸਿੰਘ ਜੀ ਨਾਭਾ)

ਇਸਤ੍ਰੀਆਂ ਤੇ ਜਵਾਨ ਪੁਤ੍ਰੀਆਂ ਲਈ ਵੱਡੀ ਲਾਭਦਾਇਕ ਸਾਬਤ ਹੋਵੇਗੀ। (ਪ੍ਰੋ: ਗੁਰਮੁਖ ਨਿਹਾਲ ਸਿੰਘ ਜੀ)

ਨੌਜਵਾਨ ਪੜ੍ਹਾਕੂਆਂ ਲਈ ਇਸਦਾ ਪੜ੍ਹਨਾ ਜ਼ਰੂਰੀ ਹੈ।
(ਸ: ਮੁਨਸ਼ਾ ਸਿੰਘ ਜੀ ਦੁਖੀ)

ਪੰਜਾਬੀ ਸਾਹਿਤ ਵਿਚ ਆਪਣੀ ਕਿਸਮ ਦੀ ਪਹਿਲੀ ਤੇ ਮਰਦਾਂ ਲਈ ਇਸਤ੍ਰੀਆਂ ਨਾਲੋਂ ਵੀ ਵਧ ਜ਼ਰੂਰੀ ਹੈ।
(ਡਾ: ਦੀਵਾਨ ਸਿੰਘ ਜੀ ਪੋ: ਬ)

ਏਹੋ ਜੇਹੀ ਮੁਕੰਮਲ ਤੇ ਹਰ ਪਹਿਲੂ ਤੋਂ ਲਾਭਦਾਇਕ ਚੀਜ਼ ਹੁਣ ਤੀਕ ਪੰਜਾਬੀ ਵਿਚ ਪ੍ਰਕਾਸ਼ਤ ਨਹੀਂ ਹੋਈ ਸੀ।
(ਸ੍ਰ: ਸ. ਸ. ਚਰਨ ਸਿੰਘ ਜੀ

ਇਸ ਵਿਚ ਇਸਤ੍ਰੀ ਜੀਵਨ ਦੀਆਂ ਕੋਮਲਤਾਈਆਂ ਨੂੰ ਖੋਲ੍ਹਕੇ ਦਸਣ ਦਾ ਪੂਰਾ ਪੂਰਾ ਯਤਨ ਕੀਤਾ ਹੈ।
(ਪ੍ਰੋ: ਗੰਗਾ ਸਿੰਘ ਜੀ)

ਸਾਹਿਤਕ ਤੌਰ ਪੁਰ ਭੀ ਇਹ ਪੁਸਤਕ ਪੜ੍ਹਨ ਯੋਗ ਹੈ।
(ਅਕਾਲੀ ਪਤ੍ਰਕਾ)

## ਐਫ. ਏ. ਕੰਪਲਸਰੀ ਲਈ

# ਲਾਭਦਾਇਕ ਪੁਸਤਕਾਂ

੧—ਦਸ ਵਾਰਾਂ ਭਾਈ ਗੁਰਦਾਸ ਜੀ ਸਟੀਕ

ਗਿਆਨੀ ਨਰੈਣ ਸਿੰਘ ੨॥)

੨—ਸ਼ਲੋਕ ਫ਼ਰੀਦ ਨਿਹਾਲ ਸਿੰਘ ਰਸ ।॥)

## ਛਪ ਰਹੀ ਪੁਸਤਕ

ਐਫ. ਏ. (ਪੰਜਾਬੀ) ਪਾਸ ਕਰਨ ਲਈ ਕੰਪਲਸਰੀ ਵਿਦਿਆਰਥੀਆਂ ਲਈ ਏਹ ਪੁਸਤਕ ਬਹੁਤ ਹੀ ਲਾਭਦਾਇਕ ਹੈ

## ਲਾਹੌਰ ਬੁਕ ਸ਼ਾਪ

ਨਿਸਬਤ ਰੋਡ] ਲਾਹੌਰ [ਮੋਹਨ ਲਾਲ ਰੋਡ

ਅਤੇ

ਸ਼ਹੀਦ ਮਾਰਕੀਟ ਅੰਮ੍ਰਿਤਸਰ